# 11ਵੀਂ ਪੰਜ ਸਾਲਾ ਯੋਜਨਾ (2007-08 ਤੋਂ 2011-12 ਤਕ) ਲਈ ਮਾਰਕਿਟਿੰਗ ਤੇ ਨਿਰਯਾਤ ਪ੍ਰਸਾਰ ਯੋਜਨਾ

## 1.0 ਪ੍ਰਸਤਾਵਨਾ

ਵਸਤੂ ਵਿਕਾਸ ਤੇ ਵਪਾਰ ਨੂੰ ਭਾਰਤ ਵਿਚ ਹੱਥਖੱਡੀ ਖੇਤਰ ਦੀ ਖ਼ੁਸ਼ਹਾਲੀ ਤੇ ਵਿਕਾਸ ਦੇ ਕੇਂਦਰ ਦੇ ਰੂਪ ਵਿਚ ਸਵੀਕਾਰ ਕੀਤਾ ਗਿਆ ਹੈ। ਉਤਪਾਦਕ ਅਤੇ ਉਪਭੋਗਤਾ ਦੇ ਵਿਚਕਾਰ ਸੰਪਰਕ ਸਥਾਪਤ ਕਰਨ ਲਈ ਘਰੇਲੂ ਵਪਾਰ ਮਹੱਤਵਪੂਰਨ ਹੈ। ਇਸ ਸਬੰਧ ਵਿਚ ਵਿਕਾਸ ਕਮਿਸ਼ਨਰ, ਹੱਥਖੱਡੀ ਦੇ ਦਫ਼ਤਰ ਵਲੋਂ 11ਵੀਂ ਪੰਜ ਸਾਲਾ ਯੋਜਨਾ ਵਿਚ ਇਕ ਯੋਜਨਾ ਭਾਵ ਵਪਾਰ ਵਿਕਾਸ ਪ੍ਰੋਗਰਾਮ ਦਾ ਪਰਿਪਾਲਨ ਕੀਤਾ ਜਾ ਰਿਹਾ ਹੈ। ਵਪਾਰ ਵਿਕਾਸ ਪ੍ਰੋਗਰਾਮ ਵਿਚ ਪ੍ਰਦਰਸ਼ਨੀਆਂ, ਮੇਲਿਆਂ ਤੇ ਸ਼ਿਲਪ ਮੇਲਿਆਂ ਦੇ ਆਯੋਜਨ, ਵਪਾਰ ਕੰਪਲੈਕਸਾਂ ਅਤੇ ਸ਼ਹਿਰੀ ਹਾਟਾਂ ਦੀ ਸਥਾਪਨਾ, ਪ੍ਰਚਾਰ ਅਤੇ ਜਾਗਰੂਕਤਾ ਅਤੇ ਬ੍ਰਾਂਡ ਵਿਕਾਸ ਲਈ ਸੰਘਟਕ ਸ਼ਾਮਲ ਹਨ, ਤਾਂਕਿ ਦੇਸ਼ ਵਿਚ ਹੱਥਖੱਡੀ ਦੀ ਵਪਾਰ ਦਾ ਪ੍ਰਸਾਰ ਕੀਤਾ ਜਾ ਸਕੇ ਅਤੇ ਹੱਥਖੱਡੀ ਖੇਤਰ ਦੇ ਸੰਪੂਰਨ ਵਿਕਾਸ ਲਈ ਹੱਥਖੱਡੀ ਬੁਣਕਰਾਂ ਅਤੇ ਆਮ ਲੋਕਾਂ ਦੇ ਵਿਚਕਾਰ ਜਾਗਰੂਕਤਾ ਦੇ ਪੱਧਰ ਤੇ ਸੁਧਾਰ ਲਿਆਂਦਾ ਜਾ ਸਕੇ। ਘਰੇਲੂ ਅਤੇ ਅੰਤਰਰਾਸ਼ਟਰੀ ਬਾਜ਼ਾਰਾਂ ਵਿਚ ਵਿਕਰੀ ਵਧਾਉਣ ਦੀ ਕਿਸੇ ਲੰਮੇ ਸਮੇਂ ਦੀ ਯੋਜਨਾ ਦੇ ਇਕ ਜ਼ਰੂਰੀ ਘਟਕ ਦੇ ਰੂਪ ਵਿਚ ਬ੍ਰਾਂਡ ਨਿਰਮਾਣ ਦੇ ਮੌਜੂਦਾ ਮਹੱਤਵ ਨੂੰ ਵੇਖਦੇ ਹੋਏ ਇਸ ਯੋਜਨਾ ਦਾ ਉਦੇਸ਼ ਹੱਥਖੱਡੀ ਚਿੰਨ੍ਹ ਦੇ ਜ਼ਰੀਏ ਭਾਰਤੀ ਹੱਥਖੱਡੀ ਦੇ ਬ੍ਰਾਂਡ ਦਾ ਪ੍ਰਸਾਰ ਕਰਨਾ ਵੀ ਹੈ।

ਇਸ ਤਰ੍ਹਾਂ, ਹੱਥਖੱਡੀ ਉਤਪਾਦਾਂ ਦੇ ਨਿਰਯਾਤ ਪ੍ਰਸਾਰ ਲਈ ਵਿਕਾਸ ਕਮਿਸ਼ਨਰ, ਹੱਥਖੱਡੀ ਦੇ ਦਫ਼ਤਰ ਵਲੋਂ 11ਵੀਂ ਯੋਜਨਾ ਕਾਲ ਦੇ ਦੌਰਾਨ ਹੱਥਖੱਡੀ ਨਿਰਯਾਤ ਯੋਜਨਾ ਦਾ ਪਰਿਪਾਲਨ ਕੀਤਾ ਗਿਆ ਸੀ। ਹੱਥਖੱਡੀ ਨਿਰਯਾਤ ਯੋਜਨਾ ਦਾ ਉਦੇਸ਼ ਨਿਰਯਾਤ ਯੋਗ ਹੱਥਖੱਡੀ ਉਤਪਾਦਾਂ ਦੇ ਨਿਰਮਾਣ, ਵਿਕਾਸ ਅਤੇ ਵਪਾਰ ਲਈ ਹੱਥਖੱਡੀ ਏਜੰਸੀਆਂ ਨੂੰ ਸਹਾਇਤਾ ਪ੍ਰਦਾਨ ਕਰਨਾ ਸੀ। ਇਸ ਯੋਜਨਾ ਵਿਚ ਨਿਰਯਾਤ ਯੋਗ ਉਤਪਾਦਾਂ ਦਾ ਵਿਕਾਸ, ਉਤਪਾਦ ਪ੍ਰਚਾਰ, ਅੰਤਰਰਾਸ਼ਟਰੀ ਪ੍ਰਦਰਸ਼ਨੀਆਂ ਅਤੇ ਗਾਹਕ-ਵਪਾਰੀ ਦੀਆਂ ਬੈਠਕਾਂ ਵਿਚ ਭਾਗੀਦਾਰੀ ਦੇ ਰੂਪ ਵਿਚ ਉਨ੍ਹਾਂ ਦੀ ਅੰਤਰਰਾਸ਼ਟਰੀ ਵਪਾਰ ਸ਼ਾਮਲ ਸੀ।

ਘਰੇਲੂ ਅਤੇ ਨਿਰਯਾਤ ਬਾਜ਼ਾਰਾਂ ਵਿਚ ਵਪਾਰ ਮਾਧਿਅਮਾਂ ਦੇ ਵਿਕਾਸ ਅਤੇ ਪ੍ਰਸਾਰ ਤੇ ਵਿਆਪਕ ਅਤੇ ਸੰਯੁਕਤ ਰੂਪ ਨਾਲ ਦੋਹਾਂ ਦੇ ਵਿਚਕਾਰ ਸੰਪਰਕ ਵਧਾਉਣ ਦੀ ਦ੍ਰਿਸ਼ਟੀ ਤੋਂ "ਵਪਾਰ ਅਤੇ ਨਿਰਯਾਤ ਵਿਕਾਸ ਯੋਜਨਾ" ਦੇ ਬੈਨਰ ਹੇਠ 11ਵੀਂ ਯੋਜਨਾ ਵਿਚ ਕੁਝ ਕੁ ਸੋਧਾਂ ਅਤੇ ਨਵੇਂ ਹਿੱਸਿਆਂ ਨੂੰ ਜੋੜ ਕੇ 10ਵੀਂ ਯੋਜਨਾ ਦੇ ਵਪਾਰ ਵਿਕਾਸ ਪ੍ਰੋਗਰਾਮ ਅਤੇ ਹੱਥਖੱਡੀ ਨਿਰਯਾਤ ਯੋਜਨਾ ਨੂੰ ਮਿਲਾਉਣ ਦਾ ਨਿਰਣਾ ਲਿਆ ਗਿਆ ਸੀ। 11ਵੀਂ ਯੋਜਨਾ ਵਿਚ ਵਪਾਰ ਅਤੇ ਨਿਰਯਾਤ ਵਿਕਾਸ ਯੋਜਨਾ ਨੂੰ ਹੇਠ ਲਿਖੇ ਦੋ ਹਿੱਸਿਆਂ ਦੇ ਨਾਲ ਕੇਂਦਰ ਵਲੋਂ ਪੇਸ਼ ਕਰਕੇ ਇਕ ਪਲਾਨ ਯੋਜਨਾ ਦੇ ਰੂਪ ਵਿਚ ਲਾਗੂ ਕੀਤਾ ਗਿਆ ਹੈ :

1. **ਵਪਾਰ ਵਿਕਾਸ**
2. **ਹੱਥਖੱਡੀ ਨਿਰਯਾਤ ਵਿਕਾਸ**

## 2.0 ਵਪਾਰ ਵਿਕਾਸ ਦੇ ਉਦੇਸ਼ :

i. ਰਾਸ਼ਟਰੀ ਪੱਧਰ, ਖੇਤਰੀ ਪੱਧਰ, ਰਾਜ ਪੱਧਰ ਤੇ ਜ਼ਿਲ੍ਹਾ ਪੱਧਰ ਤੇ ਪ੍ਰਦਰਸ਼ਨੀਆਂ ਆਯੋਜਿਤ ਕਰਕੇ ਹੱਥਖੱਡੀ ਉਤਪਾਦਾਂ ਦੀ ਵਿਕਰੀ ਵਿਚ ਸਹਾਇਤਾ ਕਰਨਾ ;
ii. ਦੇਸ਼ ਦੇ ਵਿਭਿੰਨ ਹਿੱਸਿਆਂ ਵਿਚ ਇਕੋ ਥਾਂ ਤੇ ਵਾਸਤਵਿਕ ਹੱਥਖੱਡੀ ਉਤਪਾਦਾਂ ਦੀ ਖ਼ਰੀਦ ਕਰਨ ਵਿਚ ਉਪਭੋਗਤਾਵਾਂ ਨੂੰ ਸਹੂਲਤ ਪ੍ਰਦਾਨ ਕਰਨਾ ;
iii. ਨਵੇਂ ਡਿਜ਼ਾਇਨਾਂ ਅਤੇ ਹੱਥਖੱਡੀ ਖੇਤਰ ਵਿਚ ਉਤਪਾਦਿਤ ਕੱਪੜਿਆਂ ਦੀਆਂ ਕਿਸਮਾਂ ਦੇ ਬਾਰੇ ਉਪਭੋਗਤਾਵਾਂ ਦੇ ਵਿਚਕਾਰ ਜਾਗਰੂਕਤਾ ਦੇ ਵਿਕਾਸ ਲਈ ਇਕ ਕੇਂਦਰ ਦੇ ਰੂਪ ਵਿਚ ਕੰਮ ਕਰਨਾ ;

iv. ਉਪਭੋਗਤਾਵਾਂ ਨੂੰ ਇਕੋ ਥਾਂ ਤੇ ਗੁਣਵੱਤਾ ਵਾਲੇ ਹੱਥਖੱਡੀ ਉਤਪਾਦ ਉਪਲਬਧ ਕਰਾਉਣ ਲਈ ਸਥਾਈ ਆਊਟਲੈਟ ਬਣਾਉਣ ਦੀ ਦ੍ਰਿਸ਼ਟੀ ਨਾਲ ਪ੍ਰਮੁੱਖ ਸ਼ਹਿਰਾ ਅਤੇ ਕਸਬਿਆਂ ਵਿਚ ਹੱਥਖੱਡੀ ਏਜੰਸੀਆਂ ਨੂੰ ਵਪਾਰਕ ਢਾਂਚਾ ਸਹਾਇਤਾ ਪ੍ਰਦਾਨ ਕਰਨਾ ;

v. ਹੱਥਖੱਡੀ ਦੀ ਮਾਰਕਿਟਿੰਗ ਨੂੰ ਵਧਾਉਣ ਦੀ ਦ੍ਰਿਸ਼ਟੀ ਤੋਂ ਵਿਭਿੰਨ ਰਾਜਾਂ ਦੇ ਹੱਥਖੱਡੀ ਉਤਪਾਦਾਂ ਨੂੰ ਇਕੋ ਥਾਂ ਤੇ ਉਪਲਬਧ ਕਰਵਾ ਕੇ ਇਕੋ ਛੱਤ ਹੇਠ ਸਾਂਝਾ ਵਸਤੂ ਵਪਾਰ ਦੀ ਵਿਵਸਥਾ ਕਰਨੀ ;

vi. ਡਿਜ਼ਾਇਨਾਂ ਅਤੇ ਤਕਨੀਕਾਂ ਵਿਚ ਨਵੀਨਤਾ ਨੂੰ ਪ੍ਰੋਤਸਾਹਿਤ ਕਰਨਾ ਅਤੇ ਹੱਥਖੱਡੀ ਬੁਣਕਰਾਂ ਦੇ ਵਿਚਕਾਰ ਪਰੰਪਾਰਗਤ ਕੁਸ਼ਲਤਾ ਤੇ ਡਿਜ਼ਾਇਨਾਂ ਦੀ ਸੰਭਾਲ ਅਤੇ ਵਿਕਾਸ ਕਰਨਾ ;

vii. ਹੱਥਖੱਡੀ ਬੁਣਕਰਾਂ ਅਤੇ ਏਜੰਸੀਆਂ ਦੇ ਉਪਯੋਗ ਲਈ ਵਪਾਰਕ ਢਾਂਚਾ ਬਣਾਉਣ ਵਿਚ ਸਹਾਇਤਾ ਕਰਨਾ ;

viii. ਬ੍ਰਾਂਡ ਪਛਾਣ ਦੀ ਜਾਗਰੂਕਤਾ ਪੈਦਾ ਕਰਨਾ ਅਤੇ ਵਿਆਪਕ ਰਾਸ਼ਟਰੀ ਮਹੱਤਵ ਦੇ ਅਤੇ ਅੰਤਰਰਾਸ਼ਟਰੀ ਬਾਜ਼ਾਰ ਲਈ ਹੱਥਖੱਡੀ ਦੇ ਇਕ ਬ੍ਰਾਂਡ ਦੇ ਵਿਕਾਸ ਦਾ ਪ੍ਰਸਾਰ ਕਰਨਾ ; ਅਤੇ

xi. ਹੱਥਖੱਡੀ ਖੇਤਰ ਦੀ ਗੁਣਵਤਾ ਅਤੇ ਉਤਪਾਦਕਤਾ ਨੂੰ ਸੁਧਾਰਨ ਲਈ ਬੁਣਕਰਾਂ ਵਿਚ ਤਕਨੀਕੀ ਵਿਕਾਸ ਅਤੇ ਪ੍ਰਗਤੀ ਦੀ ਜਾਗਰੂਕਤਾ ਦਾ ਵਿਕਾਸ ਕਰਨਾ।

## 3.0 ਵਪਾਰ ਵਿਕਾਸ ਦੇ ਤਹਿਤ ਉਪ-ਭਾਗ

ਵਪਾਰ ਵਿਕਾਸ ਵਿਚ ਹੱਥਖੱਡੀ ਵਿਕਾਸ ਅਤੇ ਵਪਾਰ ਲਈ ਵਿਆਪਕ ਕ੍ਰਿਆਕਲਾਪਾਂ ਦੀ ਪਰਿਕਲਪਨਾ ਕੀਤੀ ਗਈ ਹੈ। ਪਰਿਪਾਲਨ ਅਤੇ ਨਿਗਰਾਨੀ ਵਿਚ ਅਸਾਨੀ ਲਈ ਇਹ ਕਾਰਜ ਹੇਠ ਲਿਖੇ ਹਿੱਸਿਆਂ ਦੇ ਜ਼ਰੀਏ ਕੀਤੇ ਜਾ ਰਹੇ ਹਨ :

* ਪ੍ਰਦਰਸ਼ਨੀਆਂ, ਆਯੋਜਨਾਂ ਅਤੇ ਸ਼ਿਲਪ ਮੇਲਿਆਂ ਦਾ ਆਯੋਜਨ
* ਸ਼ਹਿਰੀ ਹਾਟਾਂ ਦੀ ਸਥਾਪਨਾ
* ਵਪਾਰਕ ਕੰਪਲੈਕਸਾਂ ਦੀ ਸਥਾਪਨਾ
* ਪ੍ਰਚਾਰ ਅਤੇ ਜਾਗਰੂਕਤਾ
* ਭੂਗੋਲਿਕ ਸੰਕੇਤ ਕਾਨੂੰਨ
* ਹੱਥਖੱਡੀ ਵਪਾਰਕ ਕੰਪਲੈਕਸ, ਜਨਪਥ, ਨਵੀਂ ਦਿੱਲੀ
* ਹੱਥਖੱਡੀ ਮਾਅਰਕੇ

ਉਪਰੋਕਤ ਹਿੱਸਿਆਂ ਦੇ ਤਹਿਤ ਮੁੱਖ-ਮੁੱਖ ਕਾਰਜਾਂ, ਉਪਰੋਕਤ ਹਿੱਸਿਆਂ ਵਿਚੋਂ ਹਰੇਕ ਹਿੱਸੇ ਦੇ ਸੰਬੰਧ ਵਿਚ ਕਾਰਜਕਾਰੀ ਏਜੰਸੀਆਂ ਅਤੇ ਦੱਸੀਆਂ ਗਈਆਂ ਕਾਰਜਕਾਰੀ ਏਜੰਸੀਆਂ ਨੂੰ ਆਰਥਿਕ ਸਹਾਇਤਾ ਪ੍ਰਦਾਨ ਕਰਨ ਲਈ ਆਰਥਿਕ ਪੋਸ਼ਣ ਦੀ ਪ੍ਰਣਾਲੀ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ :

## 3.1 ਪ੍ਰਦਰਸ਼ਨੀਆਂ, ਆਯੋਜਨਾਂ ਅਤੇ ਸ਼ਿਲਪ ਮੇਲਿਆਂ ਦਾ ਆਯੋਜਨ

ਹੱਥਖੱਡੀ ਬੁਣਕਰਾਂ ਨੂੰ ਆਪਣੇ ਉਤਪਾਦਾਂ ਦਾ ਵਪਾਰ ਕਰਨ ਦਾ ਮੌਕਾ ਪ੍ਰਦਾਨ ਕਰਨ ਅਤੇ ਉਪਭੋਗਤਾਵਾਂ ਦੇ ਸਾਹਮਣੇ ਦੇਸ਼ ਕੇ ਵਿਭਿੰਨ ਹਿੱਸਿਆਂ ਤੋਂ ਹੱਥਖੱਡੀ ਉਤਪਾਦਾਂ ਦਾ ਪ੍ਰਦਰਸ਼ਨ ਕਰਨ ਲਈ ਰਾਸ਼ਟਰੀ, ਖੇਤਰੀ, ਰਾਜ ਅਤੇ ਜ਼ਿਲ੍ਹਾ ਪੱਧਰਾਂ ਤੇ ਅਨੇਕ ਹੱਥਖੱਡੀ ਪ੍ਰਦਰਸ਼ਨੀਆਂ ਆਯੋਜਿਤ ਕੀਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ, ਇਸ ਹਿੱਸੇ ਵਿਚ ਖ਼ਾਸ ਆਈਟਮ, ਖ਼ਾਸ ਖੇਤਰ ਅਤੇ ਖਾਸ ਹੱਥਖੱਡੀ ਕੱਪੜਾ ਉਤਪਾਦਾਂ ਦਾ ਵਪਾਰ ਅਤੇ ਵਿਕਾਸ ਦਾ ਨਿਯਮ ਹੋਵੇਗਾ। ਇਸ ਤੋਂ ਇਲਾਵਾ ਇਸ ਹਿੱਸੇ ਵਿਚ ਹੱਥਖੱਡੀ ਬੁਣਕਰਾਂ ਨੂੰ ਸ਼ਿਲਪ ਮੇਲਿਆਂ ਵਿਚ ਭਾਗੀਦਾਰੀ ਲਈ ਸਹਾਇਤਾ ਉਪਲਬਧ ਹੋਵੇਗੀ ਅਤੇ ਇਸ ਤਰ੍ਹਾਂ ਇਕੋ ਥਾਂ ਤੇ ਉਪਭੋਗਤਾਵਾਂ ਨੂੰ ਵਿਭਿੰਨ ਹੱਥਖੱਡੀ ਉਤਪਾਦ ਪ੍ਰਾਪਤ ਹੋਣਗੇ।

### 3.1.1 ਰਾਸ਼ਟਰੀ ਹੱਥਖੱਡੀ ਐਕਸਪੋ

ਵਪਾਰ ਕਾਰਜ ਨੀਤੀ ਅਤੇ ਪ੍ਰਚਾਰ ਸਬੰਧੀ ਤਰੀਕਿਆਂ ਦੇ ਇਕ ਹਿੱਸੇ ਦੇ ਰੂਪ ਵਿਚ ਵਿਕਾਸ ਕਮਿਸ਼ਨਰ, ਹੱਥਖੱਡੀ ਦੇ ਦਫ਼ਤਰ ਵਲੋਂ ਰਾਸ਼ਟਰੀ ਹੱਥਖੱਡੀ ਐਕਸਪੋ ਅਤੇ ਵਿਸ਼ੇਸ਼ ਐਕਸਪੋ ਦਾ ਆਯੋਜਨ ਕੀਤਾ ਜਾ ਰਿਹਾ ਹੈ। ਸਮੇਂ ਦੇ ਨਾਲ-ਨਾਲ ਇਨ੍ਹਾਂ ਆਯੋਜਨਾਂ ਨੂੰ ਪ੍ਰਸਿੱਧੀ ਮਿਲੀ ਹੈ ਅਤੇ ਇਨ੍ਹਾਂ ਆਯੋਜਨਾਂ ਵਿਚ ਹੋਈ ਵਿਕਰੀਆਂ ਵਿਚ ਲੋੜੀਂਦਾ ਵਾਧਾ ਹੋਇਆ ਹੈ। ਇਨ੍ਹਾਂ ਐਕਸਪੋ ਦਾ ਆਯੋਜਨ 2 ਤੋਂ 3 ਹਫ਼ਤੇ ਦੇ ਸਮੇਂ ਲਈ ਕੀਤਾ ਜਾਂਦਾ ਹੈ। ਵਿਕਾਸ ਕਮਿਸ਼ਨਰ (ਹੱਥਖੱਡੀ) ਵਲੋਂ ਰਾਸ਼ਟਰੀ ਹੱਥਖੱਡੀ ਸੰਗਠਨਾਂ, ਰਾਜਾਂ ਅਤੇ ਉਸਦੀਆਂ ਏਜੰਸੀਆਂ ਦੀ ਬੇਨਤੀਆਂ, ਪ੍ਰਸਤਾਵਿਤ ਥਾਵਾਂ ਦੀ ਵਪਾਰਕ ਸਮਰੱਥਾ, ਫੰਡਾਂ ਦੀ ਪ੍ਰਾਪਤੀ, ਜ਼ਿਲ੍ਹਾ ਪੱਧਰੀ ਮੇਲਿਆਂ ਅਤੇ ਸ਼ਿਲਪ ਮੇਲਿਆਂ ਆਦਿ ਦੀ ਪੂਰਵ ਨਿਰਧਾਰਤ ਤਾਰੀਖਾਂ ਦੇ ਅਨੁਸਾਰ ਆਯੋਜਨਾਂ ਦੀ ਗਿਣਤੀ, ਸਥਾਨ ਅਤੇ ਸਮੇਂ ਸੀਮਾ ਦੇ ਬਾਰੇ ਵਿਚ ਹਰ ਸਾਲ ਫੈਸਲਾ ਲਿਆ ਜਾਏਗਾ। ਭਾਗੀਦਾਰਾਂ ਨੂੰ ਸਿਰਫ਼ ਹੱਥਖੱਡੀ ਉਤਪਾਦਾਂ ਦੀ ਵਿਕਰੀ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ।

### ਹਿੱਸੇਦਾਰ

ਇਨ੍ਹਾਂ ਐਕਸਪੋ ਵਿਚ ਹਿੱਸਾ ਲੈਣ ਲਈ ਹੇਠ ਲਿਖੀਆਂ ਏਜੰਸੀਆਂ ਯੋਗ ਹੋਣਗੀਆਂ :

i. ਸਾਰੇ ਪੱਧਰਾਂ ਦੀ ਉੱਘੀਆਂ ਹੱਥਖੱਡੀ ਸਹਿਕਾਰੀ ਸੁਸਾਇਟੀਆਂ, ਨਿਗਮ, ਬੋਰਡ ਅਤੇ ਪ੍ਰਾਥਮਿਕ ਸਹਿਕਾਰੀ ਸੁਸਾਇਟੀਆਂ।
ii. ਹੱਥਖੱਡੀ ਨਾਲ ਜੁੜੇ ਹੋਏ ਅਤੇ ਕਾਪਾਰਟ ਵਲੋਂ ਨਿਰਧਾਰਤ ਮਾਨਦੰਡਾਂ ਨੂੰ ਪੂਰਾ ਕਰਨ ਵਾਲੇ ਗੈਰ-ਸਰਕਾਰੀ ਸੰਗਠਨ।
iii. ਹੱਥਖੱਡੀ ਉਤਪਾਦਨ ਕਰਨ ਵਾਲੇ ਸਵੈ-ਸਹਾਇਤਾ ਸਮੂਹ

ਹਰੇਕ ਐਕਸਪੋ ਲਈ ਹਿੱਸੇਦਾਰਾਂ ਦੀ ਗਿਣਤੀ ਨਿਰਧਾਰਤ ਕਰਨ ਲਈ ਵਿਕਾਸ ਕਮਿਸ਼ਨਰ (ਹੱਥਖੱਡੀ) ਦਾ ਦਫ਼ਤਰ ਸਮਰੱਥ ਕਾਰਪੋਰੇਸ਼ਨ ਹੈ।

### ਕਾਰਜਕਾਰੀ ਏਜੰਸੀਆਂ :

ਰਾਸ਼ਟਰੀ ਹੱਥਖੱਡੀ ਐਕਸਪੋ ਦਾ ਆਯੋਜਨ ਐੱਨ.ਐੱਚ.ਡੀ.ਸੀ., ਹੱਥਖੱਡੀ ਨਿਗਮਾਂ ਅਤੇ ਉੱਘੀਆਂ ਸੁਸਾਇਟੀਆਂ ਦਾ ਸੰਘ (ਆਕਾਸ਼) ਆਦਿ ਵਰਗੇ ਰਾਸ਼ਟਰੀ ਹੱਥਖੱਡੀ ਸੰਗਠਨਾਂ, ਰਾਜ ਸਰਕਾਰਾਂ ਵਲੋਂ ਸਿੱਧੇ ਜਾਂ ਰਾਜ ਪੱਧਰ ਦੀ ਕਿਸੇ ਹੱਥਖੱਡੀ ਏਜੰਸੀ/ਫੈਡਰੇਸ਼ਨ ਦੇ ਜ਼ਰੀਏ ਅਤੇ ਬੁਣਕਰ ਸੇਵਾ ਕੇਂਦਰਾਂ ਵਲੋਂ ਕੀਤਾ ਜਾਏਗਾ।

### ਆਰਥਿਕ ਪੋਸ਼ਣ ਦੀ ਪ੍ਰਣਾਲੀ :

ਹਿੱਸੇਦਾਰਾਂ ਵਲੋਂ ਵਪਾਰ ਨੂੰ ਵਧਾਉਣ ਦੀ ਦ੍ਰਿਸ਼ਟੀ ਨਾਲ ਇਹ ਨਿਰਣਾ ਲਿਆ ਗਿਆ ਹੈ ਕਿ ਇਨ੍ਹਾਂ ਐਕਸਪੋ ਲਈ ਢਾਂਚਾ ਸਹਾਇਤਾ, ਸਟਾਲ ਕਿਰਾਇਆ, ਬਿਜਲੀ ਖ਼ਰਚ, ਪ੍ਰਚਾਰ, ਸਹਾਇਕ ਸੇਵਾਵਾਂ, ਪ੍ਰਸ਼ਾਸਨਿਕ ਖ਼ਰਚ ਆਦਿ ਦੇ ਰੂਪ ਵਿਚ ਆਰਥਿਕ ਸਹਾਇਤਾ ਜਾਰੀ ਰਖੀ ਜਾਏ। 15 ਲੱਖ ਤੋਂ ਜ਼ਿਆਦਾ ਦੀ ਆਬਾਦੀ ਵਾਲੇ ਸ਼ਹਿਰਾ ਵਿਚ ਆਯੋਜਿਤ ਰਾਸ਼ਟਰੀ ਹੱਥਖੱਡੀ ਐਕਸਪੋ 38.00 ਲੱਖ ਰੁਪਏ ਤਕ ਦੀ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਹੋਣਗੇ ਜਦਕਿ 15 ਲੱਖ ਤੋਂ ਘੱਟ ਦੀ ਆਬਾਦੀ ਵਾਲੀਆਂ ਹੋਰ ਥਾਵਾਂ ਤੇ ਆਯੋਜਿਤ ਰਾਸ਼ਟਰੀ ਹੱਥਖੱਡੀ ਐਕਸਪੋ 18.00 ਲੱਖ ਰੁਪਏ ਤਕ ਦੀ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਹੋਣਗੇ। ਇਸ ਸੀਮਾ ਤੋਂ ਜ਼ਿਆਦਾ ਹੋਣ ਵਾਲੇ ਕਿਸੇ ਖ਼ਰਚ ਨੂੰ ਕਾਰਜਕਾਰੀ ਏਜੰਸੀਆਂ ਵਲੋਂ ਸਹਿਣ ਕੀਤਾ ਜਾਏਗਾ। ਆਰਥਿਕ ਸਹਾਇਤਾ ਸਮੇਂ-ਸਮੇਂ ਤੇ ਲੋੜ ਅਨੁਸਾਰ ਸੋਧੇ ਪਰਿਸ਼ਿਸ਼ਟ-1 ਵਿਚ ਉਪਰ ਲਿਖੇ ਦਿਸ਼ਾ ਨਿਰਦੇਸ਼ਾਂ ਵਿਚ ਨਿਰਧਾਰਤ ਐਸੇ ਦਸਤਾਵੇਜ਼ਾਂ ਰਾਹੀਂ ਸਮਰਥਨ ਪ੍ਰਾਪਤ ਦਾਅਵਿਆਂ ਦੀ ਪੇਸ਼ੀ ਦੇ ਆਧਾਰ ਤੇ ਖ਼ਰਚ ਦੀ ਪ੍ਰਤੀਪੂਰਤੀ ਦੇ ਆਧਾਰ ਤੇ ਪ੍ਰਦਾਨ ਕੀਤੀ ਜਾਏਗੀ। ਜਿੱਥੇ ਜ਼ਰੂਰੀ ਹੋਵੇਗਾ, ਉੱਥੇ ਫੰਡਾਂ ਦੀ ਪ੍ਰਾਪਤੀ ਦੇ ਅਧੀਨ ਯੋਗ ਖ਼ਰਚ ਦੇ 50% ਤਕ ਦਾ ਐਡਵਾਂਸ ਜਾਰੀ ਕੀਤਾ ਜਾ ਸਕਦਾ ਹੈ।

## ਐਕਸਪੋ ਵਿਚ ਡਬਲਯੂ.ਐਸ.ਸੀ. ਥੀਮ ਪਵੇਲੀਅਨ :

ਬੁਣਕਰ ਸੇਵਾ ਕੇਂਦਰ ਦੀ ਸਹਾਇਤਾ ਨਾਲ ਕਾਰਜਕਾਰੀ ਏਜੰਸੀ ਰਾਸ਼ਟਰੀ ਹੱਥਖੱਡੀ ਐਕਸਪੋ ਵਿਚ ਵਿਕਾਸ ਕਮਿਸ਼ਨਰ, ਹੱਥਖੱਡੀ ਵਲੋਂ ਨਿਰਧਾਰਤ 500-2500 ਵਰਗ ਫੁੱਟ ਦੀ ਥੀਮ ਪਵੇਲੀਅਨ ਸਥਾਪਤ ਕਰ ਸਕਦੀ ਹੈ। ਵਿਕਾਸ ਕਮਿਸ਼ਨਰ, ਹੱਥਖੱਡੀ ਦੇ ਦਫ਼ਤਰ ਵਲੋਂ ਹਰੇਕ ਐਕਸਪੋ ਲਈ ਥੀਮ ਪਵੇਲੀਅਨ ਦਾ ਨਿਰਧਾਰਣ ਥੀਮ ਨੂੰ ਸ਼ਾਮਲ ਕਰਦੇ ਹੋਏ ਆਪਣੇ ਉਤਪਾਦਾਂ ਦੇ ਵਿਕਾਸ ਲਈ ਸੰਭਾਵਤ ਹਿੱਸੇਦਾਰਾਂ ਤੋਂ ਪੁੱਛਗਿੱਛ ਕਰਨ ਮਗਰੋਂ ਕਾਫ਼ੀ ਸਮੇਂ ਪਹਿਲਾਂ ਕਰ ਦਿੱਤਾ ਜਾਏਗਾ।

ਡਬਲਯੂ.ਐੱਸ.ਸੀ. ਥੀਮ ਪਵੇਲੀਅਨ ਵਿਚ ਪ੍ਰਦਰਸ਼ਨ ਦਾ ਕੰਮ ਸਬੰਧਤ ਡਬਲਯੂ.ਐੱਸ.ਸੀ. ਜਾਂ ਕਿਸੇ ਹੋਰ ਸੰਗਠਨ ਨੂੰ ਸੌਂਪਿਆ ਜਾਏਗਾ। ਪਵੇਲੀਅਨ ਵਿਚ ਪ੍ਰਦਰਸ਼ਨ ਨਾਲ ਸਬੰਧਤ ਖ਼ਰਚ ਲਈ ਵਿਕਾਸ ਕਮਿਸ਼ਨਰ, ਹੱਥਖੱਡੀ ਦੇ ਦਫ਼ਤਰ ਵਲੋਂ ਸਬੰਧਤ ਡਬਲਯੂ.ਐੱਸ.ਸੀ. ਨੂੰ 25,000 ਰੁਪਏ ਦੀ ਰਕਮ ਦਾ ਭੁਗਤਾਨ ਕੀਤਾ ਜਾਏਗਾ।

ਰਾਸ਼ਟਰੀ ਹੱਥਖੱਡੀ ਐਕਸਪੋ ਲਈ ਕਾਰਜਕਾਰੀ ਏਜੰਸੀ ਰਾਸ਼ਟਰੀ ਹੱਥਖੱਡੀ ਐਕਸਪੋ ਦੇ ਆਯੋਜਨ ਲਈ ਵਿਕਾਸ ਕਮਿਸ਼ਨਰ, ਹੱਥਖੱਡੀ ਦੇ ਦਫ਼ਤਰ ਵਲੋਂ ਉਪਲਬਧ ਕਰਾਏ ਗਏ ਫੰਡਾਂ ਦੇ ਅੰਦਰ ਡਬਲਯੂ.ਐੱਸ.ਸੀ. ਥੀਮ ਪਵੇਲੀਅਨ ਦੀ ਸਥਾਪਨਾ ਕਰਨ ਲਈ ਜ਼ਿੰਮੇਵਾਰ ਹੋਵੇਗੀ। ਡਬਲਯੂ.ਐੱਸ.ਸੀ. ਪਵੇਲੀਅਨ ਲਈ ਕਾਰਜਕਾਰੀ ਏਜੰਸੀ ਨੂੰ ਕੋਈ ਵਾਧੂ ਫੰਡ ਨਹੀਂ ਦਿੱਤਾ ਜਾਏਗਾ।

## 3.1.2 ਖ਼ਾਸ ਐਕਸਪੋ

ਵਪਾਰ ਮਾਧਿਅਮਾਂ ਦਾ ਵੱਖਰਾਪਨ ਕਰਨ ਲਈ ਵਿਕਾਸ ਕਮਿਸ਼ਨਰ (ਹੱਥਖੱਡੀ) ਦੇ ਦਫ਼ਤਰ ਵਲੋਂ ਰਾਸ਼ਟਰੀ ਹੱਥਖੱਡੀ ਐਕਸਪੋ ਤੋਂ ਇਲਾਵਾ ਖ਼ਾਸ ਐਕਸਪੋ ਦਾ ਆਯੋਜਨ ਕੀਤਾ ਜਾਏਗਾ। ਖ਼ਾਸ ਐਕਸਪੋ ਦਾ ਆਯੋਜਨ ਰਾਸ਼ਟਰੀ ਪੱਤਰ, ਖੇਤਰੀ ਪੱਧਰ ਅਤੇ ਰਾਜ ਪੱਧਰ ਦੇ ਕੀਤਾ ਜਾਏਗਾ। ਰਾਸ਼ਟਰੀ ਪੱਧਰ ਤੇ ਖ਼ਾਸ ਐਕਸਪੋ ਉੱਨ, ਰੇਸ਼ਮ ਆਦਿ ਵਰਗੇ ਖ਼ਾਸ ਫਾਈਬਰਾਂ ਜਾਂ ਸਾੜੀਆਂ, ਘਰੇਲੂ ਸਾਜੋ-ਸਮਾਨ ਆਦਿ ਵਰਗੇ ਖ਼ਾਸ ਉਤਪਾਦਾਂ ਲਈ ਹੋਣਗੇ। ਰਾਜ ਪੱਧਰ ਤੇ ਖ਼ਾਸ ਐਕਸਪੋ ਦਸੇ ਗਏ ਰਾਜ ਦੇ ਹੱਥਖੱਡੀ ਉਤਪਾਦਾਂ ਲਈ ਹੋਵੇਗਾ। ਖ਼ਾਸ ਐਕਸਪੋ ਦੀ ਸਮੇਂ ਸੀਮਾ 2 ਤੋਂ 3 ਹਫ਼ਤੇ ਹੀ ਹੋਵੇਗੀ। ਇਸ ਤੋਂ ਇਲਾਵਾ ਆਕਾਸ਼ ਵਲੋਂ ਪ੍ਰਗਤੀ ਮੈਦਾਨ, ਨਵੀਂ ਦਿੱਲੀ ਵਿਚ ਹਰ ਸਾਲ ਆਈ.ਟੀ.ਪੀ.ਓ. ਵਲੋਂ ਆਯੋਜਿਤ ਭਾਰਤ ਅੰਤਰਰਾਸ਼ਟਰੀ ਵਪਾਰ ਮੇਲੇ ਦੇ ਦੌਰਾਨ ਇਕ ਖ਼ਾਸ ਐਕਸਪੋ ਦਾ ਆਯੋਜਨ ਕੀਤਾ ਜਾਏਗਾ।

## ਹਿੱਸੇਦਾਰ

(i) ਸਾਰੇ ਪੱਧਰਾਂ ਦੀਆਂ ਅਪੈਕਸ ਹੱਥਖੱਡੀ ਸਹਿਕਾਰੀ ਸੁਸਾਇਟੀਆਂ, ਨਿਗਮ, ਫੈਡਰੇਸ਼ਨ ਅਤੇ ਪ੍ਰਾਥਮਿਕ ਸਹਿਕਾਰੀ ਸੁਸਾਇਟੀਆਂ।
(ii) ਹੱਥਖੱਡੀ ਨਾਲ ਜੁੜੇ ਹੋਏ ਅਤੇ ਕਾਪਾਰਟ ਵਲੋਂ ਨਿਰਧਾਰਤ ਮਾਪਦੰਡਾਂ ਨੂੰ ਪੂਰਾ ਕਰਨ ਲਈ ਗੈਰ-ਸਰਕਾਰੀ ਸੰਗਠਨ।
(iii) ਹੱਥਖੱਡੀ ਉਤਪਾਦਨ ਕਰਨ ਵਾਲੇ ਸਵੈ-ਸਹਾਇਤਾ ਸਮੂਹ

## ਕਾਰਜਕਾਰੀ ਏਜੰਸੀਆਂ :

ਰਾਸ਼ਟਰੀ ਪੱਧਰ ਤੇ ਖ਼ਾਸ ਐਕਸਪੋ ਦਾ ਆਯੋਜਨ ਐੱਨ.ਐੱਚ.ਡੀ.ਸੀ. ਆਕਾਸ਼ ਆਦਿ ਵਰਗੇ ਰਾਸ਼ਟਰੀ ਹੱਥਖੱਡੀ ਸੰਗਠਨਾਂ, ਰਾਜ ਸਰਕਾਰ, ਰਾਜ ਹੱਥਖੱਡੀ ਵਿਕਾਸ ਨਿਗਮ ਅਤੇ ਰਾਜ ਦੀਆਂ ਉੱਘੀਆਂ ਹੱਥਖੱਡੀ ਸਹਿਕਾਰੀ ਸੁਸਾਇਟੀਆਂ ਵਲੋਂ ਕੀਤਾ ਜਾਏਗਾ। ਖੇਤਰੀ ਪੱਧਰ ਤੇ ਖ਼ਾਸ ਹੱਥਖੱਡੀ ਐਕਸਪੋ ਦਾ ਆਯੋਜਨ ਐੱਨ.ਐੱਚ.ਡੀ.ਸੀ., ਆਕਾਸ਼ ਵਰਗੇ ਕਿਸੇ ਰਾਸ਼ਟਰੀ ਹੱਥਖੱਡੀ ਸੰਗਠਨ ਵਲੋਂ ਕੀਤਾ ਜਾ ਸਕਦਾ ਹੈ। ਰਾਜ ਪੱਧਰ ਤੇ ਖ਼ਾਸ ਹੱਥਖੱਡੀ ਐਕਸਪੋ ਦਾ ਆਯੋਜਨ ਰਾਜ ਸਰਕਾਰ ਵਲੋਂ ਸਿੱਧੇ ਜਾਂ ਰਾਜ ਪੱਧਰੀ ਹੱਥਖੱਡੀ ਨਿਗਮ/ਉੱਘੀਆਂ ਸਹਿਕਾਰੀ ਸੁਸਾਇਟੀਆਂ/ਫੈਡਰੇਸ਼ਨਾਂ ਵਲੋਂ ਕੀਤਾ ਜਾ ਸਕਦਾ ਹੈ।

## ਆਰਥਿਕ ਸਹਾਇਤਾ ਸਬੰਧੀ ਪ੍ਰਣਾਲੀ :

ਰਾਸ਼ਟਰੀ ਪੱਧਰ ਤੇ ਖ਼ਾਸ ਐਕਸਪੋ ਲਈ ਆਰਥਿਕ ਸਹਾਇਤਾ, ਸਟਾਲ ਕਿਰਾਇਆ, ਢਾਂਚੇ ਅਤੇ ਪ੍ਰਚਾਰ ਨਾਲ ਸਬੰਧਤ ਖ਼ਰਚ ਲਈ 20.00 ਲੱਖ ਰੁਪਏ ਤਕ ਸੀਮਤ ਹੋਵੇਗੀ। ਖੇਤਰੀ ਪੱਧਰ ਤੇ ਖ਼ਾਸ ਐਕਸਪੋ ਦੇ ਮਾਮਲੇ ਵਿਚ ਆਰਥਿਕ ਸਹਾਇਤਾ

ਸਟਾਲ ਕਿਰਾਇਆ, ਢਾਂਚੇ ਅਤੇ ਪ੍ਰਚਾਰ ਨਾਲ ਸਬੰਧਤ ਖ਼ਰਚ ਲਈ 10.00 ਲੱਖ ਰੁਪਏ ਤਕ ਸੀਮਤ ਹੋਵੇਗੀ। ਰਾਜ ਪੱਧਰ ਤੇ ਖ਼ਾਸ ਐਕਸਪੋ ਲਈ ਆਰਥਿਕ ਸਹਾਇਤਾ ਸਟਾਲ ਕਿਰਾਇਆ, ਢਾਂਚੇ ਅਤੇ ਪ੍ਰਚਾਰ ਨਾਲ ਸਬੰਧਤ ਖ਼ਰਚ ਲਈ 8.00 ਲੱਖ ਰੁਪਏ ਤਕ ਸੀਮਤ ਹੋਵੇਗੀ। ਤਦ ਵੀ ਉੱਤਰੀ ਰਾਜਾਂ ਲਈ ਰਾਜ ਪੱਧਰ ਤੇ ਖ਼ਾਸ ਐਕਸਪੋ ਲਈ ਆਰਥਿਕ ਸਹਾਇਤਾ ਜ਼ਮੀਨੀ-ਖੇਤਰ ਨੂੰ ਧਿਆਨ ਵਿਚ ਰਖਦੇ ਹੋਏ ਸਟਾਲ ਕਿਰਾਇਆ, ਢਾਂਚੇ ਅਤੇ ਪ੍ਰਚਾਰ ਨਾਲ ਸਬੰਧਤ ਖ਼ਰਚ ਲਈ 10.00 ਲੱਖ ਰੁਪਏ ਤਕ ਸੀਮਤ ਹੋਵੇਗੀ। ਉਪਰੋਕਤ ਰਕਮ ਜਾਂ ਕੀਤੇ ਗਏ ਅਸਲ ਖ਼ਰਚ, ਜੋ ਵੀ ਘੱਟ ਹੋਵੇ ਦਾ ਭੁਗਤਾਨ ਕੀਤਾ ਜਾਏਗਾ।

ਇਸ ਹਿੱਸੇ ਦੇ ਕਾਰਜਾਂ ਲਈ ਵਿਸਤਾਰ ਸਹਿਤ ਦਿਸ਼ਾ-ਨਿਰਦੇਸ਼ ਅਤੇ ਆਰਥਿਕ ਸਹਾਇਤਾ ਲਈ ਮਾਪਦੰਡ ਪਰਿਸ਼ਿਸ਼ਟ-2 ਵਿਚ ਦਿੱਤੇ ਗਏ ਹਨ।

### 3.1.3 ਜ਼ਿਲ੍ਹਾ ਪੱਧਰੀ ਆਯੋਜਨ :

ਸਾਲ 1996-97 ਦੇ ਵਿਕਾਸ ਕਮਿਸ਼ਨਰ (ਹੱਥਖੱਡੀ) ਦੇ ਦਫ਼ਤਰ ਵਲੋਂ ਸਥਾਪਤ ਜ਼ਿਲ੍ਹਾ ਪੱਧਰੀ ਆਯੋਜਨਾਂ/ਮੇਲਿਆਂ/ਉਤਸਵਾਂ ਦੇ ਜ਼ਰੀਏ ਹੱਥਖੱਡੀ ਉਤਪਾਦਾਂ ਦੇ ਵਪਾਰ ਦਾ ਵਿਕਾਸ ਕੀਤਾ ਜਾ ਰਿਹਾ ਹੈ। ਕਾਰਜ ਦੀ ਪ੍ਰਸਿੱਧੀ ਅਤੇ ਉਸ ਦੇ ਫਾਇਦਿਆਂ ਨੂੰ ਵੇਖਦੇ ਹੋਏ ਇਸੇ ਨੂੰ 11ਵੀਂ ਯੋਜਨਾ ਵਿਚ ਜਾਰੀ ਰਖਿਆ ਜਾਏਗਾ।

ਵਿਕਾਸ ਕਮਿਸ਼ਨਰ (ਹੱਥਖੱਡੀ) ਵਲੋਂ ਰਾਜਾਂ ਦੀਆਂ ਬੇਨਤੀਆਂ, ਪ੍ਰਸਤਾਵਿਤ ਸਥਾਨਾਂ ਦੀ ਵਪਾਰਕ ਸਮਰੱਥਾ, ਫੰਡਾਂ ਦੀ ਪ੍ਰਾਪਤੀ, ਰਾਸ਼ਟਰੀ ਹੱਥਖੱਡੀ ਐਕਸਪੋ ਅਤੇ ਸ਼ਿਲਪ ਮੇਲਿਆਂ ਆਦਿ ਦੀ ਪੂਰਵ ਨਿਰਧਾਰਤ ਤਾਰੀਖਾਂ ਦੇ ਅਨੁਸਾਰ ਜ਼ਿਲ੍ਹਾ ਪੱਧਰੀ ਆਯੋਜਨਾਂ ਦੀ ਗਿਣਤੀ, ਸਥਾਨ ਅਤੇ ਸਮੇਂ ਸੀਮਾ ਦੇ ਬਾਰੇ 'ਚ ਹਰੇਕ ਸਾਲ ਫੈਸਲਾ ਲਿਆ ਜਾਏਗਾ। ਭਗੀਦਾਰਾਂ ਨੂੰ ਸਿਰਫ਼ ਹੱਥਖੱਡੀ ਉਤਪਾਦਾਂ ਦੀ ਵਿਕਰੀ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ। ਜ਼ਿਲ੍ਹਾ ਪੱਧਰੀ ਸਮਾਰੋਹਾਂ ਦਾ ਆਯੋਜਨ ਯਥਾਸੰਭਵ ਰਾਜਾਂ ਦੇ ਨਾਲ ਆਪਸੀ ਤਾਲਮੇਲ ਦੇ ਆਧਾਰ ਤੇ ਵੀ ਕੀਤਾ ਜਾ ਸਕਦਾ ਹੈ।

### ਹਿੱਸੇਦਾਰ :

ਜ਼ਿਲ੍ਹਾ ਪੱਧਰੀ ਆਯੋਜਨਾਂ ਵਿਚ ਹਿੱਸਾ ਲੈਣ ਲਈ ਹੇਠ ਲਿਖੀਆਂ ਏਜੰਸੀਆਂ/ਬੋਰਡ ਯੋਗ ਹੋਣਗੇ :

* ਹੱਥਖੱਡੀ ਬੁਣਕਰ
* ਪ੍ਰਾਥਮਿਕ ਹੱਥਖੱਡੀ ਬੁਣਕਰ ਸੁਸਾਇਟੀਆਂ

### ਕਾਰਜਕਾਰੀ ਏਜੰਸੀਆਂ

ਜ਼ਿਲ੍ਹਾ ਪੱਧਰੀ ਸਮਾਰੋਹਾਂ ਦਾ ਆਯੋਜਨ ਹੇਠ ਲਿਖੀਆਂ ਕਾਰਜਕਾਰੀ ਏਜੰਸੀਆਂ ਵਲੋਂ ਕੀਤਾ ਜਾ ਸਕਦਾ ਹੈ :

0 ਰਾਜਾਂ/ਯੂਨੀਅਨ ਟੈਰੀਟਰੀ ਖੇਤਰਾਂ ਵਿਚ ਨਿਦੇਸ਼ਕ, ਹੱਥਖੱਡੀ ਅਤੇ ਕੱਪੜਾ
0 ਰਾਜ ਹੱਥਖੱਡੀ ਵਿਕਾਸ ਨਿਗਮ
0 ਰਾਜ ਪੱਧਰੀ ਹੱਥਖੱਡੀ ਸਹਿਕਾਰੀ ਫੈਡਰੇਸ਼ਨ/ਉੱਘੀਆਂ ਸੁਸਾਇਟੀਆਂ
0 ਜ਼ਿਲ੍ਹਾ ਪੇਂਡੂ ਵਿਕਾਸ ਏਜੰਸੀਆਂ
0 ਬੁਣਕਰ ਸੇਵਾ ਕੇਂਦਰ
0 ਸਾਂਝਾ ਹੱਥਖੱਡੀ ਵਿਕਾਸ ਯੋਜਨਾ ਵਿਚ ਹੱਥਖੱਡੀ ਸਮੂਹ ਵਿਕਾਸ ਪ੍ਰੋਗਰਾਮ ਦੇ ਅਧੀਨ ਚਣੇ ਗਏ ਹੱਥਖੱਡੀ ਸਮੂਹਾਂ ਦੀ ਕਾਰਜਕਾਰੀ ਏਜੰਸੀਆਂ

### ਆਰਥਿਕ ਸਹਾਇਤਾ ਸਬੰਧੀ ਪ੍ਰਣਾਲੀ

ਹਰੇਕ ਜ਼ਿਲ੍ਹਾ ਪੱਧਰੀ ਸਮਾਰੋਹ ਦੇ ਢਾਂਚੇ ਸਬੰਧੀ ਖ਼ਰਚ ਲਈ 1.5 ਲੱਖ ਰੁਪਏ ਤਕ ਅਤੇ ਪ੍ਰਚਾਰ ਸਬੰਧੀ ਖ਼ਰਚ ਲਹੀ 50.00 ਰੁਪਏ ਤਕ ਦੀ ਆਰਥਿਕ ਸਹਾਇਤਾ ਲਈ ਯੋਗ ਹੋਵੇਗਾ। ਜਿੱਥੇ ਜ਼ਰੂਰੀ ਹੋਵੇਗਾ, ਲੋੜੀਂਦੀ ਰਕਮ ਦੇ 50% ਤਕ ਨੂੰ ਐਡਵਾਂਸ ਦੇ ਰੂਪ ਵਿਚ ਜਾਰੀ ਕੀਤਾ ਜਾ ਸਕਦਾ ਹੈ ਅਤੇ ਬਾਕੀ 50% ਜਾਂ ਅਸਲ ਖ਼ਰਚ ; ਜੋ ਵੀ ਰਕਮ ਘੱਟ ਹੋਵੇ, ਦੀ ਪ੍ਰਤੀਪੂਰਤੀ ਉਪਰ ਦਸੇ ਸਮਾਰੋਹ ਦੇ ਖ਼ਤਮ ਹੋਣ ਤੋਂ ਬਾਅਦ ਰਾਜ ਹੱਥਖੱਡੀ ਇੰਚਾਰਜ ਨਿਦੇਸ਼ਕ ਦੇ ਜ਼ਰੀਏ ਖਾਤਿਆਂ

ਦੀ ਆਡਿਟ ਰਿਪੋਰਟ ਨੂੰ ਪੇਸ਼ ਕਰਨ ਤੇ ਕੀਤੀ ਜਾਏਗੀ। ਆਰਥਿਕ ਸਹਾਇਤਾ ਸਥਾਨ ਦੇ ਕਿਰਾਏ, ਪ੍ਰਦਰਸ਼ਨ ਢਾਂਚਾ, ਸਜਾਵਟ, ਟ੍ਰਾਂਸਪੋਰਟ, ਬਿਜਲੀ, ਪਾਣੀ ਅਤੇ ਪ੍ਰਚਾਰ ਲਈ ਦਿੱਤੀ ਜਾਏਗੀ। ਭੁਗਤਾਨ ਲਈ ਅੰਤਿਮ ਦਾਅਵੇ ਦੇ ਨਾਲ ਸਥਾਨ, ਨਿਰਮਾਣ ਆਦਿ ਲਈ ਕਿਰਾਏ ਦੀ ਰਸੀਦ ਦੀ ਜ਼ਰੂਰਤ ਹੁੰਦੀ ਹੈ।

ਇਸ ਤੋਂ ਇਲਾਵਾ, ਖੇਤਰੀ ਜਾਂਚ ਕਰਨ ਲਈ ਨਾਮਜ਼ਦ ਡਬਲਯੂ.ਐੱਸ.ਸੀ. ਨੂੰ 2500 ਰੁਪਏ ਦੀ ਰਕਮ ਦਾ ਭੁਗਤਾਨ ਕੀਤਾ ਜਾਏਗਾ। ਇਸ ਹਿੱਸੇ ਦੇ ਕਾਰਜ ਲਈ ਵਿਸਤਾਰ ਸਹਿਤ ਦਿਸ਼ਾ ਨਿਰਦੇਸ਼ ਅਤੇ ਆਰਥਿਕ ਸਹਾਇਤਾ ਲਈ ਮਾਪਦੰਡ ਪਰਿਸ਼ਿਸ਼ਟ-3 ਵਿਚ ਦਿੱਤੇ ਗਏ ਹਨ।

## 3.1.4 ਸ਼ਿਲਪ ਮੇਲੇ

ਸ਼ਿਲਪ ਮੇਲੇ ਦਾ ਆਯੋਜਨ ਵਿਕਾਸ ਕਮਿਸ਼ਨਰ (ਹੱਥਖੱਡੀ) ਅਤੇ ਵਿਕਾਸ ਕਮਿਸ਼ਨਰ (ਹਸਤਸ਼ਿਲਪ) ਦੇ ਦਫ਼ਤਰਾਂ ਦਾ ਇਕ ਸਾਂਝਾ ਕਾਰਜ ਹੋਵੇਗਾ। ਇਸ ਹਿੱਸੇ ਦੇ ਅਧੀਨ ਹੱਥਖੱਡੀ ਬੁਣਕਰਾਂ ਨੂੰ ਹੇਠ ਲਿਖੇ ਸ਼ਿਲਪ ਮੇਲਿਆਂ : ਫ਼ਰੀਦਾਬਾਦ (ਹਰਿਆਣਾ) ਸਥਿਤ ਸੂਰਜਕੁੰਡ, ਉਦੇਪੁਰ (ਰਾਜਸਥਾਨ) ਸਥਿਤ ਸ਼ਿਲਪਗ੍ਰਾਮ, ਆਗਰਾ (ਉ.ਪ੍ਰ.) ਸਥਿਤ ਤਾਜ ਮਹਾਂਉਤਸਵ, ਮਾਧੋਪੁਰ ਹੈਦਰਾਬਾਦ (ਆਂਧਰ ਪ੍ਰਦੇਸ਼) ਸਥਿਤ ਸ਼ਿਲਪਾਰਾਮਮ, ਪਟਿਆਲਾ (ਪੰਜਾਬ) ਸਥਿਤ ਪਟਿਆਲਾ ਵਿਰਾਸਤ ਮਹਾਂਉਤਸਵ, ਖੇਤਰੀ ਸ਼ਿਲਪ ਮੇਲਾ, ਭੁਵਨੇਸ਼ਵਰ ਉੜੀਸਾ ਅਤੇ ਖੇਤਰੀ ਸ਼ਿਲਪ ਮੇਲਾ, ਮੁੰਬਈ, ਮਹਾਂਰਾਸ਼ਟਰ ਆਦਿ ਵਿਚ ਭਾਗੀਦਾਰੀ ਕਰਨ ਲਈ ਭੇਜੇ ਜਾਣਗੇ।

ਜੇਕਰ ਜ਼ਰੂਰਤ ਮਹਿਸੂਸ ਕੀਤੀ ਜਾਂਦੀ ਹੈ ਤਾਂ ਕੇਂਦਰੀ ਸ਼ਹਿਰੀ ਮੰਤਰਾਲੇ ਆਦਿ ਦੀ ਸਲਾਹ ਨਾਲ ਸ਼ਿਲਪ ਮੇਲਿਆਂ ਦੀ ਸੂਚੀ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ। ਇਨ੍ਹਾਂ ਮੇਲਿਆਂ ਦਾ ਉਦੇਸ਼ ਹੱਥਖੱਡੀ ਅਤੇ ਹਸਤਸ਼ਿਲਪ ਦੀ ਵਿਕਰੀ ਦਾ ਵਿਕਾਸ ਕਰਨਾ ਹੈ। ਉਪਰੋਕਤ ਸਾਰੇ ਸ਼ਿਲਪ ਮੇਲੇ ਸਾਲਾਨਾ ਵਿਸ਼ੇਸ਼ਤਾਵਾਂ ਹਨ। ਇਨ੍ਹਾਂ ਮੇਲਿਆਂ ਤੋਂ ਬੁਣਕਰਾਂ ਅਤੇ ਦਸਤਕਾਰਾਂ ਨੂੰ ਆਪਣੀ ਪਰੰਪਰਾਗਤ ਕੁਸ਼ਲਤਾ ਦਾ ਪ੍ਰਦਰਸ਼ਨ ਕਰਨਾ ਅਤੇ ਉਪਭੋਗਤਾਵਾਂ ਦੇ ਸਾਹਮਣੇ ਖ਼ੂਬਸੂਰਤ ਡਿਜ਼ਾਇਨਾਂ ਅਤੇ ਵਿਭਿੰਨ ਤਰ੍ਹਾਂ ਦੇ ਹੱਥਖੱਡੀ ਉਤਪਾਦਾਂ ਦੇ ਪ੍ਰਦਰਸ਼ਨ ਕਰਨ ਦਾ ਮੌਕਾ ਪ੍ਰਾਪਤ ਹੁੰਦਾ ਹੈ।

ਇਨ੍ਹਾਂ ਮੇਲਿਆਂ ਤੋਂ ਬੁਣਕਰਾਂ ਨੂੰ ਬਾਜ਼ਾਰ ਦੀ ਮੰਗ ਅਤੇ ਉਪਭੋਗਤਾ ਦੀ ਰੁਚੀ ਦੇ ਅਨੁਸਾਰ ਪ੍ਰਦਰਸ਼ਨ ਕਰਨ ਦਾ ਮੌਕਾ ਵੀ ਪ੍ਰਾਪਤ ਹੁੰਦਾ ਹੈ। ਇਸ ਦੇ ਨਤੀਜੇ ਵਜੋਂ ਹਿੱਸਾ ਲੈਣ ਵਾਲਿਆਂ ਨੂੰ ਬਾਜ਼ਾਰ ਵਿਚ ਉਪਲਬਧ ਵਿਆਪਕ ਹੱਥਖੱਡੀ ਅਤੇ ਹਸਤਸ਼ਿਲਪ ਉਤਪਾਦਾਂ ਦੀ ਜਾਣਕਾਰੀ ਮਿਲਦੀ ਹੈ। ਸ਼ਿਲਪ ਮੇਲਿਆਂ ਵਿਚ ਭਾਗੀਦਾਰੀ ਲਈ ਬੁਣਕਰਾਂ ਦੀ ਚੋਣ ਦੇ ਵਿਸਤਾਰ ਸਹਿਤ ਦਿਸ਼ਾ-ਨਿਰਦੇਸ਼ ਪਰਿਸ਼ਿਸ਼ਟ-ਜ਼ੜ ਵਿਚ ਦਿੱਤੇ ਗਏ ਹਨ।

### ਹਿੱਸੇਦਾਰ :

ਇਸ ਪ੍ਰਯੋਜਨ ਲਈ ਰਾਸ਼ਟਰੀ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ, ਚੰਗੇਰੇ ਪ੍ਰਮਾਣ-ਪੱਤਰ ਲੈਣ ਵਾਲਿਆਂ, ਰਾਜ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਨੂੰ ਪਹਿਲ ਦਿੱਤੀ ਜਾਏਗੀ।

### ਕਾਰਜਕਾਰੀ ਏਜੰਸੀ

ਸ਼ਿਲਪ ਮੇਲਿਆਂ ਦੇ ਆਯੋਜਨ ਲਈ ਕਾਰਜਕਾਰੀ ਏਜੰਸੀਆਂ ਉਸ ਰਾਜ ਸਰਕਾਰ ਵਲੋਂ ਨਿਯੁਕਤ ਕੀਤੀ ਏਜੰਸੀ ਹੋਵੇਗੀ, ਜਿੱਥੇ ਸ਼ਿਲਪ ਮੇਲੇ ਦਾ ਆਯੋਜਨ ਕੀਤਾ ਜਾਣਾ ਹੈ। ਸ਼ਿਲਪ ਮੇਲਿਆਂ ਲਈ ਕਾਰਜਕਾਰੀ ਏਜੰਸੀਆ ਹੇਠ ਲਿਖੀਆਂ ਹਨ:-

| | | |
|---|---|---|
| i. | ਸੂਰਜਕੁੰਡ ਮੇਲਾ | ਸੂਰਜਕੁੰਡ ਮੇਲਾ ਅਥਾਰਿਟੀ, ਹਰਿਆਣਾ ਸਰਕਾਰ |
| ii. | ਸ਼ਿਲਪਗ੍ਰਾਮ | ਸ਼ਿਲਪਗ੍ਰਾਮ ਮੇਲਾ ਅਥਾਰਿਟੀ, ਪੱਛਮੀ ਖੇਤਰ ਸਾਂਸਕ੍ਰਿਤਕ ਕੇਂਦਰ, ਸੰਸਕ੍ਰਿਤੀ ਵਿਭਾਗ, ਰਾਜਸਥਾਨ ਸਰਕਾਰ |
| iii. | ਸ਼ਿਲਪਰਾਮਮ | ਦੱਸੀ ਗਈ ਏਜੰਸੀ, ਆਂਧਰ ਪ੍ਰਦੇਸ਼ ਸਰਕਾਰ |
| iv. | ਤਾਜ ਮਹਾਂਉਤਸਵ | ਦੱਸੀ ਗਈ ਏਜੰਸੀ, ਟੂਰਿਸਟ ਵਿਭਾਗ, ਉੱਤਰ ਪ੍ਰਦੇਸ਼ ਸ਼ਾਸਨ |
| v. | ਪਟਿਆਲਾ ਵਿਰਾਸਤ ਮਹਾਂਉਤਸਵ | ਟੂਰਿਸਟ ਵਿਭਾਗ, ਚੰਡੀਗੜ੍ਹ, ਪੰਜਾਬ |

| | | |
|---|---|---|
| vi. | ਖੇਤਰੀ ਸ਼ਿਲਪ ਮੇਲਾ, ਭੁਵਨੇਸ਼ਵਰ | ਦੱਸੀ ਗਈ ਏਜੰਸੀ, ਉੜੀਸਾ ਸਰਕਾਰ |
| vii. | ਖੇਤਰੀ ਸ਼ਿਲਪ ਮੇਲਾ, ਮੁੰਬਈ | ਦੱਸੀ ਗਈ ਏਜੰਸੀ, ਮਹਾਂਰਾਸ਼ਟਰ ਸਰਕਾਰ |
| viii. | ਖੇਤਰੀ ਸ਼ਿਲਪ ਮੇਲਾ, ਗਵਾਲੀਅਰ | ਦੱਸੀ ਗਈ ਏਜੰਸੀ, ਮੱਧ ਪ੍ਰਦੇਸ਼ ਸਰਕਾਰ |

### ਆਰਥਿਕ ਸਹਾਇਤਾ ਸਬੰਧੀ ਪ੍ਰਣਾਲੀ :

ਹਰੇਕ ਕਾਰਜਕਾਰੀ ਏਜੰਸੀ ਨੂੰ ਆਰਥਿਕ ਸਹਾਇਤਾ ਢਾਂਚੇ ਸਬੰਧੀ ਅਸਲ ਖ਼ਰਚ ਅਤੇ ਸ਼ਿਲਪ ਮੇਲਿਆਂ ਨਾਲ ਸਬੰਧਤ ਪ੍ਰਚਾਰ ਦੇ ਅਧਾਰ ਤੇ 10.00 ਲੱਖ ਰੁਪਏ ਤਕ ਪ੍ਰਦਾਨ ਕੀਤੀ ਜਾਏਗੀ। ਖ਼ਰਚ ਲਈ ਮਿੱਥੀਆਂ ਆਈਟਮਾਂ ਵਿਚ ਵਪਾਰ ਸਟਾਲਾਂ ਲਈ ਮੇਲਾ ਪੱਧਰ ਤੇ ਸਥਾਈ/ਅਸਥਾਈ ਢਾਂਚਿਆਂ ਦੀ ਸਥਾਪਨਾ ਅਤੇ ਬੁਣਕਰਾਂ ਲਈ ਸਹੂਲਤਾਂ, ਬਿਜਲੀ ਤੇ ਪਾਣੀ ਦਾ ਖ਼ਰਚ ਅਤੇ ਉਪਰੋਕਤ ਸਮਾਰੋਹ ਦੇ ਸੰਚਾਲਨ ਨਾਲ ਸਬੰਧਤ ਜ਼ਰੂਰੀ ਖ਼ਰਚ ਸ਼ਾਮਲ ਹਨ। ਪ੍ਰਚਾਰ ਦੇ ਅਧੀਨ ਉਚਿਤ ਖ਼ਰਚ ਲਈ ਮਿੱਥੀਆਂ ਆਈਮਾਂ ਵਿਚ ਇਸ਼ਤਿਹਾਰਾਂ, ਹੋਰਡਿੰਗਾਂ, ਪੋਸਟਰਾਂ, ਪੈਂਫਲਟਾਂ ਆਦਿ ਦੀ ਛਪਾਈ ਨਾਲ ਸਬੰਧਤ ਖ਼ਰਚ ਸ਼ਾਮਲ ਹਨ। ਜਿੱਥੇ ਜ਼ਰੂਰੀ ਹੋਵੇਗੀ 50% ਤਕ ਦਾ ਐਡਵਾਂਸ ਜਾਰੀ ਕੀਤਾ ਜਾ ਸਕਦਾ ਹੈ।

## 3.2 ਸ਼ਹਿਰੀ ਹਾਟਾਂ ਦੀ ਸਥਾਪਨਾ

ਦਿੱਲੀ ਹਾਟ ਦੀ ਤਰਜ਼ 'ਤੇ ਹੱਥਖੱਡੀ ਬੁਣਕਰਾਂ/ਸ਼ਿਲਪਕਾਰਾਂ ਨੂੰ ਵਪਾਰਕ ਆਊਟਲੇਟ ਮੁਹੱਈਆ ਕਰਾਉਣ ਲਈ ਦੇਸ਼ ਦੇ ਪ੍ਰਮੁੱਖ ਸਥਾਨਾਂ 'ਤੇ ਸਥਾਈ ਵਪਾਰਕ ਢਾਂਚੇ ਦੀ ਸਥਾਪਨਾ ਲਈ ਸ਼ਹਿਰੀ ਹਾਟਾਂ ਦੀ ਸਥਾਪਨਾ ਸਬੰਧੀ ਯੋਜਨਾ ਸਾਲ 1997-98 ਵਿਚ ਲਾਗੂ ਕੀਤੀ ਗਈ ਸੀ। ਇਸ ਯੋਜਨਾ ਦਾ ਆਰਥਿਕ ਪੋਸ਼ਣ ਵਿਕਾਸ ਕਮਿਸ਼ਨਰ (ਹੱਥਖੱਡੀ) ਦੇ ਦਫ਼ਤਰ ਅਤੇ ਵਿਕਾਸ ਕਮਿਸ਼ਨਰ (ਹਸਤਸ਼ਿਲਪ) ਦੇ ਦਫ਼ਤਰ ਅਤੇ ਰਾਜ ਸਰਕਾਰ ਵਲੋਂ ਕ੍ਰਮਵਾਰ 35% : 35% : 30% ਦੇ ਅਨੁਪਾਤ ਨਾਲ ਸਿੱਧਾ ਕੀਤਾ ਜਾਂਦਾ ਹੈ।

ਇਸ ਹਿੱਸੇ ਵਿਚ ਦੇਸ਼ ਦੇ ਟੂਰਿਸਟ ਤੇ ਵਪਾਰ ਦੀ ਦ੍ਰਿਸ਼ਟੀ ਤੋਂ ਮਹੱਤਵਪੂਰਨ ਪ੍ਰਮੁੱਖ ਸਥਾਨਾਂ ਤੇ ਸ਼ਹਿਰੀ ਹਾਟਾਂ ਦੀ ਸਥਾਪਨਾ ਕਰਨ ਦੀ ਪਰਿਕਲਪਨਾ ਕੀਤੀ ਗਈ ਹੈ। ਹਿੱਸੇਦਾਰ ਸ਼ਿਲਪਕਾਰਾਂ/ਬੁਣਕਰਾਂ ਵਲੋਂ ਸਿੱਧੇ ਗਾਹਕਾਂ ਨੂੰ ਹਸਤਸ਼ਿਲਪ/ਹੱਥਖੱਡੀ ਉਤਪਾਦਾਂ ਦੀ ਵਿਕਰੀ ਕੀਤੀ ਜਾਏਗੀ। ਇਸ ਨਾਲ ਸ਼ਿਲਪਕਾਰਾਂ/ਬੁਣਕਰਾਂ ਨੂੰ ਲੋੜੀਂਦੀਆਂ ਪ੍ਰਤੱਖ ਵਪਾਰ ਸਹੂਲਤਾਂ ਪ੍ਰਾਪਤ ਹੁੰਦੀਆਂ ਹਨ ਅਤੇ ਵਿਚੋਲਗੀ ਕਰਨ ਵਾਲੀਆਂ ਏਜੰਸੀਆਂ ਖ਼ਤਮ ਹੋ ਜਾਂਦੀਆਂ ਹਨ। ਇਸ ਹਾਟ ਦੀ ਇਕ ਹੋਰ ਖ਼ਾਸੀਅਤ ਇਹ ਹੈ ਕਿ ਇਸ ਵਿਚ ਵਾਰੀ-ਵਾਰੀ ਸਿਰ ਦੇਸ਼ ਦੇ ਵਿਭਿੰਨ ਹਿੱਸਿਆਂ ਦੇ ਪ੍ਰਮਾਣਕ ਭਾਰਤੀ ਪਾਕ-ਕਲਾ ਨਾਲ ਸਬੰਧਤ ਚੀਜ਼ਾਂ ਦੀ ਵਿਕਰੀ ਕਰਨ ਵਾਲੇ ਲੋੜੀਂਦੇ ਸਟਾਲ ਹੋਣਗੇ। ਖਾਧ ਅਤੇ ਸ਼ਿਲਪ ਬਾਜ਼ਾਰ ਨਾਲ ਦਿੱਲੀ ਹਾਟ, ਜਿਸ ਨੂੰ ਉਸ ਦੀ ਹੋਂਦ ਵਿਚ ਆਉਣ ਦੇ ਸਿਰਫ਼ ਤਿੰਨ ਸਾਲ ਵਿਚ ਹੀ ਅੰਤਰਰਾਸ਼ਟਰੀ ਦਰਜਾ ਪ੍ਰਾਪਤ ਹੋ ਗਿਆ ਹੈ, ਦੀ ਤਰਜ਼ ਤੇ ਘਰੇਲੂ ਅਤੇ ਅੰਤਰਰਾਸ਼ਟਰੀ ਟੂਰਿਸਟਾਂ ਦੋਹਾਂ ਲਈ ਆਰਾਮ ਅਤੇ ਮਨੋਰੰਜਨ ਲਈ ਸਹੂਲਤਾ ਪ੍ਰਾਪਤ ਹੋਣਗੀਆਂ। ਸ਼ਹਿਰੀ ਹਾਟਾਂ ਨੂੰ ਨਿਯਮਬਧ ਕਰਨ ਵਾਲੇ ਡਿਜ਼ਾਇਨ ਮਾਪਦੰਡਾਂ ਦੇ ਦਿਸ਼ਾ-ਨਿਰਦੇਸ਼ ਅਤੇ ਆਰਥਿਕ ਸਹਾਇਤਾ ਦਾ ਪੱਧਰ ਪਰਿਸ਼ਿਸ਼ਟ-V ਵਿਚ ਦਿੱਤਾ ਗਿਆ ਹੈ।

### ਸ਼ਹਿਰੀ ਹਾਟਾਂ ਦੀ ਸਥਾਪਨਾ ਲਈ ਪਰਿਯੋਜਨਾਵਾਂ ਦੀ ਚੋਣ :

ਸ਼ਹਿਰੀ ਹਾਟ ਦੀ ਸਥਾਪਨਾ ਦੇ ਪ੍ਰਸਤਾਵਾਂ ਦੀ ਜਾਂਚ ਇਕ ਪ੍ਰਬੰਧਕੀ ਬੋਰਡ ਰਾਹੀਂ ਕੀਤੀ ਜਾਏਗੀ, ਜਿਸ ਵਿਚ ਹੇਠ ਲਿਖੇ ਸ਼ਾਮਲ ਹੋਣਗੇ :-

| | | |
|---|---|---|
| i. | ਵਿਕਾਸ ਕਮਿਸ਼ਨਰ (ਹੱਥਖੱਡੀ) | - ਪ੍ਰਧਾਨ |
| ii. | ਵਿਕਾਸ ਕਮਿਸ਼ਨਰ (ਹਸਤਸ਼ਿਲਪ) | - ਮੈਂਬਰ |
| iii. | ਜਾਇੰਜ ਸਕੱਤਰ/ਨਿਦੇਸ਼ਕ (ਆਈ.ਐੱਫ.ਡਬਲਯੂ.), ਕੱਪੜਾ ਮੰਤਰਾਲਾ | - ਮੈਂਬਰ |

ਇਸ ਤੋਂ ਇਲਾਵਾ, ਨੀਤੀ ਬਣਾਉਣ ਅਤੇ ਹਾਟਾਂ ਦੇ ਸੰਪੂਰਨ ਨਿਯੰਤ੍ਰਣ ਦੀ ਜ਼ਿੰਮੇਵਾਰੀ ਪ੍ਰਬੰਧਕੀ ਦੇ ਕੋਲ ਹੋਵੇਗੀ। ਹੇਠ ਲਿਖੇ ਮੈਂਬਰਾਂ ਵਾਲੇ ਪ੍ਰਬੰਧਕੀ ਬੋਰਡ ਦਾ ਗਠਨ ਕਰਕੇ ਉਸ ਨੂੰ ਉਨ੍ਹਾਂ ਰਾਜਾਂ ਵਿਚੋਂ ਹਰੇਕ ਰਾਜ ਦੀ ਸਰਕਾਰ ਵਲੋਂ ਸੂਚਿਤ

ਕੀਤਾ ਜਾਏਗਾ, ਜਿਸ ਵਿਚ ਕਿਸੀ ਸ਼ਹਿਰੀ ਹਾਟ ਦੀ ਮੰਜ਼ੂਰੀ ਪ੍ਰਦਾਨ ਕੀਤੀ ਗਈ ਹੈ ਅਤੇ ਉਪਰੋਕਤ ਪ੍ਰਬੰਧਕੀ ਬੋਰਡ ਨੀਤੀ ਬਣਾਉਣ ਅਤੇ ਹਾਟ ਦੇ ਸੰਪੂਰਨ ਨਿਯੰਤ੍ਰਣ ਲਈ ਜ਼ਿੰਮੇਵਾਰ ਹੋਵੇਗਾ :

i. ਰਾਜ ਸਰਕਾਰ ਦੇ ਹੱਥਖੱਡੀ/ਹਸਤਸ਼ਿਲਪ ਇੰਚਾਰਜ ਸਕੱਤਰ - ਪ੍ਰਧਾਨ
ii. ਰਾਜ ਸਰਕਾਰ ਦੇ ਟੂਰਿਸਟ ਇੰਚਾਰਜ ਸਕੱਤਰ - ਮੈਂਬਰ
iii. ਰਾਜ ਸਰਕਾਰ ਦੇ ਨਿਦੇਸ਼ਕ, ਹੱਥਖੱਡੀ/ਹਸਤਸ਼ਿਲਪ - ਮੈਂਬਰ
iv. ਵਿਕਾਸ ਕਮਿਸ਼ਨਰ (ਹੱਥਖੱਡੀ), ਕੱਪੜਾ ਮੰਤਰਾਲੇ ਦਾ ਪ੍ਰਤੀਨਿਧੀ - ਮੈਂਬਰ
v. ਵਿਕਾਸ ਕਮਿਸ਼ਨਰ (ਹਸਤਸ਼ਿਲਪ), ਕੱਪੜਾ ਮੰਤਰਾਲੇ ਦਾ ਪ੍ਰਤੀਨਿਧੀ - ਮੈਂਬਰ
vi. ਰਾਜ ਸਰਕਾਰ ਦੇ ਆਰਥਿਕ ਵਿਭਾਗ ਦਾ ਪ੍ਰਤੀਨਿਧੀ - ਮੈਂਬਰ

### ਕਾਰਜਕਾਰੀ ਏਜੰਸੀ :

ਇਹ ਯੋਜਨਾ ਰਾਜ ਹਸਤਸ਼ਿਲਪ/ਹੱਥਖੱਡੀ ਵਿਕਾਸ ਨਿਗਮਾਂ/ਰਾਜ ਟੂਰਿਸਟ ਵਿਕਾਸ ਨਿਗਮਾਂ ਦੇ ਮਾਧਿਅਮ ਨਾਲ ਜਾਂ ਕਿਸੇ ਰਾਜ ਸਰਕਾਰ ਏਜੰਸੀ ਜੋ ਸ਼ਹਿਰੀ ਹਾਟ ਪਰਿਯੋਜਨਾ ਦੀ ਸਥਾਪਨਾ ਲਈ ਉਤਸਾਹ ਅਤੇ ਪ੍ਰਦਰਸ਼ਨ ਅਰਥ ਸਮਰੱਥਾ ਦਰਸਾਉਂਦਾ ਅਤੇ ਪਰਿਯੋਜਨਾ ਨੂੰ ਕਾਰਜਕਾਰੀ ਕਰਨ ਲਈ ਲੋੜੀਂਦੀ ਆਰਥਿਕ ਸਾਧਨ ਅਤੇ ਸੰਗਠਨਾਤਮਕ ਸਮਰੱਥਾ ਵਾਲੀ ਹੋਵੇ, ਦੇ ਮਾਧਿਅਮ ਨਾਲ ਇਸ ਯੋਜਨਾ ਨੂੰ ਕਾਰਜਕਾਰੀ ਕੀਤਾ ਜਾਏਗਾ।

### ਆਰਥਿਕ ਸਹਾਇਤਾ ਸਬੰਧੀ ਪ੍ਰਣਾਲੀ :

ਪਰਿਯੋਜਨਾ ਦੀ ਪੂੰਜੀਗਤ ਲਾਗਤ, ਜੋ 300.00 ਲੱਖ ਰੁਪਏ ਹੋਣ ਦਾ ਅਨੁਮਾਨ ਹੈ, ਦਾ ਆਰਥਿਕ ਪੋਸ਼ਣ ਨੇਮ ਅਨੁਸਾਰ ਕੀਤਾ ਜਾਏਗਾ :

| | | |
|---|---|---|
| ਕੱਪੜਾ ਮੰਤਰਾਲਾ, ਭਾਰਤ ਸਰਕਾਰ | 70% | 210.00 ਲੱਖ ਰੁਪਏ, ਜਿਸ ਦੀ ਸਮਾਨ ਹਿੱਸੇਦਾਰੀ ਵਿਕਾਸ ਕਮਿਸ਼ਨਰ (ਹੱਥਖੱਡੀ) ਦੇ ਦਫ਼ਤਰ ਅਤੇ ਵਿਕਾਸ ਕਮਿਸ਼ਨਰ (ਹਸਤਸ਼ਿਲਪ) ਦੇ ਦਫ਼ਤਰ ਵਲੋਂ ਕੀਤੀ ਜਾਏਗੀ। |
| ਰਾਜ ਸਰਕਾਰ ਦੀ ਏਜੰਸੀ | 30% | 90.00 ਲੱਖ ਰੁਪਏ |

ਕੇਂਦਰੀ ਸਹਾਇਤਾ ਪ੍ਰਤੀ ਸ਼ਹਿਰੀ ਹਾਟ ਦੇ ਲਈ ਜ਼ਿਆਦਾਤਰ 2.10 ਕਰੋੜ ਰੁਪਏ ਦੀ ਹੋਵੇਗੀ ਅਤੇ ਲਾਗਤ ਵਿਚ ਕਿਸੇ ਵਾਧੇ ਨੂੰ ਰਾਜ ਸਰਕਾਰ/ਕਾਰਜਕਾਰੀ ਏਜੰਸੀ ਵਲੋਂ ਸਹਿਣ ਕੀਤਾ ਜਾਏਗਾ।

ਇਸ ਦੇ ਇਲਾਵਾ ਪਰਿਯੋਜਨਾ ਦੇ ਪ੍ਰਚਾਰ ਲਈ ਭਾਰਤ ਸਰਕਾਰ, ਕੱਪੜਾ ਮੰਤਰਾਲੇ ਤੋਂ ਪਹਿਲੇ ਸਾਲ ਵਿਚ 15.00 ਲੱਖ ਰੁਪਏ ਅਤੇ ਦੂਸਰੇ ਸਾਲ ਵਿਚ 10.00 ਲੱਖ ਰੁਪਏ ਦੇ ਇਕੋ ਵਾਰ ਸਹਾਇਤਾ ਦੀ ਇਜਾਜ਼ਤ ਪ੍ਰਦਾਨ ਕੀਤੀ ਜਾਏਗੀ।

## 3.3 ਵਪਾਰਕ ਕੰਪਲੈਕਸਾਂ ਦੀ ਸਥਾਪਨਾ

ਯੋਜਨਾ ਦੇ ਇਸ ਹਿੱਸੇ ਦਾ ਉਦੇਸ਼ ਹੱਥਖੱਡੀ ਬੁਣਕਰਾਂ/ਏਜੰਸੀਆਂ ਲਈ ਸਥਾਈ ਵਪਾਰਕ ਆਉਟਲੇਟ ਬਣਾਉਣ ਦੀ ਦ੍ਰਿਸ਼ਟੀ ਨਾਲ ਵਪਾਰਕ ਕੰਪਲੈਕਸਾਂ ਦੀ ਸਥਾਪਨਾ ਕਰਕੇ ਵਪਾਰਕ ਸਹਾਇਤਾ ਪ੍ਰਦਾਨ ਕਰਦਾ ਹੈ। ਇਸ ਹਿੱਸੇ ਵਿਚ 'ਇਕੋ ਸਥਾਨ 'ਤੇ ਖਰੀਦਾਰੀ' ਦੀ ਧਾਰਨਾ ਨੂੰ ਪੂਰਾ ਕਰਨ ਲਈ ਭਾਰਤ ਦੇ ਪ੍ਰਮੁੱਖ ਸ਼ਹਿਰਾਂ/ਕਸਬਿਆਂ ਵਿਚ ਵਪਾਰਕ ਕੰਪਲੈਕਸ ਸਥਾਪਤ ਕਰਨ ਦੀ ਪਰਿਕਲਪਨਾ ਕੀਤੀ ਗਈ ਹੈ।

## 3.4 ਪ੍ਰਚਾਰ ਅਤੇ ਜਾਗਰੂਕਤਾ

ਹੱਥਖੱਡੀ ਖੇਤਰ, ਜੋ ਕਿ ਸੰਗਠਿਤ ਖੇਤਰ ਵਿਚ ਖੇਤੀ ਤੋਂ ਬਾਅਦ ਰੋਜ਼ਗਾਰ ਦਾ ਦੂਜਾ ਸਭ ਤੋਂ ਵੱਡਾ ਸਰੋਤ ਹੈ, ਦੇ ਵਿਕਾਸ ਲਈ ਪ੍ਰਚਾਰ ਜ਼ਰੂਰੀ ਹੈ। ਹੱਥਖੱਡੀ ਭਾਰਤ ਦੀ ਵਿਰਾਸਤ ਦਾ ਇਕ ਹਿੱਸਾ ਵੀ ਹੈ ਅਤੇ ਉਸ ਨਾਲ ਬੁਣਕਰਾਂ ਦੀ ਦਸਤਕਾਰੀ ਦੇ ਜ਼ਰੀਏ ਸਾਡੇ ਦੇਸ਼ ਦੀ ਖੁਸ਼ਹਾਲੀ ਤੇ ਵੰਨ-ਸੁਵੰਨਤਾ ਦੀ ਜੀਵੰਤਤਾ ਪ੍ਰਦਰਸ਼ਿਤ ਹੁੰਦੀ ਹੈ। ਹੱਥਖੱਡੀ ਖੇਤਰ ਦੇ ਵਿਕਾਸ ਅਤੇ ਹੱਥਖੱਡੀ ਬੁਣਕਰਾਂ ਦੇ ਕਲਿਆਣ ਲਈ ਵਿਭਿੰਨ ਯੋਜਨਾਵਾਂ ਤਿਆਰ/ਲਾਗੂ ਕੀਤੀਆਂ ਗਈਆਂ ਹਨ। ਪ੍ਰਚਾਰ ਅਤੇ ਜਾਗਰੂਕਤਾ ਨਾਲ ਬੁਣਕਰਾਂ ਅਤੇ ਹੱਥਖਡੀ ਉਦਯੋਗ ਦੇ ਹਿਤਾਂ ਦਾ ਜ਼ਿਆਦਾ ਠੋਸ ਰੂਪ ਵਿਚ ਵਿਕਾਸ ਕਰਨ ਅਤੇ ਡਿਜ਼ਾਇਨ, ਤਕਨੀਕ ਅਤੇ ਸਬੰਧਤ ਮਾਮਲਿਆਂ ਵਿਚ ਹੋਏ ਘਟਨਾਕ੍ਰਮਾਂ ਦੇ ਖੇਤਰਾਂ ਵਿਚ ਅੰਦਰੂਨੀ ਅਤੇ ਬਾਹਰੀ ਜਾਗਰੂਕਤਾ ਨੂੰ ਵਧਾਉਣ ਵਿਚ ਮਦਦ ਮਿਲੇਗੀ।

ਇਸ ਹਿੱਸੇ ਦੇ ਅਧੀਨ ਹੇਠ ਲਿਖੇ ਕਾਰਜ ਕੀਤੇ ਜਾਣਗੇ :

### 3.4.1 ਰਾਸ਼ਟਰੀ ਮਹਾਂਉਤਸਵ :

ਰਾਸ਼ਟਰੀ ਫ਼ੈਸ਼ਨ ਤਕਨੀਕੀ ਇੰਸਟੀਚਿਊਟ (ਐੱਨ.ਆਈ.ਐੱਫ.ਟੀ.) ਦੀ ਸਹਾਇਤਾ ਨਾਲ ਵਿਕਾਸ ਕਮਿਸ਼ਨਰ, ਹੱਥਖੱਡੀ ਦੇ ਦਫ਼ਤਰ ਵਲੋਂ ਗਣਤੰਤਰ ਦਿਵਸ ਵਰਗੇ ਰਾਸ਼ਟਰੀ ਮਹਾਂਉਤਸਵਾਂ ਵਿਚ ਭਾਗੀਦਾਰੀ ਕੀਤੀ ਜਾ ਰਹੀ ਹੈ। ਇਹ ਕਾਰਜ 11ਵੀਂ ਯੋਜਨਾਂ ਵਿਚ ਜਾਰੀ ਰਖਿਆ ਜਾਏਗਾ। ਹਾਲ ਵਿਚ ਹੀ ਵਿਕਸਿਤ ਤੇ ਪਰੰਪਰਾਗਤ ਰੂਪ ਨਾਲ ਪ੍ਰਸਿੱਧ ਹੱਥਖੱਡੀ ਉਤਪਾਦਾਂ ਦੀ ਇਕ ਚੋਣਵੀਂ ਰੇਂਜ ਨੂੰ ਪ੍ਰਦਰਸ਼ਿਤ ਕਰਦੇ ਹੋਏ ਹਰ ਸਾਲ ਇਕ ਝਾਂਕੀ ਤਿਆਰ ਕੀਤੀ ਜਾਏਗੀ।

### ਕਾਰਜਕਾਰੀ ਏਜੰਸੀ :

ਪ੍ਰਸਤਾਵ ਐੱਨ.ਆਈ.ਐੱਫ.ਟੀ. ਵਲੋਂ ਕੀਤਾ ਜਾ ਸਕਦਾ ਹੈ।

### ਆਰਥਿਕ ਸਹਾਇਤਾ ਸਬੰਧੀ ਪ੍ਰਣਾਲੀ :

ਵਿਕਾਸ ਕਮਿਸ਼ਨਰ (ਹੱਥਖੱਡੀ) ਵਲੋਂ ਗੁਣ-ਦੋਸ਼ ਦੇ ਆਧਾਰ ’ਤੇ ਆਰਥਿਕ ਸਹਾਇਤਾ ਸਬੰਧੀ ਪ੍ਰਣਾਲੀ ਨੂੰ ਮਨਜ਼ੂਰ ਕੀਤਾ ਜਾਏਗਾ।

### 3.4.2 ਪ੍ਰਿੰਟ ਅਤੇ ਇਲੈਕਟ੍ਰੋਨਿਕ ਪ੍ਰਚਾਰ :

ਹੱਥਖੱਡੀ ਨਾਲ ਸਬੰਧਤ ਪ੍ਰਚਾਰ ਅਖ਼ਬਾਰਾਂ ਅਤੇ ਰਸਾਲਿਆਂ ਆਦਿ ਵਿਚ ਪੋਸਟਰਾਂ, ਪੈਂਫਲਟਾਂ, ਕਿਤਾਬਚਿਆਂ, ਪੁਸਤਕਾਂ, ਵਿਸ਼ੇ ਸੂਚੀਆਂ ਦੀ ਛਪਾਈ, ਇਸ਼ਤਿਹਾਰਾਂ ਅਤੇ ਹੋਰ ਕਾਲਮਾਂ/ਲੇਖਾਂ/ਸੰਪਾਦਕੀਆਂ/ਖ਼ਾਸ ਪੂਰਕ ਅੰਕਾਂ ਦੇ ਰੂਪ ਵਿਚ ਕੀਤਾ ਜਾ ਸਕਦਾ ਹੈ। ਵਿਭਿੰਨ ਹੱਥਖੱਡੀ ਯੋਜਨਾਵਾਂ ਨਾਲ ਸਬੰਧਤ ਸੂਚਨਾ ਵੀ ਰਾਸ਼ਟਰੀ ਅਤੇ ਖੇਤਰੀ ਭਾਸ਼ਾ ਵਿਚ ਛਪਾਈ ਜਾ ਸਕਦੀ ਹੈ। ਹੱਥਖੱਡੀ ਦੇ ਵਿਕਾਸ ਲਈ ਇਲੈਕਟ੍ਰੋਨਿਕ ਪ੍ਰਚਾਰ ਸੀ.ਡੀ., ਇੰਟਰਨੈਟ, ਵੈਬਸਾਈਟਾਂ ਦੇ ਵਿਕਾਸ ਦੇ ਜ਼ਰੀਏਕੀਤਾ ਜਾਏਗਾ।

### ਕਾਰਜਕਾਰੀ ਏਜੰਸੀ :

ਪ੍ਰਸਤਾਵ ਐੱਨ.ਐੱਚ.ਡੀ.ਸੀ., ਆਕਾਸ਼, ਰਾਜ ਹੱਥਖੱਡੀ ਵਿਕਾਸ ਨਿਗਮਾਂ, ਰਾਜ ਦੀਆਂ ਉੱਘੀਆਂ ਸਹਿਕਾਰੀ ਸੁਸਾਇਟੀਆਂ ਅਤੇ ਬੁਣਕਰ ਸੇਵਾ ਕੇਂਦਰਾਂ ਤੇ ਵਿਕਾਸ ਕਮਿਸ਼ਨਰ (ਹੱਥਖੱਡੀ) ਵਲੋਂ ਸਮਰੱਥ ਪਾਈ ਗਈ ਅਤੇ ਕਿਸੇ ਹੋਰ ਮਨਜ਼ੂਰਸ਼ੁਦਾ ਏਜੰਸੀ ਵਲੋਂ ਕੀਤਾ ਜਾ ਸਕਦਾ ਹੈ।

### ਆਰਥਿਕ ਸਹਾਇਤਾ ਸਬੰਧੀ ਪ੍ਰਣਾਲੀ :

ਕਿਤਾਬਚਿਆਂ, ਫੋਲਡਰਾਂ, ਵਿਸ਼ੇ-ਸੂਚੀਆਂ, ਰਸਾਲਿਆਂ, ਪੁਸਤਕਾਂ, ਨਕਸ਼ਿਆਂ ਆਦਿ ਲਈ ਜ਼ਿਆਦਾਤਰ ਸੀਮਾ 3.00 ਲੱਖ ਰੁਪਏ ਦੀ ਹੋਵੇਗੀ। ਇਲੈਕਟ੍ਰੋਨਿਕ ਪ੍ਰਚਾਰ ਲਈ ਆਰਥਿਕ ਸਹਾਇਤਾ ਦੀ ਪ੍ਰਣਾਲੀ ਦਾ ਨਿਰਧਾਰਨ, ਵਿਕਾਸ ਕਮਿਸ਼ਨਰ, ਹੱਥਖੱਡੀ ਦੀ ਪ੍ਰਧਾਨਗੀ ਵਾਲੀ ਇਕ ਕਮੇਟੀ ਵਲੋਂ ਗੁਣ-ਦੋਸ਼ ਦੇ ਆਧਾਰ ਤੇ ਕੀਤਾ ਜਾਏਗਾ।

### 3.4.3 ਸੈਮੀਨਾਰ ਅਤੇ ਵਰਕਸ਼ਾਪਾਂ :

ਵਿਭਿੰਨ ਮੌਕਿਆਂ ਤੇ ਹੱਥਖੱਡੀ ਤਕਨੀਕ, ਡਿਜ਼ਾਇਨ ਵਿਕਾਸ, ਪਰੰਪਰਾਗਤ ਡਿਜ਼ਾਇਨਾਂ ਆਦਿ ਦੀ ਬਹਾਲੀ ਦੇ ਬਾਰੇ ਵਿਚ ਨਵੀਂ ਜਾਣਕਾਰੀ 'ਤੇ ਸਲਾਹ-ਮਸ਼ਵਰਾ ਕਰਨ ਅਤੇ ਉਸ ਦਾ ਪ੍ਰਚਾਰ ਕਰਨ ਲਈ ਸੈਮੀਨਾਰਾਂ/ਵਰਕਸ਼ਾਪਾਂ ਦਾ ਆਯੋਜਨ ਕੀਤਾ ਜਾ ਸਕਦਾ ਹੈ।

### ਕਾਰਜਕਾਰੀ ਏਜੰਸੀ

ਪ੍ਰਸਤਾਵ ਐੱਨ.ਐੱਚ.ਡੀ.ਸੀ., ਆਕਾਸ਼, ਬੁਣਕਰ ਸੇਵਾ ਕੇਂਦਰਾਂ, ਰਾਸ਼ਟਰੀ ਕੱਪੜਾ ਡਿਜ਼ਾਇਨ ਕੇਂਦਰ, ਰਾਸ਼ਟਰੀ ਹਸਤਸ਼ਿਲਪ ਅਤੇ ਹੱਥਖੱਡੀ ਅਜਾਇਬਘਰ ਆਦਿ ਵਲੋਂ ਕੀਤਾ ਜਾ ਸਕਦਾ ਹੈ।

### ਆਰਥਿਕ ਸਹਾਇਤਾ ਸਬੰਧੀ ਪ੍ਰਣਾਲੀ :

ਸੈਮੀਨਾਰਾਂ ਅਤੇ ਵਰਕਸ਼ਾਪਾਂ ਲਈ ਟੀ.ਏ./ਡੀ.ਏ. ਸਹਿਤ ਜਗ੍ਹਾ ਦੇ ਕਿਰਾਏ/ਢਾਂਚੇ/ਪ੍ਰਚਾਰ/ਜ਼ਰੂਰੀ ਕੰਮਾਂ ਲਈ ਵਧ ਤੋਂ ਵਧ 5.00 ਲੱਖ ਰੁਪਏ ਦੀ ਹੋਵੇਗੀ ਅਤੇ ਵਿਕਾਸ ਕਮਿਸ਼ਨਰ, ਹੱਥਖੱਡੀ ਦੀ ਪ੍ਰਧਾਨਗੀ ਵਿਚ ਬਣੀ ਇਕ ਕਮੇਟੀ ਵਲੋਂ ਇਨ੍ਹਾਂ ਪ੍ਰਸਤਾਵਾਂ 'ਤੇ ਗੁਣ-ਦੋਸ਼ ਦੇ ਆਧਾਰ 'ਤੇ ਨਿਰਣਾ ਲਿਆ ਜਾਏਗਾ।

### 3.4.4 ਰਾਸ਼ਟਰੀ ਪੁਰਸਕਾਰ :

ਹੱਥਖੱਡੀ ਬੁਣਕਰਾਂ ਦੇ ਵਿਚਕਾਰ ਸਭ ਤੋਂ ਵਧੀਆ ਤੇ ਸਭ ਤੋਂ ਜ਼ਿਆਦਾ ਸਹੀ ਕੰਮ ਨੂੰ ਮਾਨਤਾ ਪ੍ਰਦਾਨ ਕਰਨ ਲਈ ਚੋਣਵੇਂ ਮਾਸਟਰ ਬੁਣਕਰਾਂ ਨੂੰ ਰਾਸ਼ਟਰੀ ਪੁਰਸਕਾਰ ਅਤੇ ਰਾਸ਼ਟਰੀ ਚੰਗੇਰੀ ਯੋਗਤਾ ਪ੍ਰਮਾਣ ਪੱਤਰ ਪ੍ਰਦਾਨ ਕੀਤੇ ਜਾਂਦੇ ਹਨ। ਰਾਸ਼ਟਰੀ ਪੁਰਸਕਾਰਾਂ ਵਿਚ ਇਕ ਪ੍ਰਮਾਣ-ਪੱਤਰ, ਸਰੋਪਾ, ਤਾਂਬੇ ਦਾ ਮੋਮੈਂਟੋ ਅਤੇ 1,00,000/- ਰੁ. ਦਾ ਨਗਦ ਪੁਰਸਕਾਰ ਅਤੇ ਰਾਸ਼ਟਰੀ ਚੰਗੇਰੀ ਯੋਗਤਾ ਪੁਰਸਕਾਰ ਵਿਚ ਇਕ ਪ੍ਰਮਾਣ-ਪੱਤਰ ਅਤੇ 50,000/- ਰੁ. ਦਾ ਇਕ ਪੁਰਸਕਾਰ ਸ਼ਾਮਲ ਹੁੰਦਾ ਹੈ। ਇਸ ਪ੍ਰਯੋਜਨ ਲਈ ਬਣੀ ਇਕ ਕਮੇਟੀ ਬੁਣਕਰਾਂ ਦੀ ਚੋਣ ਕਰਦੀ ਹੈ। ਰਾਸ਼ਟਰੀ ਪੁਰਸਕਾਰਾਂ ਦੇ ਚੋਣ ਲਈ ਵਿਸਤਾਰ ਸਹਿਤ ਦਿਸ਼ਾ-ਨਿਰਦੇਸ਼ ਪਰਿਸ਼ਿਸ਼ਟ-ੜਜ਼ ਵਿਚ ਦਿੱਤੇ ਗਏ ਹਨ।

### ਕਾਰਜਕਾਰੀ ਏਜੰਸੀ ਅਤੇ ਆਰਥਿਕ ਸਹਾਇਤਾ ਸਬੰਧੀ ਪ੍ਰਣਾਲੀ :

ਇਹ ਕਾਰਜ ਵਿਕਾਸ ਕਮਿਸ਼ਨਰ, ਹੱਥਖੱਡੀ ਦੇ ਦਫ਼ਤਰ ਦੇ ਸਹਿਯੋਗ ਨਾਲ ਕੀਤਾ ਜਾਏਗਾ ਜੋ ਆਪਣੇ ਦਸਤਕਾਰਾਂ ਨੂੰ ਰਾਸ਼ਟਰੀ ਪੁਰਸਕਾਰ ਅਤੇ ਚੰਗੇਰੀ ਯੋਗਤਾ ਪ੍ਰਮਾਣ-ਪੱਤਰ ਪ੍ਰਦਾਨ ਕਰੇਗਾ ਅਤੇ ਢਾਂਚਾ, ਪ੍ਰਚਾਰ ਅਤੇ ਜ਼ਰੂਰੀ ਖ਼ਰਚ ਦੀ ਇਕੋ ਜਿਹੀ ਹਿੱਸੇਦਾਰੀ ਦੋਹਾਂ ਦਫ਼ਤਰਾਂ ਵਿਚਕਾਰ ਕੀਤੀ ਜਾਏਗੀ।

### 3.4.5 ਮਾਸਟਰ ਸਿਰਜਣਸ਼ੀਲਤਾ ਪ੍ਰੋਗਰਾਮ :

ਰਾਸ਼ਟਰੀ ਪੁਰਸਕਾਰ ਜੇਤੂਆਂ ਨੂੰ ਜਨਤਾ ਦੇ ਸਾਹਮਣੇ ਆਪਣੇ ਉਤਪਾਦਾਂ ਨੂੰ ਪੇਸ਼ ਕਰਨ ਲਈ ਇਕ ਮੌਕਾ ਪ੍ਰਦਾਨ ਕਰਨ ਲਈ ਇਕ ਖ਼ਾਸ ਪ੍ਰੋਗਰਾਮ ਭਾਵ ਮਾਸਟਰ ਸਿਰਜਣਸ਼ੀਲਤਾ ਪ੍ਰੋਗਰਾਮ ਦਾ ਆਯੋਜਨ ਵਿਕਾਸ ਕਮਿਸ਼ਨਰ, ਹੱਥਖੱਡੀ ਅਤੇ ਵਿਕਾਸ ਕਮਿਸ਼ਨਰ (ਹਸਤਸ਼ਿਲਪ) ਦੇ ਦਫ਼ਤਰਾਂ ਵਲੋਂ ਦਿੱਲੀ ਹਾਟ, ਨਵੀਂ ਦਿੱਲੀ 'ਚ ਹਰ ਸਾਲ ਸਾਂਝੇ ਰੂਪ ਨਾਲ ਕੀਤਾ ਜਾਏਗਾ।

### ਕਾਰਜਕਾਰੀ ਏਜੰਸੀ :

ਵਿਕਾਸ ਕਮਿਸ਼ਨਰ, ਹੱਥਖੱਡੀ ਦੇ ਦਫ਼ਤਰ ਲਈ ਕਾਰਜਕਾਰੀ ਏਜੰਸੀ ਬੁਣਕਰ ਸੇਵਾ ਕੇਂਦਰ, ਦਿੱਲੀ ਹੋਵੇਗਾ।

**ਆਰਿਥਕ ਸਹਾਇਤਾ ਸਬੰਧੀ ਪ੍ਰਣਾਲੀ :**

ਇਕ ਮਾਸਟਰ ਸਿਰਜਣਸ਼ੀਲਤਾ ਪ੍ਰੋਗਰਾਮ ਲਈ ਜਗ੍ਹਾ ਦੇ ਕਿਰਾਏ/ਢਾਂਚੇ/ਪ੍ਰਚਾਰ/ਜ਼ਰੂਰੀ ਕੰਮਾਂ ਲਈ ਵਧ ਤੋਂ ਵਧ ਫੰਡ 10.00 ਲੱਖ ਰੁਪਏ ਦਾ ਹੋਵੇਗਾ। ਬੁਣਕਰ ਸੇਵਾ ਕੇਂਦਰ ਨੂੰ ਸੌ ਪ੍ਰਤੀਸ਼ਤ ਐਡਵਾਂਸ ਦਿੱਤਾ ਜਾ ਸਕਦਾ ਹੈ।

## 3.4.6 ਉਚਿਤ ਤਕਨੀਕੀ ਪ੍ਰਦਰਸ਼ਨੀ :

ਇਸ ਕੰਮ ਦੇ ਅਧੀਨ ਐੱਨ.ਐੱਚ.ਡੀ.ਸੀ., ਡਬਲਯੂ.ਐੱਸ.ਸੀ. ਅਤੇ ਆਈ.ਆਈ.ਐੱਚ.ਟੀ. ਵਰਗੀਆਂ ਚੋਣਵੀਆਂ ਏਜੰਸੀਆਂ ਵਲੋਂ ਹੱਥਖੱਡੀ ਖੇਤਰ ਵਿਚ ਤਕਨੀਕ ਸਬੰਧੀ ਗਤੀਵਿਧੀਆਂ ਦੇ ਬਾਰੇ ਵਿਚ ਪ੍ਰਦਰਸ਼ਨੀ-ਕਮ-ਟ੍ਰੇਨਿੰਗ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾਏਗਾ। ਇਹ ਪ੍ਰੋਗਰਾਮ ਬੁਣਕਰਾਂ ਲਈ ਲਾਭਕਾਰੀ ਹੋਵੇਗਾ, ਜਿਸ ਨਾਲ ਉਹ ਅਪਣਾਈ ਜਾ ਰਹੀਆਂ ਨਵੀਆਂ ਤਕਨੀਕਾਂ ਦੇ ਬਾਰੇ ਵਿਚ ਜਾਣਕਾਰੀ ਹਾਸਲ ਕਰ ਸਕਣਗੇ ਅਤੇ ਉਸ ਪ੍ਰਦਰਸ਼ਨੀ ਦੇ ਜ਼ਰੀਏ ਵਿਕਸਿਤ ਤਕਨੀਕ ਦੇ ਇਸਤੇਮਾਲ ਰਾਹੀਂ ਉਤਪਾਦਿਤ ਆਪਣੇ ਉਤਪਾਦਾਂ ਦੀ ਵਿਕਰੀ ਕਰਨ ਦੀ ਇਜਾਜ਼ਤ ਮਿਲੇਗੀ।

**ਕਾਰਜਕਾਰੀ ਏਜੰਸੀ :**

ਪ੍ਰਸਤਾਵ ਐੱਨ.ਐੱਚ.ਡੀ.ਸੀ., ਬੁਣਕਰ ਸੇਵਾ ਕੇਂਦਰਾਂ ਅਤੇ ਆਈ.ਆਈ.ਐੱਚ.ਟੀ. ਵਲੋਂ ਕੀਤਾ ਜਾ ਸਕਦਾ ਹੈ।

**ਆਰਥਿਕ ਸਹਾਇਤਾ ਸਬੰਧੀ ਪ੍ਰਣਾਲੀ :**

ਜਗ੍ਹਾ ਦੇ ਕਿਰਾਏ/ਢਾਂਚੇ/ਪ੍ਰਚਾਰ/ਜ਼ਰੂਰੀ ਕੰਮਾਂ ਲਈ ਪ੍ਰਾਪਤ ਵਧ ਤੋਂ ਵਧ ਫੰਡ 6.00 ਲੱਖ ਰੁਪਏ ਦਾ ਹੋਵੇਗਾ।

## 3.4.7 ਗਾਹਕ-ਵਪਾਰੀ ਲਈ ਬੈਠਕਾਂ ਸਹਿਤ ਗਾਹਕ-ਵਪਾਰੀ ਦੀਆਂ ਬੈਠਕਾਂ :

ਗਾਹਕ-ਵਪਾਰੀ ਲਈ ਬੈਠਕਾਂ ਸਹਿਤ ਗਾਹਕ-ਵਪਾਰੀ ਦੀਆਂ ਬੈਠਕਾਂ ਵਿਚ ਹਿੱਸੇਦਾਰੀ ਦੇ ਜ਼ਰੀਏ ਬਾਜ਼ਾਰ ਪ੍ਰਵੇਸ਼ ਕੀਤਾ ਜਾਏਗਾ। ਕਾਰਜਕਾਰੀ ਏਜੰਸੀ ਵਲੋਂ ਵਿਕਾਸ ਕਮਿਸ਼ਨਰ (ਹੱਥਖੱਡੀ) ਨੂੰ ਇਕ ਪ੍ਰਸਤਾਵ ਪੇਸ਼ ਕੀਤਾ ਜਾਏਗਾ, ਜੋ ਗੁਣ-ਦੋਸ਼ ਦੇ ਆਧਾਰ 'ਤੇ ਪ੍ਰਸਤਾਵ ਅਤੇ ਫੰਡਾਂ ਦੇ ਬਾਰੇ ਫੈਸਲਾ ਲਵੇਗਾ।

**ਕਾਰਜਕਾਰੀ ਏਜੰਸੀ :**

ਪ੍ਰਸਤਾਵ ਐੱਨ.ਐੱਚ.ਡੀ.ਸੀ., ਆਕਾਸ਼, ਰਾਜ ਸਰਕਾਰਾਂ, ਰਾਜ ਹੱਥਖੱਡੀ ਵਿਕਾਸ ਨਿਗਮਾਂ/ਰਾਜ ਦੀਆਂ ਅਪੈਕਸ ਹੱਥਖੱਡੀ ਸਹਿਕਾਰੀ ਸੁਸਾਇਟੀਆਂ, ਬੁਣਕਰ ਸੇਵਾ ਕੇਂਦਰਾਂ ਆਦਿ ਵਲੋਂ ਕੀਤਾ ਜਾ ਸਕਦਾ ਹੈ।

**ਆਰਥਿਕ ਸਹਾਇਤਾ ਸਬੰਧੀ ਪ੍ਰਣਾਲੀ :**

ਜਗ੍ਹਾ ਦੇ ਕਿਰਾਏ/ਢਾਂਚੇ/ਪ੍ਰਚਾਰ/ਜ਼ਰੂਰੀ ਕੰਮਾਂ ਲਈ ਪ੍ਰਾਪਤ ਵਧ ਤੋਂ ਵਧ ਆਰਥਿਕ ਸਹਾਇਤਾ 5.00 ਲੱਖ ਰੁਪਏ ਦੀ ਹੋਵੇਗੀ।

## 3.4.8 ਵੱਖੋ-ਵੱਖਰੇ ਵਿਕਾਸ ਸਬੰਧੀ ਕੰਮ/ਆਯੋਜਨ :

ਇਸ ਵਿਚ ਟੂਰਿਜ਼ਮ, ਸੰਸਕ੍ਰਿਤੀ ਵਰਗੇ ਵਿਭਿੰਨ ਮੰਤਰਾਲਿਆਂ/ਵਿਭਾਗਾਂ/ਵਿਕਾਸ ਕਮਿਸ਼ਨਰ, ਹੱਥਖੱਡੀ ਆਦਿ ਦੇ ਦਫ਼ਤਰ ਅਤੇ ਹੱਥਖੱਡੀ ਖੇਤਰ ਦਾ ਪ੍ਰਚਾਰ ਕਰਨ ਅਤੇ ਉਸ ਨੂੰ ਹਰਮਨ-ਪਿਆਰਾ ਬਣਾਉਣ ਵਿਚ ਵਿਕਾਸ ਕਮਿਸ਼ਨਰ (ਹੱਥਖੱਡੀ) ਵਲੋਂ ਉਪਯੋਗੀ ਪਾਏ ਗਏ ਮੀਡੀਆ ਦੇ ਕਿਸੇ ਹੋਰ ਸਾਧਨ ਰਾਹੀਂ ਮਨਜ਼ੂਰਸ਼ੁਦਾ/ਪ੍ਰਾਯੋਜਿਤ ਬੁਣਕਰ ਆਦਾਨ-ਪ੍ਰਦਾਨ ਪ੍ਰੋਗਰਾਮਾਂ ਸਹਿਤ ਰੋਡ ਸ਼ੋਅ, ਸਿੱਧਾ ਪ੍ਰਦਰਸ਼ਨ, ਯਾਦ ਚਿੰਨ੍ਹ, ਫ਼ੈਸ਼ਨ ਸ਼ੋਅ, ਸੰਸਕ੍ਰਿਤੀ ਦੇ ਆਦਾਨ-ਪ੍ਰਦਾਨ ਪ੍ਰੋਗਰਾਮਾਂ ਜਿਵੇਂ ਪ੍ਰਚਾਰ ਅਤੇ ਵਿਕਾਸ ਦੇ ਤਰੀਕੇ ਸ਼ਾਮਲ ਹੋਣਗੇ।

**ਕਾਰਜਕਾਰੀ ਏਜੰਸੀ :**

ਪ੍ਰਸਤਾਵ ਐੱਨ.ਐੱਚ.ਡੀ.ਸੀ., ਆਕਾਸ਼, ਰਾਜ ਸਰਕਾਰਾਂ, ਰਾਜ ਹੱਥਖੱਡੀ ਵਿਕਾਸ ਨਿਗਮਾਂ/ਰਾਜ ਦੀਆਂ ਉੱਘੀਆਂ ਹੱਥਖੱਡੀ ਸਹਿਕਾਰੀ ਸੁਸਾਇਟੀਆਂ, ਬੁਣਕਰ ਸੇਵਾ ਕੇਂਦਰਾਂ ਆਦਿ ਵਲੋਂ ਕੀਤਾ ਜਾ ਸਕਦਾ ਹੈ।

**ਆਰਥਿਕ ਸਹਾਇਤਾ ਸਬੰਧੀ ਪ੍ਰਣਾਲੀ :**

ਆਰਥਿਕ ਸਹਾਇਤਾ ਦਾ ਨਿਰਧਾਰਨ ਵਿਕਾਸ ਕਮਿਸ਼ਨਰ (ਹੱਥਖੱਡੀ) ਵਲੋਂ ਪ੍ਰਸਤਾਵਾਂ ਦੇ ਗੁਣ-ਦੋਸ਼ ਦੇ ਆਧਾਰ ਤੇ ਕੀਤਾ ਜਾਏਗਾ।

## 3.5 ਵਸਤੂਆਂ ਦਾ ਭੂਗੋਲਿਕ ਸੰਕੇਤ (ਰਜਿਸਟ੍ਰੇਸ਼ਨ ਤੇ ਸੁਰੱਖਿਆ) ਕਾਨੂੰਨ, 1991

ਵਸਤੂਆਂ ਦਾ ਭੂਗੋਲਿਕ ਸੰਕੇਤ (ਰਜਿਸਟ੍ਰੇਸ਼ਨ ਤੇ ਸੁਰੱਖਿਆ) ਕਾਨੂੰਨ, 1991 ਦੇ ਅਧੀਨ ਪਰੰਪਰਾਗਤ ਹੱਥਖੱਡੀ ਵਸਤੂਆਂ ਭਾਵ ਬਨਾਰਸੀ ਬ੍ਰੋਕੇਡ, ਬੰਗਾਲ ਦੀ ਜਮਦਾਨੀ ਆਦਿ ਦੀ ਸੁਰੱਖਿਆ ਲਈ ਵੀ ਉਪਾਅ ਕੀਤਾ ਜਾਣਗੇ। ਪ੍ਰਸਤਾਵ ਹੈ ਕਿ 11ਵੀਂ ਯੋਜਨਾ ਵਿਚ 1.50 ਲੱਖ ਰੁਪਏ ਪ੍ਰਤੀ ਉਤਪਾਦ ਦੀ ਦਰ ਨਾਲ ਵਿਭਿੰਨ ਰਾਜਾਂ ਦੇ ਲਗਭਗ 110 ਪਰੰਪਰਾਗਤ ਹੱਥਖੱਡੀ ਉਤਪਾਦਾਂ ਨੂੰ ਸ਼ਾਮਿਲ ਕੀਤਾ ਜਾਏ। ਭੂਗੋਲਿਕ ਸੰਕੇਤ ਕਾਨੂੰਨ ਦੇ ਅਧੀਨ ਹੋਰ ਜ਼ਿਆਦਾ ਹੱਥਖੱਡੀ ਉਤਪਾਦਾਂ ਨੂੰ ਲਿਆਂਦੇ ਜਾਣ ਦੇ ਯਤਨ ਕੀਤੇ ਜਾਣਗੇ। ਅਲੱਗ-ਅਲੱਗ ਹੱਥਖੱਡੀ ਵਸਤੂ ਦੇ ਰਜਿਸਟ੍ਰੇਸ਼ਨ ਸਬੰਧੀ ਰਾਜ ਸਰਕਾਰਾਂ ਵਲੋਂ ਖ਼ੁਦ ਜਾਂ ਉਨ੍ਹਾਂ ਦੀਆਂ ਕਾਰਜਕਾਰੀ ਏਜੰਸੀਆਂ ਵਲੋਂ 1.50 ਲੱਖ ਰੁਪਏ ਪ੍ਰਤੀ ਵਸਤੂ ਦੀ ਲਾਗਤ ਜਾਂ ਅਸਲ ਖ਼ਰਚ, ਜੋ ਵੀ ਘੱਟੋ-ਘੱਟ ਹੋਵੇ, ਦੇ ਆਧਾਰ ਤੇ ਲਗਭਗ 1 ਸਾਲ ਦੀ ਸਮੇਂ ਸੀਮਾ ਵਿਚ ਕੀਤਾ ਜਾਏਗਾ। ਕਿਸੇ ਵਾਧੂ ਖ਼ਰਚ ਨੂੰ ਰਾਜ ਸਰਕਾਰ/ਏਜੰਸੀ ਵਲੋਂ ਸਹਿਣ ਕੀਤਾ ਜਾ ਸਕਦਾ ਹੈ। ਫੰਡਾਂ ਨੂੰ ਦੋ ਕਿਸ਼ਤਾਂ ਭਾਵ 50% ਐਡਵਾਂਸ ਦੇ ਰੂਪ ਵਿਚ ਬਾਕੀ 50% ਕੰਮ ਪੂਰਾ ਹੋਣ ਮਗਰੋਂ ਜਾਰੀ ਕੀਤਾ ਜਾ ਸਕਦਾ ਹੈ।

## 3.6 ਹੱਥਖੱਡੀ ਮਾਰਕ :

### ਪਿੱਠਭੂਮੀ

ਹੱਥਖੱਡੀ ਭਾਰਤ ਦੀ ਖ਼ੁਸ਼ਹਾਲ ਸਾਂਸਕ੍ਰਿਤਕ ਵਿਰਾਸਤ ਦਾ ਇਕ ਕਾਲ-ਰਹਿਤ ਪਹਿਲੂ ਹੈ। ਆਰਥਿਕ ਗਤੀਵਿਧੀ ਦੇ ਰੂਪ ਵਿਚ ਹੱਥਖੱਡੀ ਖੇਤਰ ਰੋਜ਼ਗਾਰ ਦੀ ਦ੍ਰਿਸ਼ਟੀ ਤੋਂ ਖੇਤੀ ਤੋਂ ਬਾਅਦ ਦੂਸਰੇ ਨੰਬਰ 'ਤੇ ਆਉਂਦਾ ਹੈ। ਅਨੁਮਾਨ ਹੈ ਕਿ ਹੱਥਖੱਡੀ ਉਦਯੋਗ ਪ੍ਰਤੱਖ ਅਤੇ ਅਪ੍ਰਤੱਖ ਰੂਪ ਨਾਲ 65 ਲੱਖ ਮਜ਼ਦੂਰਾਂ ਨੂੰ ਰੋਜ਼ਗਾਰ ਪ੍ਰਦਾਨ ਕਰਦਾ ਹੈ। ਦੇਸ਼ ਭਰ ਵਿਚ ਲਗਭਗ 35 ਲੱਖ ਖੱਡੀਆਂ ਮੌਜੂਦ ਹਨ। ਸਾਲ 2005-06 ਦੇ ਦੌਰਾਨ ਲਗਭਗ 6188 ਮਿਲੀਅਨ ਵਰਗ ਮੀਟਰ ਹੱਥਖੱਡੀ ਫੈਬਰਿਕਸ ਦੇ ਉਤਪਾਦਨ ਦਾ ਅਨੁਮਾਨ ਹੈ। ਸਾਲ 2005-06 ਦੇ ਦੌਰਾਨ ਹੱਥਖੱਡੀ ਉਤਪਾਦਨ, ਮਿਲ ਅਤੇ ਬਿਜਲੀ ਖੱਡੀ ਖੇਤਰਾਂ ਦੇ ਉਤਪਾਦਨ ਨੂੰ ਮਿਲਾ ਕੇ ਕੁਲ ਕੱਪੜਾ ਉਤਪਾਦਨ ਵਿਚ ਹੱਥਖੱਡੀ ਦਾ ਯੋਗਦਾਨ 16% ਹੋਣ ਦਾ ਅਨੁਮਾਨ ਹੈ।

ਵਧਦੀ ਆਬਾਦੀ ਅਤੇ ਖ਼ੁਸ਼ਹਾਲੀ ਤੋਂ ਸੰਭਾਵਨਾ ਹੈ ਕਿ ਘਰੇਲੂ ਅਤੇ ਅੰਤਰਰਾਸ਼ਟਰੀ ਬਾਜ਼ਾਰ ਖੇਤਰ ਵਧੇਗਾ ਅਤੇ ਪ੍ਰਤੀ ਵਿਅਕਤੀ ਖਪਤ ਵਧੇਗੀ। ਬਿਜਲੀ-ਖੱਡੀ ਅਤੇ ਮਿਲ ਖੇਤਰਾਂ ਦੇ ਵਿਪਰੀਤ ਹੱਥਖੱਡੀ ਖੇਤਰ ਵਿਚ ਛੋਟੇ ਆਕਾਰ 'ਚ ਵਪਾਰਕ ਸਾਮਾਨ ਉਤਪਾਦਨ, ਨਵੀਨਤਾ ਦਾ ਖੁੱਲ੍ਹਾਪਨ, ਨਵੇਂ ਡਿਜ਼ਾਇਨ ਤਿਆਰ ਕਰਨ, ਸਮੂਹਾਂ ਦੀ ਜ਼ਰੂਰਤ ਦੇ ਅਨੁਕੂਲ ਅਤੇ ਵਧੀਆ ਡਿਜ਼ਾਇਨ ਬਣਾਉਣ ਦੀ ਸਮਰੱਥਾ ਹੈ।

ਹੱਥਖੱਡੀ ਖੇਤਰ ਦੀਆਂ ਅਨੇਕ ਚੁਣੌਤੀਆਂ ਹਨ। ਹੱਥਖੱਡੀਆਂ ਦੀ ਬੁਣਾਈ ਮੁੱਖ ਰੂਪ ਨਾਲ ਰੂੰ ਨਾਲ ਹੁੰਦੀ ਹੈ। ਮੌਜੂਦ ਸੂਤ ਦੀ ਖਪਤ ਦਾ ਪੈਟਰਨ ਸਮਾਨ ਰੂਪ ਨਾਲ ਰੂੰ ਅਤੇ ਹੋਰ ਰੇਸ਼ਿਆਂ ਨੂੰ ਮਿਲਾਉਣ ਨਾਲ ਹੋਣ ਦੀ ਸੰਭਾਵਨਾ ਹੈ। ਤਕਨੀਕੀ ਵਿਕਾਸ ਦੇ ਚਲਦੇ ਹੱਥਖੱਡੀ ਦੇ ਉਤਪਾਦ ਕਾਫ਼ੀ ਘੱਟ ਲਾਗਤ ਵਿਚ ਬਿਜਲੀ-ਖੱਡੀ ਨਾਲ ਬਣਾਏ ਜਾ ਰਹੇ ਹਨ। ਜਿੱਥੇ ਸਰਕਾਰ ਦਾ ਯਤਨ ਪੂਰੇ ਕੱਪੜਾ ਉਦਯੋਗ ਦੇ ਚੰਗੇ ਵਾਧੇ ਦੀ ਸਥਿਤੀ ਬਣਾਉਣਾ ਹੈ ਉਥੇ ਸਰਕਾਰ ਇਹ ਵੀ ਨਿਸ਼ਚਿਤ ਕਰਨਾ ਚਾਹੇਗੀ ਕਿ ਜਿੰਨ੍ਹਾਂ ਖੇਤਰਾਂ ਵਿਚ ਬਿਜਲੀ-ਖੱਡੀ ਅਤੇ ਮਿਲਾਂ ਰਾਹੀਂ ਬਹੁਤ ਜ਼ਿਆਦਾ ਉਲੰਘਣਾ ਨਹੀਂ ਕੀਤੀ ਜਾਂਦੀ ਉੱਥੇ ਹੱਥਖੱਡੀ ਲਈ ਰੂਪਰੇਖਾ ਤਿਆਰ ਕੀਤੀ ਜਾਏ।

ਵਿਕਾਸ ਕਮਿਸ਼ਨਰ ਹੱਥਖੱਡੀ ਦਫ਼ਤਰ, ਭਾਰਤ ਸਰਕਾਰ ਬੁਣਕਰਾਂ ਦੇ ਹਿੱਤਾਂ ਦੀ ਸੁਰੱਖਿਆ ਅਤੇ ਕਲਿਆਣ ਲਈ ਅਨੇਕ ਵਿਕਾਸ ਸਬੰਧੀ ਯੋਜਨਾਵਾਂ ਅਤੇ ਪ੍ਰੋਗਰਾਮ ਚਲਾ ਰਹੀ ਹੈ। ਹੱਥਖੱਡੀ ਮਾਰਕ ਅਰੰਭ ਕਰਨ ਦਾ ਪ੍ਰਸਤਾਵ ਹੈ ਜਿਸ ਨਾਲ ਹੱਥਖੱਡੀ ਉਤਪਾਦਾਂ ਦੀ ਸਮੂਹਕ ਪਛਾਣ ਦੀ ਵਿਵਸਥਾ ਹੋਵੇਗੀ। ਇਸ ਨੂੰ ਹੱਥ ਨਾਲ ਬੁਣੇ ਗਏ ਉਤਪਾਦਾਂ ਨੂੰ ਹਰਮਨ-ਪਿਆਰਾ ਬਣਾਉਣ ਲਈ ਪ੍ਰਯੋਗ ਕੀਤਾ ਜਾ ਸਕਦਾ ਹੈ। ਨਾਲ ਹੀ ਖਰੀਦਾਰ ਨੂੰ ਇਸ ਗੱਲ ਦੀ ਗਰੰਟ ਮਿਲੇਗੀ ਕਿ ਖ਼ਰੀਦਿਆ ਜਾਣ ਵਾਲਾ ਉਤਪਾਦ ਯਕੀਨਨ ਹੱਥ ਨਾਲ ਬੁਣਿਆ ਹੋਇਆ ਹੈ। ਇਸ ਤੋਂ ਇਲਾਵਾ, ਉਤਪਾਦ ਜਾਂ ਨਿਰਮਾਤਾ ਦੀ ਪਛਾਣ ਵਿਚ ਇਸ ਨਾਲ ਇਕ ਖ਼ਾਸ ਨਾਂ ਮਿਲੇਗਾ। ਇਸ ਲਈ ਹੱਥਖੱਡੀ ਮਾਰਕ ਇਕ ਮਜ਼ਬੂਤ ਸਿਰਜਣਾਤਮਕ ਕੰਮ ਦਾ ਨਿਸ਼ਾਨ ਹੋਵੇਗਾ ਜਿਸ ਨਾਲ ਉਤਪਾਦ ਦੀ ਸ਼ੁੱਧਤਾ, ਕੰਪੀਟੀਸ਼ਨ ਨਾਲ ਇਹ ਖ਼ਾਸ ਹੋਣ ਅਤੇ ਉਪਭੋਗਤਾਵਾਂ ਨਾਲ ਜੁੜੇ ਰਹਿਣ ਦਾ ਪਤਾ ਚਲਦਾ ਹੈ।

## ਹੱਥਖੱਡੀ ਮਾਰਕ

ਹੱਥਖੱਡੀ ਮਾਰਕ ਬਣਾਉਣ ਦਾ ਕੰਮ ਰਾਸ਼ਟਰੀ ਡਿਜ਼ਾਇਨ ਸੰਸਥਾ, ਅਹਿਮਦਾਬਾਦ ਨੂੰ ਸੌਂਪਿਆ ਗਿਆ ਸੀ। ਪ੍ਰਤੀਕ ਚਿੰਨ੍ਹ (ਲੋਗੋ) ਦਾ ਫਾਰਮ ਤਾਣੇ-ਬਾਣੇ ਨੂੰ ਆਪਸ 'ਚ ਜੋੜ ਕੇ ਤਿਆਰ ਕੀਤਾ ਗਿਆ ਹੈ। ਇਹ ਧਾਗੇ ਆਪਣੀ ਇੰਪੁਟਸ ਅਤੇ ਬੁਣਕਰਾਂ ਦੀ ਕੁਸ਼ਲਤਾ ਨੂੰ ਦਰਸਾਉਂਦੇ ਹੋਏ ਸਹਿਯੋਗ ਦੀ ਭਾਵਨਾ ਨੂੰ ਪ੍ਰਦਰਸ਼ਿਤ ਕਰਦੇ ਹਨ। ਇਨ੍ਹਾਂ ਵਿਚਕਾਰ ਆਪਸੀ ਆਦਾਨ-ਪ੍ਰਦਾਨ ਨਾਲ ਨਜ਼ਦੀਕੀ ਨੈਟਵਰਕ ਬਣਦਾ ਹੈ। ਤਾਣੇ-ਬਾਣੇ ਨੂੰ ਤ੍ਰਿਕੋਣੀ ਚਕੋਰ ਆਕ੍ਰਿਤੀ ਦੇ ਰੂਪ ਵਿਚ ਜੋੜਿਆ ਗਿਆ ਹੈ।

ਹੱਥਖੱਡੀ ਮਾਰਕ ਦੇ ਦੋ ਰੂਪ ਹਨ। ਪਹਿਲਾ-ਘਰੇਲੂ ਉਪਯੋਗ ਲਈ ਜਿਸ ਵਿਚ ਲੋਗੋ ਕੇ ਹੇਠਾਂ ਹੱਥਖੱਡੀ ਸ਼ਬਦ ਲਿਖਿਆ ਗਿਆ ਹੈ ਅਤੇ ਦੂਸਰਾ-ਅੰਤਰਰਾਸ਼ਟਰੀ ਵਪਾਰ ਲਈ ਹੈ, ਜਿਸ ਵਿਚ ਲੋਗੋ ਦੇ ਹੇਠਾਂ ਭਾਰਤ 'ਚ ਬੁਣਿਆ ਹੋਇਆ ਲਿਖਿਆ ਹੋਇਆ ਹੈ।

## ਯੋਜਨਾ ਦੇ ਸਹਾਇਕ ਨੀਤੀ ਸਬੰਧੀ ਉਪਾਅ

7 ਅਪ੍ਰੈਲ, 2006 ਨੂੰ ਐਲਾਨੀ ਵਿਦੇਸ਼ ਵਪਾਰ ਨੀਤੀ 2004-2009 ਦੇ ਸਾਲਾਨਾ ਪਰਿਸ਼ਿਸ਼ਟ ਵਿਚ ਜ਼ਿਕਰ ਹੈ :- ਯੋਜਨਾ ਵਿਚ ਵਧੇਰੇ ਮੁੱਲ ਮਛਲੀ ਅਤੇ ਚਮੜਾ ਉਤਪਾਦ, ਸਟੇਸ਼ਨਰੀ, ਆਤਿਸ਼ਬਾਜ਼ੀ, ਖੇਡਾਂ ਦਾ ਸਾਮਾਨ, ਹੱਥਖੱਡੀ ਮਾਰਕ ਵਾਲੇ ਹੱਥਖੱਡੀ ਉਤਪਾਦ ਅਤੇ ਹਸਤਸ਼ਿਲਪ ਦੀਆਂ ਵਸਤੂਆਂ ਵਰਗੇ ਅਧਿਸੂਚਿਤ ਉਤਪਾਦਾਂ ਦੇ ਨਿਰਯਾਤ ਕਾਰੋਬਾਰ ਦੇ 50% ਨਿਰਯਾਤ ਦਾ ਟੈਕਸ ਭੁਗਤਾਨ ਮੁੱਲ ਦਾ 2.5% ਦੀ ਦਰ ਨਾਲ ਖ਼ਰਚ ਕਰੈਡਿਟ ਸੁਵਿਧਾ ਦੀ ਵਿਵਸਥਾ ਹੈ।

## ਹੱਥਖੱਡੀ ਮਾਰਕ ਦਾ ਵੇਰਵਾ

* ਵਪਾਰ ਮਾਰਕਸ ਐਕਟ, 1999 ਦੇ ਅਧੀਨ ਪ੍ਰਮਾਣਿਕ ਟਰੇਡ ਮਾਰਕ ਰਜਿਸਟ੍ਰੇਸ਼ਨ ਅਤੇ ਕਾਪੀਰਾਈਟ ਐਕਟ, 1957 ਦੇ ਅਧੀਨ ਕਾਪੀਰਾਈਟ ਲਈ ਬੇਨਤੀ ਕੀਤੀ ਗਈ ਹੈ।
* ਹਰੇਕ ਲੇਬਲ, ਪਛਾਣ/ਵਰਗੀਕਰਣ ਲਈ ਉਸ ਦੇ ਪਿੱਛੇ ਕੋਡ ਨੰਬਰ ਦਿੱਤਾ ਹੁੰਦਾ ਹੈ। ਉਦਾਹਰਥ ਵਜੋਂ ਘਰੇਲੂ ਵਿਕਰੀ ਲਈ ਡੀ.ਐੱਫ. ਤੋਂ ਬਾਅਦ ਫੈਬਰਿਕਸ ਦਾ ਕੋਡ ਨੰਬਰ, ਘਰੇਲੂ ਵਿਕਰੀ ਲਈ ਮੇਡ-ਅੱਪਸ ਅਤੇ ਪੋਸ਼ਾਕਾਂ ਲਈ, ਨਿਰਯਾਤ ਲਈ ਈ.ਐੱਫ. ਤੋਂ ਬਾਅਦ ਕੋਡ ਨੰਬਰ ਅਤੇ ਨਿਰਯਾਤ ਲਈ ਈ.ਐੱਮ. ਤੋਂ ਬਾਅਦ ਮੇਡ-ਅੱਪਸ ਅਤੇ ਪੋਸ਼ਾਕਾਂ ਲਈ ਕੋਡ ਨੰਬਰ :-

## ਲੇਬਲ ਲਗਾਉਣ ਦਾ ਤਰੀਕਾ

* ਹਰੇਕ ਮੇਡ-ਅੱਪਸ ਵਸਤੂ ਉੱਤੇ ਅਤੇ ਹੱਥ ਨਾਲ ਬੁਣੇ ਫੈਬਰਿਕ ਨਾਲ ਬਣੀ ਹਰੇਕ ਪੋਸ਼ਾਕ ਉੱਤੇ ਇਕ-ਇਕ ਲੇਬਲ ਲਗਾਇਆ ਜਾਏਗਾ। ਲੇਬਲ ਲਗਾਉਣ ਵਾਲੇ ਕੋਲ ਟੈਗ ਗੰਨ ਜਾਂ ਸਿਲਕਰ ਲੇਬਲ ਲਗਾਉਣ ਦਾ ਵਿਕਲਪ ਹੋਵੇਗਾ।
* ਹੱਥ ਨਾਲ ਬੁਣੇ ਫੈਬਰਿਕ 'ਤੇ ਇਕ ਲੇਬਲ ਫੈਬਰਿਕ ਫੋਲਡ (ਥਾਨ) ਦੇ ਅੰਦਰ ਵੱਲ ਲਗਾਇਆ ਜਾਏਗਾ।
* ਗਾਹਕ ਨੂੰ ਫੈਬਰਿਕ ਰਿਟੇਲ ਕੀਮਤ ਤੇ ਵੇਚਣ ਤੇ ਰਿਟੇਲ ਵਪਾਰੀ ਫੈਬਰਿਕ ਦੇ ਕੱਟੇ ਹੋਏ ਟੁਕੜੇ ਉੱਤੇ ਇਕ ਲੇਬਲ ਲਗਾਏਗਾ।

## ਖੇਤਰ

* ਇਸ ਯੋਜਨਾ ਵਿਚ ਸਾਰੇ ਹੱਥਖੱਡੀ ਫੈਬਰਿਕਸ ਅਤੇ ਉਸ ਨਾਲ ਬਣੇ ਉਤਪਾਦ ਆਉਂਦੇ ਹਨ।
* ਹੱਥਖੱਡੀ ਮਾਰਕ ਯੋਜਨਾ ਦੇਸ਼ ਭਰ ਵਿਚ ਸੰਚਾਲਤ ਹੋਵੇਗੀ। ਇਸ ਯੋਜਨਾ ਵਿਚ ਵਿਅਕਤੀਗਤ ਬੁਣਕਰ, ਉੱਘੇ ਤੇ ਪ੍ਰਾਥਮਿਕ ਹੱਥਖੱਡੀ ਬੁਣਕਰ ਸਹਿਕਾਰੀ ਸੁਸਾਇਟੀਆਂ, ਮਾਸਟਰ ਬੁਣਕਰ ਹੱਥਖੱਡੀ ਵਿਕਾਸ ਨਿਗਮ, ਰਿਟੇਲ ਵਪਾਰੀ ਅਤੇ ਨਿਰਯਾਤਕ ਭਾਗ ਲੈਣ ਅਤੇ ਯੋਜਨਾ ਦੇ ਲਾਭ ਪ੍ਰਾਪਤ ਕਰਨ ਦੇ ਹੱਕਦਾਰ ਹਨ।

## ਉਦੇਸ਼ :-

* ਘਰੇਲੂ ਅਤੇ ਅੰਤਰਰਾਸ਼ਟਰੀ ਬਾਜ਼ਾਰ ਵਿਚ ਹੱਥਖੱਡੀ ਉਤਪਾਦਾਂ ਨੂੰ ਉਤਸਾਹ ਦੇਣਾ।
* ਉਤਪਾਦ ਅਸਲੀ ਹੋਣ ਦੇ ਬਾਰੇ ਵਿਚ ਗਾਹਕ ਨੂੰ ਯਕੀਨ ਦੇਣਾ।
* ਹੱਥਖੱਡੀ ਬੁਣਕਰਾਂ ਦੇ ਅੰਤਰਰਾਸ਼ਟਰੀ ਵਪਾਰਕ ਸੰਪਰਕਾਂ ਵਿਚ ਸੁਧਾਰ।
* ਹੱਥਖੱਡੀ ਉਤਪਾਦਾਂ ਦੀ ਸਪਲਾਈ-ਕੜੀ ਨੂੰ ਮਜ਼ਬੂਤ ਕਰਨਾ।
* ਘਰੇਲੂ ਅਤੇ ਅੰਤਰਰਾਸ਼ਟਰੀ ਬਾਜ਼ਾਰ ਵਿਚ ਹੱਥਖੱਡੀ ਉਤਪਾਦਾਂ ਦੀ ਕੀਮਤ ਵਸੂਲੀ ਵਿਚ ਸੁਧਾਰ।
* ਹੱਥਖੱਡੀ ਬੁਣਕਰ ਕਬੀਲੇ ਦੀ ਆਮਦਨ ਵਿਚ ਸੁਧਾਰ।
* ਸਾਲ ਭਰ ਹੱਥਖੱਡੀ ਬੁਣਕਰਾਂ ਲਈ ਬੇਰੋਕ-ਕਾਰਜ ਪ੍ਰਵਾਹ ਦੀ ਸਹੂਲਤ।
* ਹੱਥਖੱਡੀ ਸਪਲਾਈਆਂ ਅਤੇ ਬੁਣਕਰਾਂ ਦਾ ਡੇਟਾ ਬੇਸ ਤਿਆਰ ਕਰਨਾ ਜਿਸ ਨਾਲ ਭਾਰਤ ਸਰਕਾਰ ਵਲੋਂ ਚਲਾਈ ਜਾ ਰਹੀ ਮੌਜੂਦਾ ਯੋਜਨਾ ਦੇ ਮਾਧਿਅਮ ਨਾਲ ਬੁਣਕਰਾਂ ਦੀ ਸਹਾਇਤਾ ਅਤੇ ਭਾਵੀ ਯੋਜਨਾਵਾਂ ਬਣਾਉਣ ਵਿਚ ਮਦਦ ਮਿਲੇਗੀ।

### ਲਾਭ ਲੈਣ ਵਾਲੇ :

ਵਿਅਕਤੀਗਤ ਬੁਣਕਰ, ਮਾਸਟਰ ਬੁਣਕਰ, ਰਿਟੇਲ ਵਪਾਰੀ, ਨਿਗਮ/ਸਹਿਕਾਰੀ ਸੰਸਥਾਵਾਂ ਅਤੇ ਨਿਰਯਾਤਕ

### ਆਰਥਿਕ ਸਹਾਇਤਾ :

ਵਿਕਾਸ ਕਮਿਸ਼ਨਰ (ਹੱਥਖੱਡੀ) ਵਲੋਂ ਮਨਜ਼ੂਰਸ਼ੁਦਾ ਕਾਰਜ ਯੋਜਨਾ ਅਨੁਸਾਰ

### ਯੋਜਨਾ ਲਾਗੂ ਕਰਨਾ

ਦੇਸ਼ ਵਿਚ ਹੱਥਖੱਡੀ ਮਾਰਕ ਯੋਜਨਾ ਦੇ ਕਾਰਜ ਲਈ ਟੈਕਸਟਾਈਲ ਕਮੇਟੀ ਨੂੰ ਸ਼ਾਮਲ ਕੀਤਾ ਗਿਆ ਹੈ।

### ਹੱਥਖੱਡੀ ਮਾਰਕ ਪ੍ਰਾਪਤ ਕਰਨ ਦੀ ਕਾਰਜ ਵਿਧੀ

* ਫਾਰਮ ਕੱਪੜਾ ਬੋਰਡ ਦੇ ਦਫ਼ਤਰ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।
* ਯੋਜਨਾ ਦੇ ਦੁਰਉਪਯੋਗ ਨੂੰ ਰੋਕਣ ਦੇ ਉਦੇਸ਼ ਨਾਲ, ਵਿਅਕਤੀਗਤ ਬੁਣਕਰਾਂ, ਮਾਸਟਰ ਬੁਣਕਰਾਂ, ਉੱਘੇ ਤੇ ਪ੍ਰਾਥਮਿਕ ਹੱਥਖੱਡੀ ਬੁਣਕਰ ਸਹਿਕਾਰੀ ਸੁਸਾਇਟੀਆਂ, ਹੱਥਖੱਡੀ ਵਿਕਾਸ ਨਿਗਮਾਂ, ਹੱਥਖੱਡੀ ਰਿਟੇਲ ਵਪਾਰੀਆਂ ਅਤੇ ਨਿਰਯਾਤਕਾਂ ਦੇ ਆਨ-ਸਾਈਟ ਜਾਂਚ ਤੋਂ ਬਾਅਦ ਫਾਰਮ ਭਰਨ ਵਾਲਿਆਂ ਦਾ ਰਜਿਸਟ੍ਰੇਸ਼ਨ ਕੀਤਾ ਜਾਏਗਾ।

* ਵਾਸਤਵਿਕ ਹੱਥਖੱਡੀ ਬੁਣਕਰਾਂ, ਮਾਸਟਰ ਬੁਣਕਰਾਂ, ਸੁਸਾਇਟੀਆਂ, ਰਿਟੇਲ ਵਪਾਰੀਆਂ ਅਤੇ ਨਿਰਯਾਤਕਾਂ ਨੂੰ ਨਿਰਧਾਰਤ ਫੀਸ ਦੀ ਅਦਾਇਗੀ ਤੋਂ ਬਾਅਦ ਰਜਿਸਟਰਡ ਕੀਤਾ ਜਾਏਗਾ। ਉਸ ਮਗਰੋਂ ਇਕ ਐਗਰੀਮੈਂਟ 'ਤੇ ਦਸਤਖ਼ਤ ਕੀਤੇ ਜਾਣਗੇ।
* ਨਿਰਯਾਤਕਾਂ (ਤਿਮਾਹੀ ਦੇ ਅਧਾਰ ਤੇ) ਦੇ ਮਾਮਲੇ ਨੂੰ ਛੱਡ ਕੇ ਅਨੁਮਾਨਤ ਸਾਲਾਨਾ ਉਤਪਾਦਨ ਅਤੇ ਵਿਕਰੀ ਦੇ ਅਧਾਰ ਤੇ ਲੇਬਲਾਂ ਦੀ ਸਲਪਾਈ ਕੀਤੀ ਜਾਏਗੀ।
* ਨਿਰਯਾਤਕਾਂ ਦੇ ਮਾਮਲੇ ਵਿਚ ਮੁੱਢਲੀ ਜਾਂਚ ਪਿਛਲੇ ਸਾਲ ਦੀ ਕਾਰਜ ਸਮਾਪਤੀ ਬਾਰੇ ਚਾਰਟਡ ਅਕਾਊਂਟੈਂਟ ਦੇ ਪ੍ਰਮਾਣ-ਪੱਤਰ ਦੇ ਅਧਾਰ ਤੇ ਕੀਤੀ ਜਾਏਗੀ।
* ਰਜਿਸਟਰਡ ਪ੍ਰਯੋਗਕਰਤਾ ਨੂੰ ਮਹੀਨੇਵਾਰ ਵੇਰਵਾ ਪੇਸ਼ ਕਰਨਾ ਹੋਵੇਗਾ।

| ਕ੍ਰਮ ਨੰ. | ਪ੍ਰਯੋਗਕਰਤਾ ਦਾ ਵੇਰਵਾ | ਪ੍ਰਤੀ ਸਾਲ ਰਜਿਸਟ੍ਰੇਸ਼ਨ ਫੀਸ ਇਕ ਵਾਰ |
|---|---|---|
| 1. | ਵਿਅਕਤੀਗਤ ਹੱਥਖੱਡੀ ਬੁਣਕਰ | 100/-ਰੁਪਏ |
| 2. | ਮਾਸਟਰ ਹੱਥਖੱਡੀ ਬੁਣਕਰ | 2,000/-ਰੁਪਏ |
| 3. | ਪ੍ਰਾਥਮਿਕ ਹੱਥਖੱਡੀ ਬੁਣਕਰ ਸਹਿਕਾਰੀ ਸੁਸਾਇਟੀ | 2,000/-ਰੁਪਏ |
| 4. | ਅਪੈਕਸ ਹੱਥਖੱਡੀ ਬੁਣਕਰ ਸਹਿਕਾਰੀ ਸੁਸਾਇਟੀ ਅਤੇ ਹੱਥਖੱਡੀ ਵਿਕਾਸ ਨਿਗਮ | 5,000/-ਰੁਪਏ |
| 5. | ਵਪਾਰੀ/ਰਿਟੇਲ ਵਪਾਰੀ (ਘਰੇਲੂ ਬਾਜ਼ਾਰ) | 5,000/-ਰੁਪਏ |
| 6. | ਉਤਪਾਦਕ ਨਿਰਯਾਤਕ (ਨਿਰਯਾਤ ਬਾਜ਼ਾਰ) | 10,000/-ਰੁਪਏ |
| 7. | ਵਪਾਰੀ ਨਿਰਯਾਤਕ (ਨਿਰਯਾਤ ਬਾਜ਼ਾਰ) | 10,000/-ਰੁਪਏ |

## ਲੇਬਲ ਦੀ ਕੀਮਤ :

ਹੱਥਖੱਡੀ ਮਾਰਕ ਲੇਬਲ ਪੋਲਿਸਟਰ ਤਾਫਤਾ ਸਮੱਗਰੀ ਨਾਲ ਬਣਾਏ ਜਾਂਦੇ ਹਨ। ਇਨ੍ਹਾਂ ਲੇਬਲਾਂ ਨੂੰ ਅੰਤਰਰਾਸ਼ਟਰੀ ਗਾਹਕਾਂ ਦੀਆਂ ਜ਼ਰੂਰਤਾਂ ਦਾ ਧਿਆਨ ਰਖਣ ਵਾਲੇ +ਥਾਂ+ਉਥਧ 100 ਮਾਨਕ ਪ੍ਰਮਾਣਤ ਸਰੋਤਾਂ ਤੋਂ ਪ੍ਰਾਪਤ ਕੀਤਾ ਜਾਏਗਾ। ਹਰੇਕ ਲੇਬਲ 0.60 ਰੁਪਏ ਦੀ ਕੀਮਤ ਦਾ ਹੋਵੇਗਾ। ਰਜਿਸਟਰਡ ਪ੍ਰਯੋਗਕਰਤਾ ਆਪਣੇ ਨਿਰਧਾਰਤ ਉਤਪਾਦਨ/ਵਿਕਰੀ ਸਮਰੱਥਾ ਦੇ ਅਨੁਸਾਰ ਲੇਬਲ ਖਰੀਦਣ ਦੇ ਹੱਕਦਾਰ ਹੋਣਗੇ।

## ਦੁਰਉਪਯੋਗ ਰੋਕਣ ਦੇ ਉਪਾਅ :-

* ਅਫ਼ਸਰਾਂ ਦੀ ਟੀਮ ਵਲੋਂ ਸਮੇਂ-ਸਮੇਂ ਤੇ ਨਿਗਰਾਨੀ ਪ੍ਰੀਖਿਆ
* ਬਾਜ਼ਾਰ ਤੋਂ ਨਮੂਨਾ ਖਰੀਦ ਰਾਹੀਂ ਹੱਥਖੱਡੀ ਮਾਰਕ ਦੀ ਅਚਾਨਕ ਜਾਂਚ ਵੀ ਕੀਤੀ ਜਾਏਗੀ।
* ਵਪਾਰੀ ਨਿਰਯਾਤਕਾਂ, ਰਿਟੇਲ ਵਪਾਰੀਆਂ ਆਦਿ ਨੂੰ ਹੱਥਖੱਡੀ ਉਤਪਾਦ ਸਪਲਾਈ ਦੇ ਸਮੇਂ ਹੋਰ ਜ਼ਰੂਰੀ ਵਾਪਰਕ ਦਸਤਾਵੇਜ਼ਾਂ ਦੇ ਨਾਲ ਇਸ ਗੱਲ ਦਾ ਸਵੈ-ਪ੍ਰਮਾਣ ਪੱਤਰ ਦੇਣਾ ਹੋਵੇਗਾ ਕਿ ਉਤਪਾਦ ਹੱਥਖੱਡੀ 'ਤੇ ਬਣਾਇਆ ਗਿਆ ਹੈ।
* ਇਸ ਤੋਂ ਇਲਾਵਾ ਹੱਥਖੱਡੀ ਮਾਰਕ ਦੇ ਦੁਰਉਪਯੋਗ ਰੋਕਣ ਲਈ ਟੈਕਸਟਾਈਲ ਕਮੇਟੀ ਅਤੇ ਰਜਿਸਟਰਡ ਪ੍ਰਯੋਗਕਰਤਾ ਦੇ ਵਿਚਕਾਰ ਕੀਤੇ ਗਏ ਐਗਰੀਮੈਂਟ ਵਿਚ ਸਜ਼ਾ ਦੇ ਕਾਨੂੰਨ ਹੋਣਗੇ।

* ਪਹਿਲੇ ਭਾਗ ਵਿਚ ਮੁੱਢਲੀ ਜਾਂਚ ਤੋਂ ਬਾਅਦ ਲੇਬਲ ਪ੍ਰਯੋਗਕਰਤਾ ਦਾ ਰਜਿਸਟ੍ਰੇਸ਼ਨ ਰੱਦ ਹੁੰਦਾ ਹੈ। ਇਸ ਨਾਲ ਲੇਬਲਾਂ ਦੀ ਅਗਲੀ ਸਪਲਾਈ ਤੁਰੰਤ ਰੋਕੀ ਜਾ ਸਕਦੀ ਹੈ।
* ਦੂਸਰੇ ਭਾਗ ਦੇ ਅਧੀਨ ਟਰੇਡ ਮਾਰਕ ਐਕਟ, 1999 ਦੇ ਅਧਿਆਇ ਘਜਜ ਦੇ ਪ੍ਰਾਵਧਾਨਾਂ ਦੇ ਅਨੁਸਾਰ ਵਿਅਕਤੀਆਂ/ਹਸਤੀਆਂ ਦੇ ਖ਼ਿਲਾਫ਼ ਕਾਰਵਾਈ ਕੀਤੀ ਜਾ ਸਕਦੀ ਹੈ ਜਿਸ ਵਿਚ 6 ਮਹੀਨੇ ਤੋਂ ਜ਼ਿਆਦਾ ਸਮੇਂ ਦੀ ਕੈਦ ਜਿਸ ਨੂੰ ਤਿੰਨ ਸਾਲ ਤਕ ਵਧਾਇਆ ਜਾ ਸਕਦਾ ਹੈ ਅਤੇ ਪੰਜਾਹ ਹਜ਼ਾਰ ਰੁਪਏ ਤੋਂ ਜ਼ਿਆਦਾ ਦਾ ਜੁਰਮਾਨਾ ਜਿਸ ਨੂੰ ਦੋ ਲੱਖ ਰੁਪਏ ਤਕ ਵਧਾਇਆ ਜਾ ਸਕਦਾ ਹੈ ਅਤੇ ਜਿਸ ਨੂੰ ਦੂਸਰੇ ਅਤੇ ਬਾਅਦ ਵਿਚ ਜੁਰਮ ਸਾਬਤ ਹੋਣ ਆਦਿ ਤੇ ਜੁਰਮਾਨੇ ਨੂੰ ਵਧਾਇਆ ਜਾ ਸਕਦਾ ਹੈ, ਸ਼ਾਮਲ ਹੈ।
* ਤੀਸਰੇ ਭਾਗ ਦੇ ਅਧੀਨ ਕਾਪੀਰਾਈਟ ਐਕਟ, 1957 ਦੇ ਅਧਿਆਇ ਘਜਜਜ ਵਿਚ ਦਿੱਤੇ ਗਏ ਪ੍ਰਾਵਧਾਨਾਂ ਦੇ ਅਨੁਸਾਰ ਵਿਅਕਤੀਆਂ/ਹਸਤੀਆਂ ਦੇ ਖ਼ਿਲਾਫ਼ ਕਾਰਵਾਈ ਕੀਤੀ ਜਾ ਸਕਦੀ ਹੈ। ਸਜ਼ਾ ਦਾ ਸਰੂਪ ਟਰੇਡ ਮਾਰਕ ਐਕਟ, 1999 ਵਿਚ ਦਿੱਤੀ ਗਈ ਸਜ਼ਾ ਦੇ ਅਨੁਸਾਰ ਹੈ।

## ਗਾਹਕ ਸਰੋਕਾਰ :-

ਹੱਥਖੱਡੀ ਮਾਰਕ ਵਾਲੇ ਉਤਪਾਦ ਦੀ ਪ੍ਰਮਾਣਿਕਤਾ ਦੇ ਬਾਰੇ 'ਚ ਕਿਸੇ ਗਾਹਕ ਨੂੰ ਸ਼ੱਕ ਦੀ ਸਥਿਤੀ ਵਿਚ ਉਹ ਬਿਲ ਦੀ ਫੋਟੋਕਾਪੀ ਅਤੇ ਕੋਡ ਨੰਬਰ ਦੇ ਨਾਲ ਟੈਕਸਟਾਈਲ ਕਮੇਟੀ ਨਾਲ ਸੰਪਰਕ ਕਰ ਸਕਦਾ ਹੈ। ਨਿਸ਼ਕਰਸ਼ਾਂ ਦੇ ਅਧਾਰ ਤੇ ਟੈਕਸਟਾਈਲ ਕਮੇਟੀ ਲੇਬਲ ਪ੍ਰਯੋਗਕਰਤਾ ਦੇ ਨਾਲ ਕੀਤੇ ਗਏ ਐਗਰੀਮੈਂਟ ਅਤੇ ਟਰੇਡ ਮਾਰਕ ਐਕਟ 1999 ਦੇ ਅਨੁਸਾਰ ਕਾਰਵਾਈ ਅਰੰਭ ਕਰੇਗਾ। ਗਾਹਕ ਕੋਲ ਉਪਭੋਗਤਾ ਕਚਹਿਰੀਆਂ ਵਿਚ ਜਾਣ ਦਾ ਵਿਕਲਪ ਵੀ ਹੋਵੇਗਾ। ਇਸ ਦਾ ਪ੍ਰਚਾਰ ਮਾਧਿਅਮਾਂ ਨਾਲ ਵਿਆਪਕ ਪ੍ਰਚਾਰ ਕੀਤਾ ਜਾਏਗਾ।

## ਟੈਕਸਟਾਈਲ ਕਮੇਟੀ, ਹੱਥਖੱਡੀ ਲੇਬਲ ਜਾਰੀ ਕਰਨ ਬਾਰੇ 'ਚ :-

ਟੈਕਸਟਾਈਲ ਕਮੇਟੀ 1963 ਵਿਚ ਸੰਸਦ ਦੇ ਐਕਟ ਦੇ ਅਧੀਨ ਬਣੀ ਇਕ ਸੰਸਥਾ ਹੈ। ਇਸ ਦਾ ਕੰਮ ਭਾਰਤੀ ਕੱਪੜਾ ਉਦਯੋਗ ਵਿਚ ਗੁਣਵੱਤਾ ਵਧਾਉਣਾ ਹੈ। ਦੇਸ਼ ਭਰ ਵਿਚ 600 ਕਰਮਚਾਰੀ, ਜਿਸ ਵਿਚੋਂ 400 ਕਰਮਚਾਰੀ ਤਕਨੀਕੀ ਦ੍ਰਿਸ਼ਟੀ ਨਾਲ ਮਾਹਿਰ ਹਨ, ਦੀ ਸਹਾਇਤਾ ਨਾਲ 31 ਦਫ਼ਤਰਾਂ ਦੇ ਮਾਧਿਅਮ ਨਾਲ ਉਪਰੋਕਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਹ ਦਫ਼ਤਰ ਹੇਠ ਲਿਖੀਆਂ ਥਾਵਾਂ ਤੇ ਹਨ :-

**ਮੈਂਬਰ-ਸਕੱਤਰ, ਟੈਕਸਟਾਈਲ ਕਮੇਟੀ**
ਪੀ. ਬਾਲੂ ਰੋਡ, ਪ੍ਰਭਾਦੇਵੀ ਚੌਂਕ, ਪ੍ਰਭਾਦੇਵੀ, ਮੁੰਬਈ-400025
ਫ਼ੋਨ : 91-22-66527507, 66527500 (ਬੋਰਡ)
ਫ਼ੈਕਸ : 91-22-66527509
ਈ-ਮੇਲ :- secy@giabm01.vsnl.net.in

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
"ਅੰਕੁਰ" ਦੇ ਸਾਹਮਣੇ ਦਿਨਬਾਲ ਟਾਵਰ, ਮਿਰਜ਼ਾਪੁਰ ਰੋਡ,
ਲਾਲ ਦਰਵਾਜ਼ਾ, ਅਹਿਮਦਾਬਾਦ-380001 (ਗੁਜਰਾਤ)
ਫ਼ੋਨ : 91-79-25507612
ਫ਼ੈਕਸ :91-79-25507633
ਈ-ਮੇਲ :- tcabd@eth.net

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
ਐੱਫ਼.ਕੇ.ਸੀ.ਸੀ.ਆਈ., ਡਬਲਯੂ.ਟੀ.ਸੀ. ਬਿਲਡਿੰਗ, ਪਹਿਲੀ ਮੰਜ਼ਲ,
ਕੰਪੇ ਗੌੜਾ ਰੋਡ, ਬੰਗਲੂਰ-560009 (ਕਰਨਾਟਕ)
ਫ਼ੋਨ : 91-80-22261401/22208010
ਫ਼ੈਕਸ : 91-80-22261401
ਈ-ਮੇਲ :- tcabd@vsnl.net

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
ਮਾਰਫ਼ਤ ਉੜੀਸਾ ਰਾਜ ਹੱਥਖੱਡੀ ਵਿਕਾਸ ਨਿਗਮ ਲਿ.,
ਹਾਸਤਾਨਤਾ ਭਵਨ, ਜਨਪਥ, ਈਕਾਈ-ਜ਼ਧ,
ਭੁਵਨੇਸ਼ਵਰ-751022 (ਉੜੀਸਾ)
ਫ਼ੋਨ : 91-674-2543723
ਈ-ਮੇਲ :- tcbbsr@sify.com

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
ਉੱਤਰੀ ਖੰਡ, ਪਹਿਲੀ ਮੰਜ਼ਲ, ਟੀ.ਐੱਨ.ਐੱਸ.ਸੀ. ਬੋਰਡ ਕੰਪਲੈਕਸ,
212, ਆਰ.ਕੇ. ਮੁੱਟ ਰੋਡ, ਮਲਾਪੁਰਾ, ਚੈਰਾਈ-600004 (ਟੀ.ਐੱਨ.)
ਫ਼ੋਨ : 91-44-24610887/5901/24640240
ਟੈਲੀਫ਼ੈਕਸ: 91-44-24615901
ਈ-ਮੇਲ :- tc-chennai@saynam.net.in

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
3/108, ਐੱਮ.ਜੀ. ਰੋਡ, (ਮੇਨ ਰੋਡ) ਮ, ਏਕਾਮਬਾਰਾਕੁੱਪਮ-517592
ਨਗਰੀ ਮੰਗਲਮ, ਚਿਤੌਰ ਜ਼ਿਲ੍ਹਾ (ਏ.ਪੀ.)
ਫ਼ੋਨ : 91-8577-234619

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
ਮਾਰਫ਼ਤ ਏ.ਪੀ. ਸੂਤੀ ਐਸੋਸੀਏਸ਼ਨ ਬਿਲਡਿੰਗ,
ਲੱਛਮੀਪੁਰਮ ਮੇਨ ਰੋਡ, ਗੁੰਟੂਰ (ਆਂਧਰ ਪ੍ਰਦੇਸ਼)
ਫ਼ੋਨ : 91-863-2218951
ਫ਼ੈਕਸ : 91-863-2359659
ਈ-ਮੇਲ :- tcguntur@sify.com

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
ਗੁਣਵੱਤਾ ਨਿਯੰਤ੍ਰਣ ਦਫ਼ਤਰ ਬਿਲਡਿੰਗ, ਦੂਸਰੀ ਮੰਜ਼ਲ,
ਇੰਡਸਟ੍ਰੀਅਲ ਐਸਟੇਟ, ਬਾਮੁਨਿਮੈਦਾਨ,
ਗੁਹਾਟੀ-781021 (ਅਸਮ)
ਫ਼ੋਨ : 91-361-2653020
ਈ-ਮੇਲ :- tcguwahati@sify.com

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
ਰਾਵ ਹਾਊਸ ਨੰ. 3, 6-3-247 ਮਹੇਸ਼ਵਰੀ ਟਾਵਰ,
ਬੰਜਾਰਾ ਹਿਲਸ, ਰੋਡ ਨੰ. 1, ਹੈਦਰਾਬਾਦ-500034 (ਏ.ਪੀ.)
ਟੈਲੀਫ਼ੈਕਸ : 91-4023327153
ਈ-ਮੇਲ :- tchyd@vsnl.net

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
ਹਾਲ ਨੰ. 1, ਵਾਰਡ ਨੰ. 10, ਰਾਜਾਰਾਮ ਸਟੇਡੀਅਮ,
ਨੇੜੇ ਸ਼ਿਵਾਜੀ ਪੁਤਲਾ, ਇਚਾਲਕਾਰਾਂਜੀ-416115 (ਮਹਾਂਰਾਸ਼ਟਰ)
ਫ਼ੋਨ : 91-230-2420838
ਈ-ਮੇਲ :- tcich@sancharnet.in

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
ਸੀ-1, ਐੱਫ-ਟਾਈਪ, ਇੰਦਰਾ ਕੰਪਲੈਕਸ, ਵਿਕਾਸ ਟਾਵਰ,
ਨਵਲਖਾ, ਇੰਦੌਰ-452001 (ਐੱਮ.ਪੀ.),
ਫ਼ੋਨ : 91-7312401243
ਈ-ਮੇਲ :- tcindore@vsnl.net

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
ਐੱਨ/ਐੱਸ/ਓ/2, ਨਹਿਰੂ ਪਲੇਸ, ਟੈਂਕ ਰੋਡ,
ਜੈਪੁਰ-302015 (ਰਾਜਸਥਾਨ),
ਫ਼ੋਨ : 91-141-2743453, 5105234
ਫ਼ੈਕਸ : 91-141-2403020
ਈ-ਮੇਲ :- tcjaipur@sancharnet.in

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
"ਕ੍ਰਿਸ਼ਣਾ ਕ੍ਰਿਪਾ", ਪਲਾਟ ਨੰ. 48, 11ਵਾਂ ਪਾਲ ਰੋਡ,
ਸਰਦਾਰਪੁਰਾ, ਜੋਧਪੁਰ-342003 (ਰਾਜਸਥਾਨ),
ਫ਼ੋਨ ਤੇ ਟੈਲੀਫ਼ੈਕਸ : 91-291-2610578
ਈ-ਮੇਲ :- jodhpurtc@sancharnet.in

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
ਪਲਾਟੀਨਿਯਮ ਕੇਂਦਰ, ਦੂਜੀ ਮੰਜ਼ਲ, ਬੈਂਕ ਰੋਡ,
ਕਏਰਾਰ-670001 (ਕੇਰਲ),
ਟੈਲੀਫ਼ੈਕਸ : 91-497-2706390
ਈ-ਮੇਲ :- cnn.tccan@sancharnet.in

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
117/ਕਯੂ/52, ਸ਼ਾਰਦਾ ਨਗਰ (ਕਾਕਾਦੇਵ) ਨੇੜੇ ਸਿੰਡੀਕੇਟ ਬੈਂਕ,
ਕਾਨਪੁਰ-208025 (ਯੂ.ਪੀ.)
ਫ਼ੋਨ : 91-512-2582458, 2581464
ਫ਼ੈਕਸ : 91-512-2582458
ਈ-ਮੇਲ :- tckanpur@tol.net.in

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
ਕੇ.ਵੀ.ਆਰ. ਕੰਪਲੈਕਸ, ਦੂਜੀ ਮੰਜ਼ਲ, 21-ਜੇ.,
80 ਫੁੱਟਾ ਰੋਡ, ਕਰੂਰ-639002 (ਟੀ.ਐੱਨ.)
ਫ਼ੋਨ : 91-4324-238610
ਫ਼ੈਕਸ : 91-4324-274871
ਈ-ਮੇਲ :- kru-te tckaru@sancharnet.in

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
ਬਲਾਕ-ਜੀ.ਐੱਨ. ਪਲਾਟ-38/3, ਸੈਕਟਰ 5,
ਸ਼ਾਲਟ ਲੇਕ ਕੋਲਕਾਤਾ-700091
ਫ਼ੋਨ : 91-33-23575202, 23575155
ਫ਼ੈਕਸ : 91-33-23575202
ਈ-ਮੇਲ :- tccal@vsnl.net

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
48-ਬੀ, ਟੈਗੋਰ ਨਗਰ, ਸਿਵਿਲ ਲਾਈਨ, ਲੁਧਿਆਣਾ-141001 (ਪੰਜਾਬ)
ਫ਼ੋਨ : 91-161-2305635
ਫ਼ੈਕਸ : 91-161-2304906
ਈ-ਮੇਲ :- tcludhiana@satyam.net.in

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
11-ਬੀ, ਜਵਾਹਰ ਰੋਡ, ਨੇੜੇ ਵਾਦਾਮਾਲਯਾਨ ਹਸਪਤਾਲ,
ਚੌਕੀਕੁੱਲਮ, ਮਦੁਰਈ-625002 (ਟੀ.ਐੱਨ.)
ਟੈਲੀਫ਼ੈਕਸ : 91-452-2535748/58
ਈ-ਮੇਲ :- tcmadurai@satyam.net.in

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
ਬ੍ਰੰਦਾਵਨ, ਪਹਿਲੀ ਮੰਜ਼ਲ, 744, ਡਬਲਯੂ.ਐੱਚ.ਸੀ. ਰੋਡ,
ਧਰਮਾਪੈਠ, ਨਾਗਪੁਰ-440010
ਟੈਲੀਫ਼ੈਕਸ : 91-712-2561564
ਈ-ਮੇਲ :- tcnagpur@nagpur.dot.net.in

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
39, ਕਮਿਊਨਿਟੀ ਸੈਂਟਰ, ਈਸਟ ਆਫ਼ ਕੈਲਾਸ਼,
ਨਵੀਂ ਦਿੱਲੀ-110065
ਟੈਲੀਫ਼ੈਕਸ : 91-11-26483476
ਈ-ਮੇਲ :- tcdek@vsnl.net

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
41, ਕਮਿਊਨਿਟੀ ਸੈਂਟਰ, ਫੇਜ਼-1,
ਨਾਰਾਇਣਾ ਇੰਡਸਟ੍ਰੀਅਲ ਏਰੀਆ, ਨਵੀਂ ਦਿੱਲੀ-110028
ਫ਼ੋਨ : 91-11-25799455
ਫ਼ੈਕਸ : 91-11-25893241
ਈ-ਮੇਲ :- tcnarain@vsnl.net

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
ਸ਼ਿਵਾ ਕੰਪਲੈਕਸ, ਅਸੰਧ ਰੋਡ,
ਨੇੜੇ ਰੇਵਲੇ ਕਰਾਸਿੰਗ,
ਪਾਣੀਪਤ-132103 (ਹਰਿਆਣਾ)
ਫ਼ੋਨ : 91-180-2658324
ਈ-ਮੇਲ :- tcpanipat@eth.net

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
ਪਹਿਲੀ ਮੰਜ਼ਲ, ਕਾਲਿੰਗ ਨਿਲਾਯਾਮ,
495-496, ਤ੍ਰਿਚੀ ਮੇਨ ਰੋਡ,
ਗੁਗਈ, ਸੇਲਮ-636006 (ਟੀ.ਐੱਨ.)
ਫ਼ੋਨ : 91-427-2467740
ਈ-ਮੇਲ :- tcsalam@sancharnet.in

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
162/11, ਰੇਲਵੇ ਲਾਈਸ਼ਸ,
ਸੋਲਾਪੁਰ-413001 (ਮਹਾਂਰਾਸ਼ਟਰ)
ਫ਼ੋਨ : 91-217-2312698
ਈ-ਮੇਲ :- tcsolapur@sancharnet.in

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
ਬਲਾਕ ਨੰ. 2(ਏ), ਦੂਜੀ ਮੰਜ਼ਲ, ਰੇਸ਼ਮ ਭਵਨ, ਲਾਲ ਦਰਵਾਜ਼ਾ,
ਸੂਰਤ-395003 (ਗੁਜਰਾਤ)
ਫ਼ੋਨ : 91-261-7423167
ਈ-ਮੇਲ :- tcsurat@yahoo.com

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
205, ਬੀ.ਐੱਸ. ਸੁੰਦਰਮ ਰੋਡ, ਡੀ.ਐੱਲ.ਐੱਮ. ਜੀ. ਪ੍ਰੈਸਿੰਗ ਫ਼ੈਕਟਰੀ,
ਤਿਰੂਪੁਰ-641601 (ਟੀ.ਐੱਨ.)
ਫ਼ੋਨ : 91-421-2201402
ਫ਼ੈਕਸ : 91-421-2202500
ਈ-ਮੇਲ :- tctirupur@eth.net

**ਟੈਕਸਟਾਈਲ ਕਮੇਟੀ ਦਾ ਖੇਤਰੀ ਦਫ਼ਤਰ**
ਈ.ਯੂ.ਪੀ.ਈ.ਏ.,ਬੀ-2, ਗੁਰੂਕ੍ਰਿਪਾ ਕਾਲੋਨੀ,
ਨਾਦੇਸ਼ਵਰ, ਵਾਰਾਣਸੀ-221002
ਫ਼ੋਨ : 91-542-2500616, 2500413

## 4.0 ਨਿਗਰਾਨੀ ਤੇ ਮੁੱਲਾਂਕਣ :

ਇਸ ਗੱਲ ਨੂੰ ਨਿਸ਼ਚਿਤ ਕਰਨ ਲਈ ਕਿ ਇਸ ਯੋਜਨਾ ਦੇ ਅਧੀਨ ਕੀਤੇ ਗਏ ਕੰਮ ਇਸ ਯੋਜਨਾ ਵਿਚ ਦਸੇ ਉਦੇਸ਼ਾਂ ਦੇ ਅਨੁਸਾਰ ਹਨ ਅਤੇ ਇਨ੍ਹਾਂ ਦੀ ਕਾਰਜਕਾਰਤਾ ਸਹੀ ਅਤੇ ਨਿਰਧਾਰਿਤ ਨਿਰਦੇਸ਼ਾਂ ਦੇ ਅਨੁਸਾਰ ਕੀਤੀ ਜਾਂਦੀ ਹੈ ਅਤੇ ਇਹ ਹੱਥਖੱਡੀ ਖੇਤਰ ਦੀ ਖ਼ੁਸ਼ਹਾਲੀ ਅਤੇ ਵਿਕਾਸ ਦੇ ਸੰਪੂਰਨ ਹਿਤ ਵਿਚ ਹਨ, ਵਿਕਾਸ ਕਮਿਸ਼ਨਰ ਦਾ ਦਫ਼ਤਰ ਕਾਰਜਕਾਰੀ ਏਜੰਸੀ ਤੋਂ ਸਮੇਂ-ਸਮੇਂ ਤੇ ਰਿਪੋਰਟ ਪ੍ਰਾਪਤ ਕਰਕੇ ਕੰਮ ਦੀ ਨਿਗਰਾਨੀ ਕਰੇਗਾ। ਇਸ ਤੋਂ ਇਲਾਵਾ, ਜ਼ਿੰਮੇਵਾਰ ਅਫ਼ਸਰ ਵਲੋਂ ਫੰਡ ਜਾਰੀ ਕਰਦੇ ਸਮੇਂ ਨਿਰਧਾਰਤ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਭਾਗਾਂ ਦੇ ਕੰਮ ਦੀ ਜਾਂਚ ਕੀਤੀ ਜਾਏਗੀ।

## ਹੱਥਖੱਡੀ ਨਿਰਯਾਤ ਵਿਕਾਸ

## 5.0 ਹੱਥਖੱਡੀ ਨਿਰਯਾਤ ਵਿਕਾਸ ਦੇ ਉਦੇਸ਼ :

i. ਯੋਗ ਅਪੈਕਸ/ਪ੍ਰਾਥਮਿਕ ਹੱਥਖੱਡੀ ਸੁਸਾਇਟੀਆਂ ਅਤੇ ਨਿਗਮਾਂ ਨੂੰ ਡਿਜ਼ਾਇਨ ਬਣਾਉਣ ਲਈ ਕਿਸੇ ਵਪਾਰਕ ਡਿਜ਼ਾਇਨਰ ਨੂੰ ਲਗਾਉਣਾ, ਕੁਸ਼ਲਤਾ ਵਿਕਾਸ, ਪ੍ਰੋਫੈਸ਼ਨਲ ਵਪਾਰ ਸਲਾਹ ਦੇਣ ਵਾਲੇ ਆਦਿ ਨੂੰ ਮੁਹੱਈਆ ਕਰਵਾ ਕੇ ਨਿਰਯਾਤ ਯੋਗ ਉਤਪਾਦਾਂ ਦਾ ਵਿਕਾਸ ਕਰਕੇ ਉਨ੍ਹਾਂ ਨੂੰ ਸਹਾਇਤਾ ਪ੍ਰਦਾਨ ਕਰਨਾ।

ii. ਅੰਤਰਰਾਸ਼ਟਰੀ ਪ੍ਰਦਰਸ਼ਨੀਆਂ, ਗਾਹਕ-ਵਪਾਰੀ ਦੀਆਂ ਬੈਠਕਾਂ ਆਦਿ ਸਹਿਤ ਗਾਹਕ-ਵਪਾਰੀ ਦੀਆਂ ਬੈਠਕਾਂ ਵਿਚ ਹਿੱਸੇਦਾਰੀ ਅਤੇ ਹੱਥਖੱਡੀ ਮਾਰਕ ਅਤੇ ਹੋਰ ਉਪਾਵਾਂ ਦੇ ਜ਼ਰੀਏ ਪ੍ਰਚਾਰ ਅਤੇ ਬ੍ਰਾਂਡ ਵਿਕਾਸ ਦੇ ਮਾਧਿਅਮ ਨਾਲ ਬਾਜ਼ਾਰ ਪ੍ਰਵੇਸ਼।

## 6.0 ਹੱਥਖੱਡੀ ਵਿਕਾਸ ਦੇ ਅਧੀਨ ਉਪ-ਭਾਗ

i. ਨਿਰਯਾਤ ਪਰਿਯੋਜਨਾ।

ii. ਅੰਤਰਰਾਸ਼ਟਰੀ ਮੇਲੇ ਅਤੇ ਪ੍ਰਦਰਸ਼ਨੀਆਂ।

iii. ਡਿਜ਼ਾਇਨ ਸਟੂਡੀਓਜ਼ ਦੀ ਸਥਾਪਨਾ।

iv. ਵਿਭਿੰਨ ਤਰ੍ਹਾਂ ਦੇ ਵਿਕਾਸ ਸਬੰਧੀ ਆਯੋਜਨ/ਕਾਰਜ।

## 6.1 ਨਿਰਯਾਤ ਪਰਿਯੋਜਨਾਵਾਂ :

ਨਿਰਯਾਤ ਵਾਲੇ ਉਤਪਾਦਾਂ ਦਾ ਵਿਕਾਸ ਕਰਨ ਅਤੇ ਉਨ੍ਹਾਂ ਦੇ ਅੰਤਰਰਾਸ਼ਟਰੀ ਵਪਾਰ ਵਿਚ ਸਹਾਇਤਾ ਕਰਨ ਲਈ ਨਿਰਯਾਤ ਪਰਿਯੋਜਨਾਵਾਂ ਸਵੀਕਾਰ ਕੀਤੀਆਂ ਜਾਣਗੀਆਂ।

### 6.1.1 ਕਿਸੇ ਨਿਰਯਾਤ ਪਰਿਯੋਜਨਾ ਦੇ ਹੇਠ ਲਿਖੇ ਉਪ-ਭਾਗ ਹੋਣਗੇ :

(i) ਡਿਜ਼ਾਇਨ ਨਵੀਨੀਕਰਨ ਅਤੇ ਉਤਪਾਦ ਵਿਭਿੰਨਤਾ;

(ii) ਕੁਸ਼ਲਤਾ ਦਾ ਵਿਕਾਸ ਅਤੇ ਖੱਡੀਆਂ ਦਾ ਸੁਧਾਰ ;

(iii) ਨਮੂਨਾ ਵਿਕਾਸ ;

(iv) ਪੈਕਿੰਗ ਟ੍ਰੇਨਿੰਗ ;

(v) ਵਪਾਰਕ ਸਲਾਹ ਦੇਣ ਵਾਲੇ ਦੀ ਨਿਯੁਕਤੀ ;

(vi) ਵਿਕਾਸ ਸਬੰਧੀ ਸਮੱਗਰੀ ਦਾ ਵਿਕਾਸ, ਅਤੇ

(vii) ਪ੍ਰਚਾਰ ਅਤੇ ਵਪਾਰ।

### 6.1.2 ਨਿਰਯਾਤ ਪਰਿਯੋਜਨਾ ਦੇ ਕਾਰਜ ਲਈ ਯੋਗ ਏਜੰਸੀਆਂ :

* ਰਾਸ਼ਟਰੀ ਅਤੇ ਰਾਜ-ਪੱਧਰੀ ਹੱਥਖੱਡੀ ਨਿਗਮ
* ਅਪੈਕਸ/ਪ੍ਰਾਥਮਿਕ ਹੱਥਖੱਡੀ ਸਹਿਕਾਰੀ ਸੁਸਾਇਟੀਆਂ

### 6.1.3 ਨਿਰਯਾਤ ਪਰਿਯੋਜਨਾ ਚਲਾਉਣ ਲਈ ਯੋਗ ਏਜੰਸੀਆਂ :

* ਰਾਜ ਹੱਥਖੱਡੀ ਅਤੇ ਕੱਪੜਾ ਇੰਚਾਰਜ ਨਿਦੇਸ਼ਕ
* ਬੁਣਕਰ ਸੇਵਾ ਕੇਂਦਰ

### 6.1.4 ਨਿਰਯਾਤ ਪਰਿਯੋਜਨਾ ਲਈ ਆਰਥਿਕ ਸਹਾਇਤਾ ਸਬੰਧੀ ਪ੍ਰਣਾਲੀ :

| ਕ੍ਰ.ਸੰ. | ਉਪ-ਸਿਰਲੇਖ | ਭਾਰਤ ਸਰਕਾਰ ਦਾ ਹਿੱਸਾ (ਲੱਖ ਰੁ. 'ਚ) | ਏਜੰਸੀ ਦਾ ਹਿੱਸਾ (ਲੱਖ) ਰੁ. 'ਚ) 25% | ਕੁਲ (ਲੱਖ ਰੁ. 'ਚ) 75% |
|---|---|---|---|---|
| | ਉਤਪਾਦ ਵਿਕਾਸ ਅਤੇ ਪ੍ਰਚਾਰ ਤੇ ਵਪਾਰ | | | |
| 1 | ਡਿਜ਼ਾਇਨ ਨਵੀਨੀਕਰਨ ਅਤੇ ਉਤਾਪਦ ਵਿਕਾਸ | 3.75 | 1.25 | 5.00 |
| 2 | ਖੱਡੀਆਂ ਦਾ ਸੁਧਾਰ ਤੇ ਕੁਸ਼ਲਤਾ ਦਾ ਵਿਕਾਸ | 1.80 | 0.60 | 2.40 |
| 3 | ਨਮੂਨਾ ਵਿਕਾਸ | 3.00 | 1.00 | 4.00 |
| 4 | ਪੈਕਿੰਗ ਟ੍ਰੇਨਿੰਗ | 0.45 | 0.15 | 0.60 |
| 5 | ਵਿਕਾਸ ਸਬੰਧੀ ਸਮੱਗਰੀ ਦਾ ਵਿਕਾਸ | 2.25 | 0.75 | 3.00 |
| 6 | ਵਪਾਰਕ ਸਲਾਹ ਦੇਣ ਵਾਲੇ ਦੀ ਨਿਯੁਕਤੀ | 2.25 | 0.75 | 3.00 |
| 7 | ਪ੍ਰਚਾਰ ਅਤੇ ਵਪਾਰ | 7.50 | 2.50 | 10.00 |
| | ਕੁਲ | 21.00 | 7.00 | 28.00 |

### 6.1.5 ਫੰਡਾਂ ਨੂੰ ਜਾਰੀ ਕਰਨਾ :

(ਕ) ਕਿਸੇ ਨਿਰਯਾਤ ਪਰਿਯੋਜਨਾ ਦੀ ਮੰਜ਼ੂਰੀ ਤੋਂ ਬਾਅਦ ਉਪਰੋਕਤ ਤਾਲਿਕਾ ਵਿਚ ਦੱਸੇ ਕੰਮ 1 ਤੋਂ 4 ਤਕ ਲਈ ਹੋਣ ਵਾਲੇ ਖ਼ਰਚ ਨੂੰ ਪਹਿਲੀ ਕਿਸ਼ਤ ਦੇ ਰੂਪ ਵਿਚ 50% ਜਾਰੀ ਕੀਤਾ ਜਾਏਗਾ। ਬਾਕੀ ਰਕਮ ਨੂੰ ਜਾਰੀ ਕੀਤੇ ਜਾਣ 'ਤੇ ਵਿਚਾਰ ਸਿਰਫ਼ ਪਹਿਲਾਂ ਤੋਂ ਜਾਰੀ ਰਕਮ ਦਾ ਉਪਯੋਗਤਾ ਪ੍ਰਮਾਣ-ਪੱਤਰ ਜਾਰੀ ਕਰਨ ਅਤੇ ਵਿਕਾਸ ਕਮਿਸ਼ਨਰ, ਹੱਥਖੱਡੀ ਦੇ ਦਫ਼ਤਰ ਵਲੋਂ ਪ੍ਰਗਤੀ ਦੀ ਸਮੀਖਿਆ ਕਰਨ ਤੋਂ ਬਾਅਦ ਹੀ ਕੀਤਾ ਜਾਏਗਾ।

(ਖ) ਉਪਰੋਕਤ ਤਾਲਿਕਾ ਵਿਚ ਕੰਮ 5 ਤੋਂ 7 ਲਈ ਕੁਲ ਖ਼ਰਚ ਦੇ 25% ਨੂੰ ਘੱਟ ਤੋਂ ਘੱਟ 25 ਡਿਜ਼ਾਇਨਾਂ ਦੇ ਕੱਪੜੇ ਦਾ ਵਿਕਾਸ ਕੀਤੇ ਜਾਣ ਤੋਂ ਬਾਅਦ ਹੀ ਜਾਰੀ ਕੀਤਾ ਜਾਏਗਾ। ਬਾਅਦ ਵਿਚ ਬਾਕੀ 25% ਦੀ ਹਰੇਕ ਰਕਮ ਦਾ ਭੁਗਤਾਨ ਐੱਮ.ਓ.ਯੂ. ਵਿਚ ਨਿਰਧਾਰਤ ਟੀਚੇ ਨਾਲ ਸਬੰਧਤ ਕੰਮ ਮੁਕਾਉਣ ਦੇ ਅਧਾਰ ਤੇ ਜਾਰੀ ਕੀਤਾ ਜਾਏਗਾ।

### 6.1.6 ਨਿਰਯਾਤ ਪਰਿਯੋਜਨਾ ਦੇ ਅਧੀਨ ਉਪ-ਭਾਗ ਦੇ ਵੇਰਵੇ

(i) **ਨਿਰਯਾਤ ਪਰਿਯੋਜਨਾਵਾਂ ਲਈ ਏਜੰਸੀਆਂ ਦੀ ਚੋਣ :** ਏਜੰਸੀਆਂ ਦੀ ਚੋਣ ਉਨ੍ਹਾਂ ਦੀ ਆਰਥਿਕ ਸਮਰੱਥਾ, ਉਤਪਾਦ ਵਿਵਿਧਕਰਨ ਅਤੇ ਉਤਪਾਦ ਨਵੀਕਰਨ ਵਿਚ ਸੰਤੋਖਜਨਕ ਉਪਲਬਧੀਆਂ ਦੇ ਨਾਲ-ਨਾਲ ਨਿਰਯਾਤ ਯੋਗ ਗੁਣਵੱਤਾ ਵਾਲੇ ਉਤਪਾਦਾਂ ਦਾ ਉਤਪਾਦਨ ਕਰਨ ਅਤੇ ਅਸਥਾਈ ਨਿਰਯਾਤ ਬਜ਼ਾਰ ਦੀ ਬਦਲਦੀ ਹੋਈਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਉਨ੍ਹਾਂ ਦੀ ਸਮਰੱਕਾ ਉੱਤੇ ਖ਼ਾਸ ਜ਼ੋਰ ਦਿੱਤਾ ਜਾਏਗਾ। ਸਿਰਫ਼ ਉਹੀ ਏਜੰਸੀਆਂ ਅਰਜ਼ੀ ਦੇਣ ਅਤੇ ਸਵੀਕ੍ਰਿਤ ਨਿਰਯਾਤ ਪਰਿਯੋਜਨਾਵਾਂ ਲਈ ਯੋਗ ਹੋਣਗੀਆਂ ਜਿਨ੍ਹਾਂ ਦਾ ਪਿਛਲੇ ਤਿੰਨ ਸਾਲਾਂ ਵਿਚ ਔਸਤਨ ਘਰੇਲੂ ਵਿਕਰੀ ਕਾਰੋਬਾਰ ਘੱਟ ਤੋਂ ਘੱਟ 50.00 ਲੱਖ ਰੁਪਏ ਦਾ ਰਿਹਾ ਹੈ। ਅਤੇ ਉਨ੍ਹਾਂ ਕੋਲ ਘੱਟੋ-ਘੱਟ ਇਕ ਯੂਨਿਟ ਲੱਗੀ ਹੋਵੇ।

(ii) **ਡਿਜ਼ਾਇਨਰਾਂ ਦੀ ਚੋਣ :** ਵਿਕਾਸ ਕਮਿਸ਼ਨਰ, ਹੱਥਖੱਡੀ ਵਲੋਂ ਨਿਰਯਾਤ ਪਰਿਯੋਜਨਾ ਲਈ ਡਿਜ਼ਾਇਨਰ ਦੀ ਨਿਯੁਕਤੀ ਕੀਤੀ ਜਾਏਗੀ। ਡਿਜ਼ਾਇਨਰ ਨੂੰ ਰਾਸ਼ਟਰੀ ਫੈਸ਼ਨ ਤਕਨੀਕੀ ਸੰਸਥਾਨ (ਨਿਫਟ), ਰਾਸ਼ਟਰੀ ਡਿਜ਼ਾਇਨ ਸੰਸਥਾਨ (ਐੱਨ.ਆਈ.ਡੀ.), ਅਹਿਮਦਾਬਾਦ ਜਾਂ ਕਿਸੇ ਹੋਰ ਰਾਸ਼ਟਰੀ ਪੱਧਰ ਦੀ ਪ੍ਰਸਿੱਧ ਫੈਸ਼ਨ ਸੰਸਥਾ ਵਰਗੇ ਪ੍ਰਸਿੱਧੀ ਪ੍ਰਾਪਤ ਸੰਸਥਾਨਾ ਤੋਂ ਯੋਗਤਾ ਹਾਸਲ ਕਰਨ ਜ਼ਰੂਰੀ ਹੈ ਅਤੇ ਉਸ ਦੇ ਕੋਲ ਕੱਪੜਾ ਖੇਤਰ ਵਿਚ ਘੱਟੋ-ਘੱਟ 3 ਸਾਲ ਦਾ ਅਨੁਭਵ, ਮਾਹਰਤਾ ਅਤੇ ਪ੍ਰਦਰਸ਼ਨ ਸਮਰੱਥਾ ਹੋਣੀ ਚਾਹੀਦੀ ਹੈ। ਡਿਜ਼ਾਇਨਰ ਦੇ ਫਰਜ਼ ਅਤੇ ਜ਼ਿੰਮੇਵਾਰੀਆਂ ਉਪਰੋਕਤ ਡਿਜ਼ਾਇਨਰ ਜਾਂ ਨਿਰਯਾਤ ਪਰਿਯੋਜਨਾ ਕਾਰਜਕਾਰੀ ਏਜੰਸੀ ਦੇ ਵਿਚਕਾਰ ਦਸਤਖਤ ਕੀਤੇ ਜਾਣ ਵਾਲਾ ਸਮਝੌਤਾ ਮੈਮੋਰੰਡਮ (ਐੱਮ.ਓ.ਯੂ) ਦੇ ਅਨੁਸਾਰ ਹੋਣਗੀਆਂ। ਡਿਜ਼ਾਇਨਰ ਲਈ ਸਮਝੌਤਾ ਮੈਮੋਰੰਡਮ ਉੱਤੇ ਦਸਤਖਤ ਕਰਨਾ ਜ਼ਰੂਰੀ ਹੋਵੇਗਾ।

(iii) **ਖੱਡੀਆਂ ਦਾ ਸੁਧਾਰ ਅਤੇ ਬੁਣਕਰਾਂ ਦੀ ਕੁਸ਼ਲਤਾ ਦਾ ਵਿਕਾਸ :** ਕਾਰਜਕਾਰੀ ਏਜੰਸੀਆਂ ਦੇ ਬੁਣਕਰਾਂ ਲਈ ਖੱਡੀਆਂ ਅਤੇ ਸਹਾਇਕ ਸਮੱਗ੍ਰੀਆਂ ਦੀ ਜ਼ਰੂਰਤ ਦੇ ਅਨੁਸਾਰ ਸਾਵਧਾਨੀ ਸਹਿਤ ਕੀਤਾ ਜਾਏਗਾ ਅਤੇ ਬੁਣਕਰਾਂ ਨੂੰ ਉਨ੍ਹਾਂ ਦੀ ਸਪਲਾਈ ਕੀਤੀ ਜਾਏਗੀ ਤਾਂਕਿ ਨਾ ਸਿਰਫ਼ ਗੁਣਵੱਤਾ ਵਾਲੇ ਨਮੂਨਿਆਂ ਦੇ ਵਿਕਾਸ ਨੂੰ ਬਲਕਿ ਹੱਥਖੱਡੀ ਉਤਪਾਦਾਂ ਦੀ ਨਿਰਯਾਤ ਯੋਗ ਕਿਸਮਾਂ ਦਾ ਲਗਾਤਾਰ ਉਤਪਾਦਨ ਕੀਤਾ ਜਾ ਸਕੇ। ਬੁਣਕਰਾਂ ਨੂੰ ਸੁਧਾਰੀਆਂ ਹੋਈਆਂ ਖੱਡੀਆਂ ਅਤੇ ਸਹਾਇਕ ਉਪਕਰਣਾਂ ਨੂੰ ਅਪਨਾਉਣ ਦੇ ਸਮਰੱਥ ਬਣਾਉਣ ਲਈ ਉਨ੍ਹਾਂ ਨੂੰ ਟਰੇਂਡ ਕਰਨਾ ਜ਼ਰੂਰੀ ਹੋ ਸਕਦਾ ਹੈ ਜੋ ਅੰਤਰਰਾਸ਼ਟਰੀ ਮਾਨਕ ਦੇ ਹੱਥਖੱਡੀ ਉਤਪਾਦਾਂ ਦੇ ਵਿਕਾਸ ਲਈ ਜ਼ਰੂਰੀ ਹੋ ਸਕਦਾ ਹੈ। ਇਸ ਦੇ ਇਲਾਵਾ, ਬੁਣਕਰਾਂ ਨੂੰ ਨਵੇਂ ਡਿਜ਼ਾਇਨਾਂ ਦੀ ਬੁਣਾਈ ਵਿਚ ਟਰੇਂਡ ਕਰਨ ਦੀ ਜ਼ਰੂਰਤ ਹੈ। ਡਿਜ਼ਾਇਨਰ ਵਲੋਂ ਬੁਣਕਰਾਂ ਅਤੇ ਹੱਥਖੱਡੀ ਏਜੰਸੀ ਦੇ ਤਕਨੀਕ ਸਟਾਫ਼ ਨੂੰ ਅਜਿਹੀ ਟ੍ਰੇਨਿੰਗ ਵਿਚ ਸਹਾਇਤਾ ਪ੍ਰਦਾਨ ਕੀਤੀ ਜਾਏਗਾ ਜਾਂ ਕੋਈ ਏਜੰਸੀ ਸਬੰਧੀ ਡਬਲਯੂ.ਐੱਸ.ਸੀ. ਦੀ ਸਹਾਇਤਾ ਪ੍ਰਾਪਤ ਕਰ ਸਕਦੀ ਹੈ ਅਤੇ ਅਜਿਹੀ ਟ੍ਰੇਨਿੰਗ ਪ੍ਰਦਾਨ ਕਰਨ ਵਿਚ ਅੰਤਰਗਤ ਸਾਰਾ ਖ਼ਰਚ ਪਰਿਯੋਜਨਾ ਖਾਤੇ ਵਿਚ ਦਰਜ ਕੀਤਾ ਜਾਏਗਾ।

(iv) **ਵਪਾਰ ਸਬੰਧੀ ਸਲਾਹਕਾਰ ਦੀ ਨਿਯੁਕਤੀ** : ਨਿਰਯਾਤ ਪਰਿਯੋਜਨਾ ਦੇ ਅਧੀਨ ਵਿਕਸਿਤ ਉਤਪਾਦਾਂ ਦੇ ਵਪਾਰ ਲਈ ਕਾਰਜਕਾਰੀ ਏਜੰਸੀਆਂ ਦਾ ਮਾਰਗਦਰਸ਼ਨ ਕਰਨ ਲਈ ਨਿਰਯਾਤ ਪਰਿਯੋਜਨਾਵਾਂ ਲਈ ਵਪਾਰ ਸਬੰਧੀ ਸਲਾਹਕਾਰ ਦੀ ਨਿਯੁਕਤੀ ਕਰਨ ਦਾ ਪ੍ਰਸਤਾਵ ਹੈ। ਵਪਾਰ ਸਬੰਧੀ ਸਲਾਹਕਾਰ ਖਰੀਦਾਰ/ਆਯਾਤਕਾਂ ਦੇ ਨਾਲ ਏਜੰਸੀਆਂ ਦਾ ਸੰਪਰਕ ਸਥਾਪਤ ਕਰਵਾਉਣ ਅਤੇ ਇਸ ਪਰਿਯੋਜਨਾ ਦੇ ਅਧੀਨ ਇਸ ਤਰ੍ਹਾਂ ਦੇ ਵਿਕਸਿਤ ਉਤਪਾਦਾਂ ਦੇ ਵਪਾਰ ਵਿਚ ਕਾਰਜਕਾਰੀ ਏਜੰਸੀ ਦੀ ਮਦਦ ਕਰਨ ਲਈ ਜ਼ਿੰਮੇਵਾਰ ਹੋਵੇਗਾ।

(v) **ਪ੍ਰਚਾਰ ਅਤੇ ਵਪਾਰ :** ਨਿਰਯਾਤ ਪਰਿਯੋਜਨਾ ਕਾਰਜਕਾਰੀ ਏਜੰਸੀ ਭਾਰਤ ਅਤੇ ਵਿਦੇਸ਼ਾਂ ਵਿਚ ਆਯੋਜਿਤ ਅੰਤਰਰਾਸ਼ਟਰੀ ਮੇਲਿਆਂ ਅਤੇ ਪ੍ਰਦਰਸ਼ਨੀਆਂ ਵਿਚ ਹਿੱਸਾ ਲਵੇਗੀ। ਅਜਿਹੀ ਭਾਗੀਦਾਰੀ ਲਈ 10.00 ਲੱਖ ਰੁਪਏ (ਭਾਰਤ ਸਰਕਾਰ ਦਾ ਹਿੱਸਾ 7.50 ਲੱਖ ਰੁਪਏ ਅਤੇ ਏਜੰਸੀ ਦਾ ਹਿੱਸਾ 2.50 ਲੱਖ ਰੁਪਏ) ਦੀ ਆਰਥਿਕ ਸਹਾਇਤਾ ਪ੍ਰਾਪਤ ਹੋਵੇਗੀ।

### 6.1.7 ਨਿਗਰਾਨੀ

ਇਸ ਯੋਜਨਾ ਦੇ ਅਧੀਨ ਸਵੀਕ੍ਰਿਤ ਪਰਿਯੋਜਨਾਵਾਂ ਦੀ ਪ੍ਰਗਤੀ ਦਾ ਮੁੱਲਾਂਕਣ ਕਰਨ ਲਈ ਇਕ ਮੁੱਲਾਂਕਣ ਅਤੇ ਸਮੀਖਿਆ ਤੰਤ੍ਰ ਸਥਾਪਤ ਕੀਤਾ ਜਾਏਗਾ ਜਿਸ ਦੇ ਅਧੀਨ ਕਾਰਜਕਾਰੀ ਏਜੰਸੀਆਂ ਲਈ ਹਰੇਕ ਤਿਮਾਹੀ ਦੇ

ਪਹਿਲੇ ਹਫ਼ਤੇ ਦੇ ਅੰਦਰ ਹੇਠ ਲਿਖੇ ਵੇਰਵੇ ਦੇਂਦੇ ਹੋਏ ਇਕ ਤਿਮਾਹੀ ਰਿਪੋਰਟ ਪੇਸ਼ ਕਰਨਾ ਜ਼ਰੂਰੀ ਹੋਵੇਗਾ :

(i) ਕਾਰਜਕਾਰੀ ਏਜੰਸੀ ਦਾ ਨਾਮ;

(ii) ਪਰਿਯੋਜਨਾ ਦਾ ਸਥਾਨ;

(iii) ਉਤਪਾਦਾਂ ਦੀ ਵਿਕਸਿਤ ਰੇਂਜ;

(iv) ਡਿਜ਼ਾਇਨਰ ਦਾ ਨਾਮ;

(v) ਡਿਜ਼ਾਇਨਰ ਵਲੋਂ ਦਿੱਤੇ ਗਏ ਡਿਜ਼ਾਇਨਾਂ ਦੀ ਗਿਣਤੀ ਅਤੇ ਤਿਆਰ ਕੀਤੇ ਗਏ ਨਮੂਨਿਆਂ ਦੀ ਗਿਣਤੀ ਅਤੇ ਇਸ ਤਰ੍ਹਾਂ ਨਾਲ ਵਿਕਸਿਤ ਡਿਜ਼ਾਇਨਾਂ ਅਤੇ ਉਤਪਾਦਾਂ ਦਾ ਵਿਸਤ੍ਰਿਤ ਵੇਰਵਾ;

(vi) ਸੁਧਾਰੀਆਂ ਗਈਆਂ ਖੱਡੀਆਂ ਅਤੇ ਟਰੇਂਡ ਬੁਣਕਰ;

(vii) ਪ੍ਰਦਰਸ਼ਨੀਆਂ ਦੀ ਗਿਣਤੀ, ਜਿਨ੍ਹਾਂ ਵਿਚ ਹਿੱਸਾ ਲਿਆ ਗਿਆ ਹੈ/ਹਿੱਸਾ ਲਏ ਜਾਣ ਦੀ ਸੰਭਾਵਨਾ ਹੈ (ਸਥਾਨ ਅਤੇ ਮਿਤੀ ਸਹਿਤ);

(viii) ਗੁਣਵੱਤਾ ਅਤੇ ਰੁਪਏ/ਡਾਲਰ ਦੇ ਰੂਪ ਵਿਚ ਮੁੱਲ ਦੇ ਸੰਬੰਧ ਵਿਚ ਪ੍ਰਦਰਸ਼ਨੀਆਂ ਵਿਚ ਸਿਰਜਿਤ ਪੁੱਛਗਿੱਛਾਂ;

(ix) ਮੁੱਲ ਅਤੇ ਗੁਣਵੱਤਾ ਦੇ ਸੰਬੰਧ ਵਿਚ ਪੂਰੇ ਕੀਤੇ ਜਾ ਚੁਕੇ ਅਤੇ ਮੌਜੂਦਾ ਆਰਡਰ (ਅਲੱਗ-ਅਲੱਗ);

(x) ਨਿਰਯਾਤਾਂ (ਪ੍ਰਤੀਸ਼ਤ ਅਤੇ ਮੁੱਲ ਦੋਹਾਂ ਦੇ ਸਬੰਧ ਵਿਚ)/ਵਰਤਮਾਨ ਕਾਰੋਬਾਰ ਵਿਚ ਵਾਧੇ ਦਾ ਪੱਧਰ;

(xi) ਕੀਤਾ ਗਿਆ ਖ਼ਰਚ;

(xii) ਉਪਯੋਗਤਾ ਪ੍ਰਮਾਣ ਪੱਤਰ।

ਵਿਕਾਸ ਕਮਿਸ਼ਨਰ, ਹੱਥਖੱਡੀ ਦੇ ਦਫ਼ਤਰ ਵਲੋਂ ਹਰੇਕ ਨਿਰਯਾਤ ਪਰਿਯੋਜਨਾ ਦੀ ਪ੍ਰਗਤੀ ਦੀ ਵੀ ਸਮੇਂ-ਸਮੇਂ ਤੇ ਨਿਗਰਾਨੀ ਕੀ ਜਾਏਗੀ।

### 6.1.8 ਅ.ਜਾ./ਅ.ਜ.ਜਾ. ਅਤੇ ਇਸਤ੍ਰੀ ਬੁਣਕਰਾਂ ਦੀ ਭਾਗੀਦਾਰੀ

ਨਿਰਯਾਤ ਪਰਿਯੋਜਨਾ ਨੂੰ ਚਲਾਉਂਦੇ ਹੋਏ ਯੋਜਨਾ ਦੇ ਸਾਰੇ ਭਾਗਾਂ ਵਿਚ ਅ.ਜਾ./ਅ.ਜ.ਜਾ. ਅਤੇ ਇਸਤ੍ਰੀ ਬੁਣਕਰਾਂ ਦੀ ਭਾਗੀਦਾਰੀ ਉੱਤੇ ਖ਼ਾਸ ਧਿਆਨ ਦਿੱਤਾ ਜਾਏਗਾ।

## 6.2 ਅੰਤਰਰਾਸ਼ਟਰੀ ਮੇਲੇ/ਪ੍ਰਦਰਸ਼ਨੀਆਂ

ਇਸ ਉਪ-ਭਾਗ ਦੇ ਅਧੀਨ ਅੰਤਰਰਾਸ਼ਟਰੀ ਮੇਲਿਆਂ/ਪ੍ਰਦਰਸ਼ਨੀਆਂ/ਗਾਹਕ-ਵਪਾਰੀ ਦੀ ਬੈਠਕਾਂ/ਗਾਹਕ-ਵਪਾਰੀ ਸਬੰਧੀ ਬੈਠਕਾਂ ਆਦਿ ਵਿਚ ਹਿੱਸੇਦਾਰੀ ਲਈ ਯੋਗ ਏਜੰਸੀਆਂ ਦਾ ਆਰਥਿਕ ਪੋਸ਼ਣ ਕੀਤਾ ਜਾਏਗਾ।

### 6.2.1 ਅੰਤਰਰਾਸ਼ਟਰੀ ਮੇਲਿਆਂ/ਪ੍ਰਦਰਸ਼ਨੀਆਂ ਵਿਚ ਆਪਣੇ ਮੈਂਬਰਾਂ ਦੀ ਹਿੱਸੇਦਾਰੀ ਆਯੋਜਿਤ ਕਰਨ ਲਈ ਯੋਗ ਏਜੰਸੀਆਂ:

- ਹੱਥਖੱਡੀ ਨਿਰਯਾਤ ਵਿਕਾਸ ਬੋਰਡ
- ਹੱਥਖੱਡੀ ਨਿਗਮਾਂ ਅਤੇ ਅਪੈਕਸ ਸੁਸਾਇਟੀਆਂ ਦੀ ਐਸੋਸੀਏਸ਼ਨ (ਆਕਾਸ਼)
- ਭਾਰਤੀ ਹਸਤਸ਼ਿਲਪ ਅਤੇ ਹੱਥਖੱਡੀ ਨਿਰਯਾਤ ਨਿਗਮ (ਐੱਚ.ਐੱਚ.ਈ.ਸੀ.)
- ਵਿਕਾਸ ਕਮਿਸ਼ਨਰ, ਹੱਥਖੱਡੀ ਵਲੋਂ ਯੋਗ ਸਮਝੀਆਂ ਗਈਆਂ ਹੋਣ ਹੱਥਖੱਡੀ ਏਜੰਸੀਆਂ।

### 6.2.2 ਅੰਤਰਰਾਸ਼ਟਰੀ ਮੇਲਿਆਂ/ਪ੍ਰਦਰਸ਼ਨੀਆਂ ਲਈ ਆਰਥਿਕ ਪੋਸ਼ਣ ਦੀ ਪ੍ਰਣਾਲੀ

(ਕ) **ਜਗ੍ਹਾ ਦਾ ਕਿਰਾਇਆ :** ਜਗ੍ਹਾ ਦੇ ਕਿਰਾਏ, ਸਟਾਲ ਦੀ ਸਜਾਵਟ/ਨਿਰਮਾਣ, ਪ੍ਰਸ਼ਾਸਨਿਕ ਖ਼ਰਚ ਸਹਿਤ ਰਖ-ਰਖਾਵ ਆਦਿ ਲਈ ਵੱਧ ਤੋਂ ਵੱਧ 30.00 ਲੱਖ ਰੁਪਏ ਦਿੱਤੇ ਜਾਣਗੇ। ਪ੍ਰਸ਼ਾਸਨਿਕ ਖ਼ਰਚ 30.00 ਲੱਖ ਰੁਪਏ ਦੇ 10% ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ।

(ਖ) **ਪ੍ਰਚਾਰ :** ਫੰਡ ਭਾਰਤ ਸਰਕਾਰ ਅਤੇ ਆਯੋਜਨ ਕਰਤਾ ਏਜੰਸੀ ਦੇ ਵਿਚ 60:40 ਦੇ ਅਨੁਪਾਤ ਵਿਚ ਪ੍ਰਾਪਤ ਕਰਾਏ ਜਾਣਗੇ।

(ਗ) **ਭਾਗੀਦਾਰਾਂ ਨੂੰ ਯਾਤਰਾ ਸਹਾਇਤਾ :** ਵਿਦੇਸ਼ਾਂ ਵਿਚ ਆਯੋਜਿਤ ਅੰਤਰਰਾਸ਼ਟਰੀ ਪ੍ਰਦਰਸ਼ਨੀਆਂ ਵਿਚ ਹਰੇਕ ਭਾਗੀਦਾਰ ਏਜੰਸੀ ਦੇ ਇਕ ਭਾਗੀਦਾਰ ਨੂੰ ਵਾਸਤਵਿਕ ਜਾਂ 50,000 ਰੁਪਏ, ਜੋ ਵੀ ਘੱਟ ਹੋਵੇ ਦੀ ਯਾਤਰਾ ਸਹਾਇਤਾ ਪ੍ਰਦਾਨ ਕੀਤੀ ਜਾਏਗੀ। ਯਾਤਰਾ ਸਹਾਇਤਾ ਦੀ ਵਿਤਰਣ ਆਯੋਜਨ ਕਰਤਾ ਏਜੰਸੀ ਦੇ ਜਰੀਏ ਕੀਤੀ ਜਾਏਗੀ।

(ਘ) ਐੱਚ.ਈ.ਪੀ.ਸੀ., ਐੱਚ.ਐੱਚ.ਈ.ਸੀ., ਆਕਾਸ਼ ਆਦਿ ਦੇ ਅਫ਼ਸਰ(ਅਫ਼ਸਰਾਂ) ਲਈ ਸਿਰਫ਼ ਵਿਦਸ਼ਾਂ ਵਿਚ ਆਯੋਜਿਤ ਅੰਤਰਰਾਸ਼ਟਰੀ ਪ੍ਰਦਰਸ਼ਨੀਆਂ ਲਈ ਯਾਤਰਾ, ਡੀ.ਏ. ਅਤੇ ਨਿਵਾਸ ਲਈ 100% ਸਹਾਇਤਾ ਪ੍ਰਦਾਨ ਕੀਤਾ ਜਾਏਗੀ। ਅਜਿਹੇ ਕਿਸੇ ਮੇਲੇ/ਪ੍ਰਦਰਸ਼ਨੀ, ਜਿਸ ਵਿਚ 20 ਤੋਂ ਜ਼ਿਆਦਾ ਭਾਗੀਦਾਰ ਹਿੱਸਾ ਲੈਂਦੇ ਹਨ, ਉਸ ਵਿਚ ਉਪਰੋਕਤ ਮੇਲੇ/ਪ੍ਰਦਰਸ਼ਨੀ ਲਈ ਐੱਚ.ਈ.ਪੀ.ਸੀ., ਐੱਚ.ਐੱਚ.ਈ.ਸੀ., ਆਕਾਸ਼ ਆਦਿ ਦੇ ਦੋ ਅਫ਼ਸਰਾਂ ਨੂੰ ਭੇਜਿਆ ਜਾ ਸਕਦਾ ਹੇ।

(ਙ) ਗਾਹਕ-ਵਪਾਰੀ ਦੀ ਬੈਠਕ ਦੇ ਮਾਮਲੇ ਵਿਚ ਭਾਰਤ ਵਿਚ ਪ੍ਰਮੁੱਖ ਵਪਾਰ ਮੇਲਿਆਂ/ਪ੍ਰਦਰਸ਼ਨੀਆਂ/ਗਾਹਕ-ਵਪਾਰੀ ਬੈਠਕਾਂ ਵਿਚ ਹਿੱਸਾ ਲੈਣ ਲਈ ਪ੍ਰਮੁੱਖ ਖਰੀਦਾਰ ਗ੍ਰਹਿਆਂ ਆਦਿ ਦੇ ਖਰੀਦਾਰਾਂ ਅਤੇ ਪ੍ਰਤੀਨਿਧੀਆਂ ਦੇ ਪ੍ਰਤੀ ਦੌਰਿਆਂ ਲਈ ਆਰਥਿਕ ਸਹਾਇਤਾ ਪ੍ਰਦਾਨ ਕੀਤੀ ਜਾਏਗੀ। ਇਹ ਸਹਾਇਤਾ ਜਗ੍ਹਾ ਦੀ ਲਾਗਤ, ਪ੍ਰਸ਼ਾਸਨਿਕ ਖ਼ਰਚ, ਸਟਾਲ ਸਾਜ-ਸਜਾਵਟ/ਰਖ-ਰਖਾਵ, ਪ੍ਰਚਾਰ, ਸੂਚੀ ਲਾਗਤ, ਅਨੁਵਾਦ ਅਤੇ ਦੁਭਾਸ਼ੀਆ ਵਿਭਾਗਾਂ ਅਤੇ ਵਿਕਾਸ ਕਮਿਸ਼ਨਰ, ਹੱਥਖੱਡੀ ਵਲੋਂ ਮਨਜ਼ੂਰਸ਼ੁਦਾ ਕਿਸੇ ਹੋਰ ਭਾਗ ਦੇ ਲਈ ਵੱਧ ਤੋਂ ਵੱਧ 30.00 ਲੱਖ ਰੁਪਏ ਦੀ ਹੋਵੇਗੀ। ਵਿਦੇਸ਼ੀ ਮਹਿਮਾਨਾਂ ਲਈ ਯਾਤਰਾ ਸਹਾਇਤਾ ਪ੍ਰਤੀ ਹਿੱਸੇਦਾਰ ਵਾਸਤਵਿਕ ਖ਼ਰਚ ਜਾਂ 50,000 ਰੁਪਏ ਜੋ ਵੀ ਘੱਟ ਹੋਵੇ, ਹੋਵੇਗਾ। ਨਿਵਾਸ/ ਭੋਜਨ ਦੀ ਕੋਈ ਸਹੂਲਤ ਨਹੀਂ ਹੋਵੇਗੀ।

## 6.3 ਡਿਜ਼ਾਇਨ ਸਟੂਡੀਓਜ਼ ਦੀ ਸਥਾਪਨਾ

ਅਨੇਕ ਨਿਰਯਾਤਕਾਂ ਲਈ ਨਵੇਂ ਡਿਜ਼ਾਇਨਾਂ, ਰੰਗ ਸਬੰਧੀ ਪੂਰਵ ਅਨੁਮਾਨ ਆਦਿ ਦੇ ਦਾਇਰੇ ਨੂੰ ਵਧਾਉਣ ਅਤੇ ਉਨ੍ਹਾਂ ਦਾ ਪ੍ਰਸਾਰ ਕਰਨ ਲਈ ਪ੍ਰਮੁੱਖ ਹੱਥਖੱਡੀ ਨਿਰਯਾਤ ਸਮੂਹਾਂ ਵਿਚ ਡਿਜ਼ਾਇਨ ਸਟੂਡੀਓਜ਼ ਦੀ ਸਥਾਪਨਾ ਕੀਤੀ ਜਾਏਗੀ। ਡਿਜ਼ਾਇਨ ਸਟੂਡੀਓ ਦੀ ਸਥਾਪਨਾ ਲਈ ਕਾਰਜਕਾਰੀ ਏਜੰਸੀ ਹੱਥਖੱਡੀ ਨਿਰਯਾਤ ਵਿਕਾਸ ਬੋਰਡ (ਐੱਚ.ਈ.ਪੀ.ਸੀ.)/ਐੱਚ.ਈ.ਪੀ.ਸੀ. ਕੰਸਟੋਰੀਅਮ ਤੇ ਨਿਰਯਾਤਕ ਅਤੇ ਰਾਜ ਸਰਕਾਰ ਹੋਵੇਗੀ। ਨਿਗਰਾਨੀ ਲਈ ਐੱਚ.ਈ.ਪੀ.ਸੀ. ਨੋਡਲ ਏਜੰਸੀ ਹੋਵੇਗੀ। ਡਿਜ਼ਾਇਨ ਸਟੂਡੀਓ ਦੀ ਸਥਾਪਨਾ ਲਈ ਉਪਲਬਧ ਵੱਧ ਤੋਂ ਵੱਧ ਫੰਡ 1.00 ਕਰੋੜ ਰੁਪਏ ਦਾ ਹੋਵੇਗਾ ਜਿਸ ਦੀ ਭਾਰਤ ਸਰਕਾਰ ਅਤੇ ਕਾਰਜਕਾਰੀ ਏਜੰਸੀ ਦੇ ਵਿਚਕਾਰ ਭਾਗੀਦਾਰੀ 75:25 ਦੇ ਅਨੁਪਾਤ ਵਿਚ ਕੀਤੀ ਜਾਏਗੀ। ਡਿਜ਼ਾਇਨ ਸਟੂਡੀਓ ਦੀ ਸਥਾਪਨਾ ਅਤੇ ਫੰਡਾਂ ਆਦਿ ਨੂੰ ਜਾਰੀ ਕਰਨ ਲਈ ਐਗਰੀਮੈਂਟ ਅਤੇ ਸ਼ਰਤਾਂ ਸਬੰਧੀ ਪ੍ਰਸਤਾਵ ਪ੍ਰਾਪਤ ਹੋਣ ਮਗਰੋਂ ਵਿਕਾਸ ਕਮਿਸ਼ਨਰ, ਹੱਥਖੱਡੀ ਵਲੋਂ ਤੈਅ ਕੀਤਾ ਜਾਏਗਾ।

## 6.4 ਵੱਖੋ-ਵੱਖਰੇ ਵਿਕਾਸ ਸਬੰਧੀ ਆਯੋਜਨ/ਕਾਰਜ

ਵੱਖੋ-ਵੱਖਰੇ ਵਿਕਾਸ ਸਬੰਧੀ ਆਯੋਜਨਾਂ/ਕਾਰਜਾਂ ਵਿਚ ਸ਼ੋਅ ਦੀ ਮੂਲ ਸਮੱਗਰੀ, ਨਿਰਯਾਤ ਸੂਚੀ/ਕਿਤਾਬਚਿਆਂ/ਪੈਂਫਲੈਟਾਂ ਦੀ ਛਪਾਈ, ਵੈਬਸਾਈਟਾਂ ਦੇ ਵਿਕਾਸ ਅਤੇ ਰਖ-ਰਖਾਵ ਸਹਿਤ ਸੀ.ਡੀ. ਰੋਮ, ਵਿਕਰੀ ਕਾਊਂਡਰਾਂ ਦੀ ਸਥਾਪਨਾ ਲਈ ਬੁਣਕਰਾਂ ਦੀ ਨਿਯੁਕਤੀ, ਭਾਰਤ ਅਤੇ ਵਿਦੇਸ਼ਾਂ ਵਿਚ ਅੰਤਰ ਰਾਸ਼ਟਰੀ ਪ੍ਰਦਰਸ਼ਨੀਆਂ ਅਤੇ ਮੇਲਿਆਂ ਦੇ ਦੌਰਾਨ ਜੀਵੰਤ ਪ੍ਰਦਰਸ਼ਨ/ਨਿਰਯਾਤਾਂ ਨੂੰ ਵਧਾਉਣ ਲਈ ਭਾਰਤ ਅਤੇ ਹੋਰ ਦੇਸ਼ਾਂ ਦੇ ਵਿਚਕਾਰ ਸਹਿਮਤ ਸਾਂਸਕ੍ਰਿਤਕ ਆਦਾਨ-ਪ੍ਰਦਾਨ ਸਬੰਧੀ ਪ੍ਰੋਗਰਾਮਾਂ ਵਿਚ ਭਾਗੀਦਾਰੀ ਪ੍ਰੋਗਰਾਮਾਂ ਜਾਂ ਕਿਸੇ ਅਜਿਹੇ ਕਾਰਜ/ਪਹਿਲ ਵਿਚ ਭਾਗੀਦਾਰੀ ਜਿਸ ਨੂੰ ਸੂਚਨਾ ਦੇ ਪ੍ਰਸਾਰ ਵਿਚ ਉਪਯੋਗੀ ਮੰਨਿਆ ਜਾ ਸਕਦਾ ਹੈ/ਹੱਥਖੱਡੀ ਦੇ ਵਿਕਾਸ ਕਮਿਸ਼ਨਰ ਵਲੋਂ ਪ੍ਰਸਤਾਵ ਦੇ ਗੁਣ-ਦੋਸ਼ ਦੇ ਅਧਾਰ ਤੇ ਵਿਚਾਰਗੋਚਰੇ ਨਿਰਯਾਤ ਬਜ਼ਾਰ ਦਾ ਵਾਧਾ ਅਤੇ ਵਿਕਾਸ ਸ਼ਾਮਲ ਹੋਵੇਗਾ। ਪ੍ਰਸਤਾਵ ਐੱਚ.ਈ.ਪੀ.ਸੀ., ਆਕਾਸ਼, ਐੱਚ.ਐੱਚ.ਈ.ਸੀ., ਆਈ.ਐੱਸ.ਈ.ਪੀ.ਸੀ., ਨਿਫਟ ਜਾਂ ਵਿਕਾਸ ਕਮਿਸ਼ਨਰ (ਹੱਥਖੱਡੀ) ਵਲੋਂ ਮਨਜ਼ੂਰਸ਼ੁਦਾ ਕਿਸੇ ਹੋਰ ਹੱਥਖੱਡੀ ਨਿਰਯਾਤ ਵਿਕਾਸ ਏਜੰਸੀ ਵਲੋਂ ਕੀਤੇ ਜਾ ਸਕਦੇ ਹਨ।

# ਵਪਾਰ ਅਤੇ ਨਿਰਯਾਤ ਵਿਕਾਸ ਯੋਜਨਾ ਦੇ ਅਧੀਨ ਨਿਰਯਾਤ ਪਰਿਯੋਜਨਾ ਪ੍ਰਸਤਾਵ ਪੇਸ਼ ਕਰਨ ਲਈ ਫਾਰਮ

1. ਕਾਰਜਕਾਰੀ ਏਜੰਸੀ ਦਾ ਨਾਂ, ਪਤਾ ਅਤੇ ਰਜਿਸਟ੍ਰੇਸ਼ਨ ਨੰ.
(ਰਜਿਸਟ੍ਰੇਸ਼ਨ ਪ੍ਰਮਾਣ ਪੱਤਰ ਦੀ ਕਾਪੀ ਨੱਥੀ ਕੀਤੀ ਜਾਏ)

2. ਜੇਕਰ ਕਾਰਜਕਾਰੀ ਏਜੰਸੀ ਇਕ ਅਪੈਕਸ ਸੁਸਾਇਟੀ, ਰਾਜ ਹੱਥਖੱਡੀ ਨਿਗਮ ਆਦਿ ਹੈ ਤਾਂ ਉਨ੍ਹਾਂ ਏਜੰਸੀਆਂ/ਸੁਸਾਇਟੀਆਂ ਦੇ ਨਾਂ ਦੱਸੇ ਜਾਣ ਜਿਨ੍ਹਾਂ ਦੇ ਜ਼ਰੀਏ ਪਰਿਯੋਜਨਾ ਨੂੰ ਚਲਾਇਆ ਜਾਣਾ ਜ਼ਰੂਰੀ ਹੈ :

3. ਕੀ ਮੈਨਜਮੈਂਟ ਚੁਣੀ ਹੋਈ ਹੈ, ਜੇਕਰ ਹਾਂ ਤਾਂ ਪਿਛਲੀ ਚੋਣ ਦੀ ਮਿਤੀ ਦਸੋ :

4. ਪ੍ਰਧਾਨ/ਸਕੱਤਰ ਆਦਿ ਦਾ ਨਾਂ
ਫ਼ੋਨ ਨੰ., ਮੋਬਾਇਨ ਨੰ., ਈਮੇਲ ਆਈਡੀ. ਦੇ ਨਾਲ :

5. ਖੱਡੀਆਂ ਅਤੇ ਬੁਣਕਰ ਮੈਂਬਰਾਂ ਦੀ ਗਿਣਤੀ

| | ਖੱਡੀ | ਬੁਣਕਰ |
|---|---|---|
| | | ਪੁਰਸ਼, ਇਸਤ੍ਰੀ, ਅ.ਜਾ., ਅ.ਜ.ਜਾ. |
| ਮੌਜੂਦਾ : | | |

| | 2004-05 | 2005-06 | 2006-07 |
|---|---|---|---|
| 6. ਪਿਛਲੇ ਤਿੰਨ ਸਾਲਾਂ ਲਈ ਸਾਲਾਨਾ ਵਿਕਰੀ ਕਾਰੋਬਾਰ (ਹਰੇਕ ਸਾਲ ਦੇ ਲਈ ਸਟੇਟਮੈਂਟ ਦਾ ਵੇਰਵਾ ਨੱਥੀ ਕਰੋ) : | | | |

7. ਪਿਛਲੇ ਤਿੰਨ ਸਾਲਾਂ ਲਈ ਲਾਭ/ਹਾਨੀ
(ਸਟੇਟਮੈਂਟ ਦਾ ਵੇਰਵਾ ਨੱਥੀ ਕਰੋ) :

8. ਪਿਛਲੇ ਤਿੰਨ ਸਾਲਾਂ ਦੇ ਦੌਰਾਨ ਨਿਰਯਾਤ ਕਾਰੋਬਾਰ, ਜੇਕਰ ਕੋਈ ਹੋਵੇ
(ਪ੍ਰਤੱਖ ਅਤੇ ਨਿਰਯਾਤਕਾਂ ਦੇ ਜ਼ਰੀਏ, ਦੋਵੇਂ ਰੂਪਾਂ ਵਿਚ) :

9. ਵਿਕਸਿਤ ਕੀਤੇ ਜਾਣ ਵਾਲੇ ਉਤਪਾਦਾਂ ਦਾ ਵੇਰਵਾ :
   (ਕ) ਮੌਜੂਦਾ ਉਤਪਾਦਨ ਰੇਂਜ :
   (ਖ) ਉਤਪਾਦਾਂ ਦੀ ਪ੍ਰਸਤਾਵਿਤ ਰੇਂਜ :

10. ਸੁਧਾਰ ਕੀਤੇ ਜਾਣ ਵਾਲੀਆਂ ਖੱਡੀਆਂ ਦੀ ਗਿਣਤੀ ਅਤੇ ਸੁਧਾਰ ਦਾ ਸਰੂਪ :

11. ਸ਼ਾਮਿਲ/ਟਰੇਂਡ ਕੀਤੇ ਜਾਣ ਵਾਲੇ ਬੁਣਕਰਾਂ ਦੀ ਗਿਣਤੀ :

12. ਪ੍ਰਸਤਾਵਿਤ ਪਰਿਯੋਜਨਾ ਦੇ ਭਾਗ ਅਤੇ ਆਰਥਿਕ ਪ੍ਰਭਾਵ ਅਤੇ ਭਾਰਤ ਸਰਕਾਰ ਅਤੇ ਏਜੰਸੀ ਦੇ ਵਿਚਕਾਰ ਉਸ ਦੀ ਭਾਗੀਦਾਰੀ

13. ਪਰਿਯੋਜਨਾ ਦਾ ਪੀਰੀਅਡ :

14. ਕੀ ਪਰਿਯੋਜਨਾ ਪਹਿਲਾਂ ਵੀ ਚਲਾਈ ਗਈ ਹੈ, ਜੇਕਰ ਹਾਂ, ਤਾਂ ਉਸ ਦਾ ਨਤੀਜਾ ਕੀ ਰਿਹਾ :

15. ਕੀ ਵਿਕਾਸ ਕਮਿਸ਼ਨਰ, ਹੱਥਖੱਡੀ, ਕੱਪੜਾ ਮੰਤਰਾਲੇ ਦੇ ਦਫ਼ਤਰ ਅਤੇ ਵਿਕਾਸ ਕਮਿਸ਼ਨਰ, ਹਸਤਸ਼ਿਲਪ ਦੇ ਦਫ਼ਤਰ ਦੀ ਕਿਸੇ ਯੋਜਨਾ ਵਿਚ ਕੋਈ ਉਪਯੋਗਤਾ ਪ੍ਰਮਾਣ-ਪੱਤਰ ਵਿਚਾਰਾਧੀਨ ਹੈ।

16. ਕੀ ਡਿਜ਼ਾਈਨਰ ਵਲੋਂ ਡਿਜ਼ਾਇਨ ਅਤੇ ਉਤਪਾਦ ਵਿਕਾਸ ਲਈ ਕਾਰਜ ਯੋਜਨਾ ਪਰਿਯੋਜਨਾ ਪ੍ਰਸਤਾਵ ਦੇ ਨਾਲ ਨੱਥੀ ਕੀਤੀ ਗਈ ਹੈ :

ਤਸਦੀਕ

(ਹੱਥਖੱਡੀ ਇੰਚਾਰਜ ਨਿਦੇਸ਼ਕ/
ਬੁਣਕਰ ਸੇਵਾ ਕੇਂਦਰ ਇੰਚਾਰਜ ਅਫ਼ਸਰ)

ਤਸਦੀਕ

ਕਾਰਜਕਾਰੀ ਏਜੰਸੀ ਦਾ ਪ੍ਰਬੰਧ ਨਿਦੇਸ਼ਕ/
ਸਕੱਤਰ/ਪ੍ਰਧਾਨ
ਪੂਰਾ ਨਾਂ :
ਪਤਾ :
ਟੈਲੀਫ਼ੋਨ ਨੰ.

## ਨਿਰਯਾਤ ਪਰਿਯੋਜਨਾ ਪ੍ਰਸਤਾਵ ਦੇ ਨਾਲ ਨੱਥੀ ਕੀਤੇ ਜਾਣ ਵਾਲੇ ਦਸਤਾਵੇਜ਼

1. ਰਾਜ ਦੇ ਹੱਥਖੱਡੀ ਨਿਦੇਸ਼ਕ ਦੀ ਸਿਫ਼ਾਰਿਸ਼ ਜਾਂ ਸਬੰਧਤ ਬੁਣਕਰ ਸੇਵਾ ਕੇਂਦਰ ਦੇ ਇੰਚਾਰਜ ਅਫ਼ਸਰ ਦੀ ਸਿਫ਼ਾਰਿਸ਼।

2. ਪਰਿਯੋਜਨਾ ਦੀ ਰੂਪ ਰੇਖਾ, ਜਿਸ ਵਿਚ ਪਰਿਯੋਜਨਾ ਦੇ ਉਦੇਸ਼ਾਂ, ਪ੍ਰਸਤਾਵਿਤ ਘਟਕ ਦਾ ਖ਼ਰਚ, ਹਰੇਕ ਘਟਕ ਦੀ ਜ਼ਰੂਰਤ ਅਤੇ ਪਰਿਯੋਜਨਾ ਦੇ ਅਧੀਨ ਸੰਚਾਲਿਤ ਕੀਤੇ ਜਾਣ ਵਾਲੇ ਕਾਰਜਾਂ ਦਾ ਵੇਰਵਾ, ਭਾਰਤ ਸਰਕਾਰ ਅਤੇ ਏਜੰਸੀ ਦੇ ਵਿਚਕਾਰ ਘਟਕ ਵਾਰ ਖ਼ਰਚ; ਪਰਿਯੋਜਨਾ ਤੋਂ ਪਹਿਲਾਂ ਦੀ ਸਥਿਤੀ ਅਤੇ ਪਰਿਯੋਜਨਾ ਤੋਂ ਬਾਅਦ ਦੀ ਸਥਿਤੀ ਦਾ ਜ਼ਿਕਰ ਕੀਤਾ ਗਿਆ ਹੋਵੇ।

3. ਕਾਰਜਕਾਰੀ ਏਜੰਸੀ ਦੇ ਰਜਿਸਟ੍ਰੇਸ਼ਨ ਪ੍ਰਮਾਣ ਪੱਤਰ ਦੀ ਕਾਪੀ।

4. ਰਾਜ ਦੇ ਹੱਥਖੱਡੀ ਨਿਦੇਸ਼ਕ/ਬੁਣਕਰ ਸੇਵਾ ਕੇਂਦਰ ਦੇ ਇੰਚਾਰਜ ਅਫ਼ਸਰ ਜਾਂ ਕਾਰਜਕਾਰੀ ਏਜੰਸੀ ਦੇ ਤਸਦੀਕ ਅਧਿਕਾਰੀ ਦਾ ਪ੍ਰਮਾਣ ਪੱਤਰ, ਜਿਸ ਵਿਚ ਜ਼ਿਕਰ ਕੀਤਾ ਗਿਆ ਹੋਵੇ ਕਿ ਕਾਰਜਕਾਰੀ ਏਜੰਸੀ ਕਿਸੇ ਭ੍ਰਿਸ਼ਟਾਚਾਰ ਵਿਚ ਸ਼ਾਮਲ ਨਹੀਂ ਹੈ।

5. ਪਿਛਲੇ ਤਿੰਨ ਸਾਲਾਂ ਦੇ ਖਾਤਿਆਂ ਦੇ ਸਟੇਟਮੈਂਟ ਦੀ ਕਾਪੀ ਬੈਲੰਸ ਸ਼ੀਟ, ਵਪਾਰ ਖਾਤਾ ਅਤੇ ਲਾਭ ਤੇ ਹਾਨੀ ਖਾਤਾ)।

6. ਕਿਸੇ ਯੋਗਤਾ ਪ੍ਰਾਪਤ ਅਤੇ ਅਨੁਭਵੀ ਡਿਜ਼ਾਇਨਰ (ਮਨਜ਼ੂਰਸ਼ੁਦਾ ਐੱਨ.ਆਈ.ਐੱਫ.ਟੀ., ਐੱਨ.ਆਈ.ਡੀ. ਦੇ) ਤੋਂ ਗਠਬੰਧਨ ਦਾ ਵੇਰਵਾ ਅਤੇ ਉਸ ਦਾ ਬਾਇਓਡਾਟਾ, ਜਾਣਕਾਰੀ ਸਬੰਧੀ ਵੇਰਵਾ ਅਤੇ ਕਾਰਜ ਯੋਜਨਾ।

# ਨਿਰਯਾਤ ਵਿਕਾਸ ਲਈ ਐਗਰੀਮੈਂਟ

ਕਾਰਜਕਾਰੀ ਏਜੰਸੀ ਦਾ ਨਾਮ .....................................................

**ਅਤੇ**

ਡਿਜ਼ਾਇਨਰ ਦਾ ਨਾਮ ...............................................................

**ਦੇ ਵਿਚਕਾਰ**

ਇਹ ਐਗਰੀਮੈਂਟ (ਐੱਮ.ਓ.ਯੂ.) ਮਿਤੀ ................................................ 2007 ਨੂੰ ਕੀਤਾ ਗਿਆ।

ਕਾਰਜਕਾਰੀ ਏਜੰਸੀ ਵਲੋਂ ਭੁਗਤਾਨ ਦੇ ਏਵਜ ਵਿਚ ਡਿਜ਼ਾਇਨਰ ਕਾਰਜਕਾਰੀ ਏਜੰਸੀ ਨੂੰ ਹੇਠ ਲਿਖੇ ਲਈ ਵਚਨ ਦੇਂਦਾ ਹੈ :-

## ਉਦੇਸ਼

* ਖਰੀਦਾਰ ਦੀਆਂ ਜ਼ਰੂਰਤਾਂ ਦੇ ਅਧਾਰ ਤੇ ਵਿਦੇਸ਼ੀ ਬਜ਼ਾਰਾਂ ਲਈ ਨਿਰਯਾਤ ਸਬੰਧੀ ਹੱਥਖੱਡੀ ਉਤਪਾਦਾਂ ਦੀ ਸ਼੍ਰੇਣੀ ਦਾ ਵਿਕਾਸ ਕਰਨਾ।
* ਪੇਪਰ ਡਿਜ਼ਾਇਨ ਨੂੰ ਕੱਪੜਿਆਂ ਅਤੇ ਅੰਤਮ ਉਤਪਾਦਾਂ ਵਿਚ ਬਦਲਣ ਲਈ ਬੁਣਕਰਾਂ ਅਤੇ ਕਾਰਜਕਾਰੀ ਏਜੰਸੀ ਦੇ ਤਕਨੀਕੀ ਸਟਾਫ਼ ਨੂੰ ਟ੍ਰੇਨਿੰਗ ਦੇਣਾ।
* ਪਰਿਯੋਜਨਾ ਦੇ ਅਧੀਨ ਡਿਜ਼ਾਇਨ ਦੀ ਅਵਸਥਾ ਤੋਂ ਉਤਪਾਦਾਂ ਦੇ ਰੂਪ ਵਿਚ ਵਿਕਸਿਤ ਉਤਪਾਦਾਂ ਦੇ ਵਪਾਰ ਲਈ ਆਯਾਤਕਾਂ/ਖਰੀਦਾਰ ਏਜੰਟਾਂ/ਵਿਦੇਸ਼ੀ ਖਰੀਦਾਰਾਂ ਦੇ ਨਾਲ ਵਪਾਰ ਸੰਬੰਧ ਸਥਾਪਤ ਕਰਨ ਲਈ ਵਪਾਰ ਸਲਾਹਕਾਰ ਅਤੇ ਕਾਰਜਕਾਰੀ ਏਜੰਸੀ ਦੇ ਵਿਚਕਾਰ ਤਾਲਮੇਲ ਕਰਨਾ।
* ਜੇਕਰ ਖਰੀਦਾਰ ਵਲੋਂ ਸੁਝਾਅ ਦਿੱਤਾ ਗਿਆ ਹੋਵੇ ਤਾਂ ਕੱਪੜਿਆਂ ਅਤੇ ਉਤਪਾਦ ਨਮੂਨਿਆਂ ਦੇ ਡਿਜ਼ਾਇਨਾਂ, ਰੰਗ ਸੰਯੋਜਨ ਅਤੇ ਬਨਾਵਟ ਵਿਚ ਸੋਧ ਲਈ ਕਾਰਜਕਾਰੀ ਏਜੰਸੀ ਦੀ ਸਹਾਇਤਾ ਕਰਨਾ।

## ਪਰਿਯੋਜਨਾ ਸਮਾਂ-ਸੀਮਾ

* ਟ੍ਰੇਨਿੰਗ ਅਤੇ ਪਰਿਯੋਜਨਾ ਦੀ ਪ੍ਰਗਤੀ ਦੀ ਨਿਗਰਾਨੀ ਲਈ ਡਿਜ਼ਾਇਨਰ ਪਰਿਯੋਜਨਾ ਸਥਾਨ ਦਾ ਇਕ ਮਹੀਨੇ ਵਿਚ ਘੱਟੋ-ਘੱਟ 6 ਵਾਰ ਦੌਰਾ ਕਰੇਗਾ।
* ਸਾਰੀ ਪਰਿਯੋਜਨਾ ਲਈ ਦੋ ਰੰਗ ਕਿਸਮਾਂ ਵਿਚ 75 ਪੇਪਰ ਡਿਜ਼ਾਇਨ ਵਿਕਸਿਤ ਕਰਨਾ।
* ਉਤਪਾਦ ਵਿਕਾਸ ਦੋ ਸਾਲ ਦੇ ਪੀਰੀਅਡ ਦੀ ਇਕ ਨਿਰੰਤਰ ਪ੍ਰਕਿਰਿਆ ਹੋਵੇਗੀ।
* ਦੋ ਸਾਲ (24 ਮਹੀਨੇ) ਦੀ ਸੂਚੀ ਹੇਠ ਲਿਖੇ ਅਨੁਸਾਰ ਹੋਵੇਗੀ ਜਿਸ ਦੀ ਪਾਲਨਾ ਡਿਜ਼ਾਇਨਰ ਅਤੇ ਕਾਰਜਕਾਰੀ ਏਜੰਸੀ ਵਲੋਂ ਡਿਜ਼ਾਇਨ ਵਿਕਾਸ, ਉਤਪਾਦ ਵਿਕਾਸ, ਬੁਣਕਰਾਂ ਦੀ ਟ੍ਰੇਨਿੰਗ, ਖੱਡੀਆਂ ਦਾ ਸੰਸ਼ੋਧਨ, ਅੰਤਰਰਾਸ਼ਟਰੀ ਮੇਲਿਆਂ ਆਦਿ ਵਿਚ ਭਾਗੀਦਾਰੀ ਲਈ ਕੀਤਾ ਜਾਏਗਾ। ਦੋ ਸਾਲ ਦਾ ਪੀਰੀਅਡ ਕਾਰਜਕਾਰੀ ਏਜੰਸੀ ਨੂੰ ਫੰਡ ਜਾਰੀ ਕਰਨ ਦੀ ਮਿਤੀ ਤੋਂ ਸ਼ੁਰੂ ਹੋਵੇਗਾ। ਕਾਰਜਕਾਰੀ ਏਜੰਸੀ ਨੂੰ ਫੰਡ ਜਾਰੀ ਕਰਨ ਦੀ ਮਿਤੀ ਨੂੰ ਡੀ-1 ਦੇ ਰੂਪ ਵਿਚ ਦਰਸਾਇਆ ਜਾਏਗਾ।

(i) ਡਿਜ਼ਾਇਨਰ ਵਲੋਂ ਦੋ ਰੰਗ ਕਿਸਮਾਂ ਦੇ 10 ਡਿਜ਼ਾਇਨਾਂ ਦੇ ਪਹਿਲੇ ਸਮੂਹ ਦਾ ਵਿਕਾਸ - **ਡੀ1+ਪਹਿਲੇ ਦੋ ਮਹੀਨੇ।**

(ii) ਬੁਣਕਰਾਂ ਦੀ ਟ੍ਰੇਨਿੰਗ ਅਤੇ ਖੱਡੀਆਂ ਦੀ ਸੁਧਾਈ **–ਡੀ1+ਤੀਸਰੇ ਮਹੀਨੇ ਵਿਚ ਪੂਰਾ ਕੀਤਾ ਜਾਏਗਾ।**

(iii) ਡਿਜ਼ਾਇਨਰ ਵਲੋਂ ਦੋ ਰੰਗ ਕਿਸਮਾਂ ਦੇ 10 ਡਿਜ਼ਾਇਨਾਂ ਦੇ ਦੂਜੇ ਸਮੂਹ ਦਾ ਵਿਕਾਸ ਅਤੇ ਕਾਰਜਕਾਰੀ ਏਜੰਸੀ ਵਲੋਂ 10 ਡਿਜ਼ਾਇਨਾਂ ਦੇ ਪਹਿਲੇ ਸਮੂਹ ਦੇ ਕੱਪੜਾ ਨਮੂਨਿਆਂ ਵਿਚ ਬਦਲਾਵ – **ਡੀ1+ਚੌਥੇ ਤੋਂ ਛੇਵਾਂ ਮਹੀਨਾ।**

(iv) ਡਿਜ਼ਾਇਨਰ ਵਲੋਂ ਦੋ ਰੰਗ ਕਿਸਮਾਂ ਦੇ 10 ਡਿਜ਼ਾਇਨਾਂ ਦੇ ਤੀਜੇ ਸਮੂਹ ਦਾ ਵਿਕਾਸ ਅਤੇ ਕਾਰਜਕਾਰੀ ਏਜੰਸੀ ਵਲੋਂ 10 ਡਿਜ਼ਾਇਨਾਂ ਦੇ ਦੂਜੇ ਸਮੂਹ ਦੇ ਕੱਪੜਾ ਨਮੂਨਿਆਂ ਵਿਚ ਬਦਲਾਵ – **ਡੀ1+ਸੱਤਵੇਂ ਤੋਂ ਨੌਵਾਂ ਮਹੀਨਾ।**

(v) ਡਿਜ਼ਾਇਨਰ ਵਲੋਂ ਦੋ ਰੰਗ ਕਿਸਮਾਂ ਦੇ 10 ਡਿਜ਼ਾਇਨਾਂ ਦੇ ਚੌਥੇ ਸਮੂਹ ਦਾ ਵਿਕਾਸ ਅਤੇ ਕਾਰਜਕਾਰੀ ਏਜੰਸੀ ਵਲੋਂ 10 ਡਿਜ਼ਾਇਨਾਂ ਦੇ ਤੀਜੇ ਸਮੂਹ ਦੇ ਕੱਪੜਾ ਨਮੂਨਿਆਂ ਵਿਚ ਬਦਲਾਵ – **ਡੀ1+10ਵੇਂ ਤੋਂ 12ਵਾਂ ਮਹੀਨਾ।**

(vi) ਡਿਜ਼ਾਇਨਰ ਵਲੋਂ ਦੋ ਰੰਗ ਕਿਸਮਾਂ ਦੇ 10 ਡਿਜ਼ਾਇਨਾਂ ਦੇ ਪੰਜਵੇਂ ਸਮੂਹ ਦਾ ਵਿਕਾਸ ਅਤੇ ਕਾਰਜਕਾਰੀ ਏਜੰਸੀ ਵਲੋਂ 10 ਡਿਜ਼ਾਇਨਾਂ ਦੇ ਚੌਥੇ ਸਮੂਹ ਦੇ ਕੱਪੜਾ ਨਮੂਨਿਆਂ ਵਿਚ ਬਦਲਾਵ – **ਡੀ1+13ਵੇਂ ਤੋਂ 15ਵਾਂ ਮਹੀਨਾ।**

(vii) ਡਿਜ਼ਾਇਨਰ ਵਲੋਂ ਦੋ ਰੰਗ ਕਿਸਮਾਂ ਦੇ 10 ਡਿਜ਼ਾਇਨਾਂ ਦੇ ਛੇਵੇਂ ਸਮੂਹ ਦਾ ਵਿਕਾਸ ਅਤੇ ਕਾਰਜਕਾਰੀ ਏਜੰਸੀ ਵਲੋਂ 10 ਡਿਜ਼ਾਇਨਾਂ ਦੇ ਪੰਜਵੇਂ ਸਮੂਹ ਦੇ ਕੱਪੜਾ ਨਮੂਨਿਆਂ ਵਿਚ ਬਦਲਾਵ – **ਡੀ1+16ਵੇਂ ਤੋਂ 18ਵਾਂ ਮਹੀਨਾ।**

(viii) ਡਿਜ਼ਾਇਨਰ ਵਲੋਂ ਦੋ ਰੰਗ ਕਿਸਮਾਂ ਦੇ 10 ਡਿਜ਼ਾਇਨਾਂ ਦੇ ਸਤਵੇਂ ਸਮੂਹ ਦਾ ਵਿਕਾਸ ਅਤੇ ਕਾਰਜਕਾਰੀ ਏਜੰਸੀ ਵਲੋਂ 10 ਡਿਜ਼ਾਇਨਾਂ ਦੇ ਛੇਵੇਂ ਸਮੂਹ ਦੇ ਕੱਪੜਾ ਨਮੂਨਿਆਂ ਵਿਚ ਬਦਲਾਵ – **ਡੀ1+19ਵੇਂ ਤੋਂ 20ਵਾਂ ਮਹੀਨਾ।**

(ix) ਡਿਜ਼ਾਇਨਰ ਵਲੋਂ ਦੋ ਰੰਗ ਕਿਸਮਾਂ ਦੇ 10 ਡਿਜ਼ਾਇਨਾਂ ਦੇ ਅੱਠਵੇਂ ਸਮੂਹ ਦਾ ਵਿਕਾਸ ਅਤੇ ਕਾਰਜਕਾਰੀ ਏਜੰਸੀ ਵਲੋਂ 10 ਡਿਜ਼ਾਇਨਾਂ ਦੇ ਸਤਵੇਂ ਸਮੂਹ ਦੇ ਕੱਪੜਾ ਨਮੂਨਿਆਂ ਵਿਚ ਬਦਲਾਵ – **ਡੀ1+21ਵੇਂ ਅਤੇ 22ਵਾਂ ਮਹੀਨਾ।**

(x) ਕਾਰਜਕਾਰੀ ਏਜੰਸੀ ਵਲੋਂ 5 ਡਿਜ਼ਾਇਨਾਂ ਦੇ ਅੱਠਵੇਂ ਸਮੂਹ ਦਾ ਕੱਪੜਾ ਨਮੂਨਿਆਂ ਵਿਚ ਬਦਲਾਵ – **ਡੀ1+23ਵਾਂ ਤੇ 24ਵਾਂ ਮਹੀਨਾ।**

* ਹਰੇਕ ਵਰਗ/ਕਾਰਜ ਲਈ ਉਪਰੋਕਤ ਪੀਰੀਅਡ ਉਹ ਵੱਧ ਤੋਂ ਵੱਧ ਸਮਾਂ ਸੀਮਾ ਹੈ ਜਿਸ ਦਾ ਪਾਲਨ ਕਾਰਜਕਾਰੀ ਏਜੰਸੀ ਅਤੇ ਡਿਜ਼ਾਇਨਰ ਵਲੋਂ ਪਰਿਯੋਜਨਾ ਨੂੰ ਪੂਰਾ ਕਰਨ 'ਚ ਕੀਤਾ ਜਾਏਗਾ। ਕਾਰਜਕਾਰੀ ਏਜੰਸੀ ਅਤੇ ਡਿਜ਼ਾਇਨਰ ਪਰਿਯੋਜਨਾ ਨੂੰ ਨਿਰਧਾਰਤ 24 ਮਹੀਨਿਆਂ ਜਾਂ ਉਸ ਤੋਂ ਪਹਿਲਾਂ ਪੂਰਾ ਕਰ ਸਕਦੇ ਹਨ।

* ਉਪਰੋਕਤ 2 ਸਾਲ ਦੇ ਸਮੇਂ ਦੌਰਾਨ ਕਾਰਜਕਾਰੀ ਏਜੰਸੀ ਕੁਝ ਕੁ ਮੇਲਿਆਂ ਵਿਚ ਵੀ ਹਿੱਸਾ ਲਵੇਗੀ। ਮੇਲੇ ਵਿਚ ਵਿਦੇਸ਼ੀ ਖਰੀਦਾਰਾਂ/ਖਰੀਦਾਰ ਏਜੰਟਾਂ/ਭਾਈਸ਼ਗ ਹਾਊਸਾਂ ਆਦਿ ਨਾਲ ਗੱਲਬਾਤ ਕਰਨ ਵਿਚ ਡਿਜ਼ਾਇਨਰ ਵਪਾਰਕ ਸਹਾਇਤਾ ਦੇ ਰੂਪ ਵਿਚ ਕਾਰਜਕਾਰੀ ਏਜੰਸੀ ਦੀ ਮਦਦ ਕਰੇਗਾ/ਕਰੇਗੀ।

* ਡਿਜ਼ਾਇਨਰ ਅਤੇ ਕਾਰਜਕਾਰੀ ਏਜੰਸੀ ਉਪਰੋਕਤ ਸਮੇਂ ਸੀਮਾ ਦਾ ਪਾਲਨ ਦ੍ਰਿੜ੍ਹਤਾ ਨਾਲ ਕਰਨਗੇ।

## ਡਿਜ਼ਾਇਨ ਵਿਕਾਸ

* ਡਿਜ਼ਾਇਨ ਨੂੰ ਧਿਆਨ ਵਿਚ ਰਖ ਕੇ ਸਹੀ ਧਾਗੇ ਦੀ ਚੋਣ ਕਰਨਾ।
* ਹੇਠ ਲਿਖੇ ਤੇ ਕੰਮ ਕਰਨਾ :
  - ਬੁਣਾਈ ਮਿਸ਼ਰਣ
  - ਮੋਟਿਫ਼ ਅਤੇ ਪੈਟਰਨ
  - ਰੰਗ ਦੀ ਕਿਸਮ
  - ਕੀਮਤ ਵਾਧਾ

- ਡਿਜ਼ਾਇਨ ਸਬੰਧੀ ਸੋਚ
- ਜੇਕਰ ਜ਼ਰੂਰੀ ਹੋਵੇ ਤਾਂ ਡਿਜ਼ਾਇਨ ਦੇ ਨਾਲ ਪੇਂਟੋਨ ਨੰ./ਥਰੈਡ ਕਾਰਡ ਨੰ.ਦੇ ਰੂਪ ਵਿਚ ਰੰਗ ਸੰਦਰਭ ਦਿੱਤੇ ਜਾਣਗੇ।
- ਪ੍ਰੋਟੋਟਾਈਪ (ਨਮੂਨਾ) ਵਿਕਾਸ

## ਉਤਪਾਦ ਵਿਕਾਸ

* ਨਿਰਯਾਤ ਪਰਿਯੋਜਨਾ ਲਈ ਉਤਪਾਦ ਦੀ ਚੋਣ ਵਿਦੇਸ਼ੀ ਬਜ਼ਾਰਾਂ ਵਿਚ ਉਤਪਾਦਾਂ ਦੀ ਮੰਗ ਦੇ ਅਧਾਰ ਤੇ ਅਤੇ/ਜਾਂ ਖਰੀਦਾਰ ਦੀ ਸੁਝਾਅ ਅਨੁਸਾਰ ਅਤੇ ਕਾਰਜਕਾਰੀ ਏਜੰਸੀ ਦੀ ਇਨ੍ਹਾਂ ਉਤਪਾਦਾਂ ਦੇ ਨਿਰਮਾਣ ਦੀ ਸਮਰੱਥਾ ਦੇ ਅਨੁਸਾਰ ਕੀਤਾ ਜਾਣਾ ਚਾਹੀਦਾ ਹੈ।
* ਡਿਜ਼ਾਇਨਰ ਕਾਰਜਕਾਰੀ ਏਜੰਸੀ ਦੀ ਜਗ੍ਹਾ ਦਾ ਦੌਰਾ ਕਰਕੇ ਪਰਿਯੋਜਨਾ ਸ਼ੁਰੂ ਹੋਣ ਤੋਂ ਪਹਿਲਾਂ ਉਤਪਾਦਾਂ ਦੀ ਚੋਣ ਕਰੇਗਾ।
* ਡਿਜ਼ਾਇਨਰ ਉਤਪਾਦਾਂ ਦੀ ਸਿਰਫ਼ ਉਹੀ ਰੇਂਜ ਉਪਲਬਧ ਕਰਾਏਗਾ ਜੋ ਚੁਣੇ ਹੋਏ ਬਜ਼ਾਰ/ਗਾਹਕ ਨੂੰ ਸਵੀਕਾਰ ਹੋਣ ਅਤੇ ਉਹ ਉਪਰੋਕਤ ਉਤਪਾਦਾਂ ਦੀ ਸਫ਼ਲਤਾ ਲਈ ਜ਼ਿੰਮੇਵਾਰ ਹੋਵੇਗਾ।

## ਐਗਰੀਮੈਂਟ ਉੱਤੇ ਦਸਤਖ਼ਤ ਦੀ ਤਾਰੀਖ

ਡਿਜ਼ਾਇਨਰ ਅਤੇ ਕਾਰਜਕਾਰੀ ਏਜੰਸੀ ਵਲੋਂ ਐਗਰੀਮੈਂਟ ਉੱਤੇ ਦਸਤਖ਼ਤ ਵਿਕਾਸ ਕਮਿਸ਼ਨਰ ਹੱਥਖੱਡੀ ਦਫ਼ਤਰ ਵਲੋਂ ਇਸ ਵਿਸ਼ੇ ਸਬੰਧੀ ਪੱਤਰ ਪ੍ਰਾਪਤ ਹੋਣ ਮਗਰੋਂ ਕੀਤੇ ਜਾਣਗੇ ਕਿ ਨਿਰਯਾਤ ਪਰਿਯੋਜਨਾ ਮਨਜ਼ੂਰ ਕੀਤੀ ਗਈ ਹੈ। ਕਾਰਜਕਾਰੀ ਏਜੰਸੀ ਐਗਰੀਮੈਂਟ ਨਿਰਯਾਤ ਪਰਿਯੋਜਨਾ ਲਈ ਫੰਡ ਜਾਰੀ ਕਰਨ ਲਈ ਪ੍ਰਾਪਤੀ ਰਸੀਦ ਦੇ ਨਾਲ ਵਿਕਾਸ ਕਮਿਸ਼ਨਰ ਹੱਥਖੱਡੀ ਦਫ਼ਤਰ ਨੂੰ ਭੇਜੇਗੀ।

## ਡਿਜ਼ਾਇਨਰ ਦੀ ਫੀਸ :

* ਕਾਰਜਕਾਰੀ ਏਜੰਸੀ ਵਲੋਂ ਦੋ ਸਾਲ ਦੇ ਪੂਰੇ ਪਰਿਯੋਜਨਾ ਪੀਰੀਅਡ ਲਈ ਡਿਜ਼ਾਇਨਰ ਨੂੰ 5.00 ਲੱਖ ਰੁਪਏ ਦਾ ਭੁਗਤਾਨ ਕੀਤਾ ਜਾਏਗਾ।
* ਡਿਜ਼ਾਇਨਰ ਨੂੰ ਉਪਰੋਕਤ 5.00 ਲੱਖ ਰੁਪਏ ਦਾ ਭੁਗਤਾਨ ਕਿਸ਼ਤਾਂ ਵਿਚ ਹੇਠ ਲਿਖੇ ਅਨੁਸਾਰ ਕੀਤਾ ਜਾਏਗਾ :-
  - ਕਾਰਜਕਾਰੀ ਏਜੰਸੀ ਵਲੋਂ ਡਿਜ਼ਾਇਨਰ ਨੂੰ 25,000/- ਰੁਪਏ ਦੀ ਪਹਿਲੀ ਕਿਸ਼ਤ ਦਾ ਭੁਗਤਾਨ ਵਿਕਾਸ ਕਮਿਸ਼ਨਰ ਹੱਥਖੱਡੀ ਦਫ਼ਤਰ ਵਲੋਂ ਕਾਰਜਕਾਰੀ ਏਜੰਸੀ ਨੂੰ ਫੰਡ ਜਾਰੀ ਕਰਨ ਤੋਂ ਤੁਰੰਤ ਬਾਅਦ ਕੀਤਾ ਜਾਏਗਾ।
  - 50,000 ਰੁਪਏ ਦੀ ਦੂਸਰੀ ਕਿਸ਼ਤ ਦਾ ਭੁਗਤਾਨ ਤਦ ਕੀਤਾ ਜਾਏਗਾ, ਜਦੋਂ ਡਿਜ਼ਾਇਨਰ ਕਾਰਜਕਾਰੀ ਏਜੰਸੀ ਨੂੰ 10 ਡਿਜ਼ਾਇਨਾਂ ਦੇ ਪਹਿਲੇ ਸਮੂਹ ਦਾ ਪਰਿਵਰਤਨ ਕੱਪੜਾ ਅਤੇ ਅੰਤਮ ਉਤਪਾਦ ਵਿਚ ਕਰਨ ਵਿਚ ਸਹਾਇਤਾ ਕਰਦਾ/ਕਰਦੀ ਹੈ ਅਤੇ ਉਹ ਕਾਰਜਕਾਰੀ ਏਜੰਸੀ ਨੂੰ ਦੋ ਰੰਗ ਕਿਸਮਾਂ ਵਿਚ 10 ਡਿਜ਼ਾਇਨਾਂ/ਸੋਚ ਦਾ ਦੂਸਰਾ ਸਮੂਹ ਪੇਸ਼ ਕਰਦਾ/ਕਰਦੀ ਹੈ।
  - 50,000 ਰੁਪਏ ਦੀ ਤੀਸਰੀ ਕਿਸ਼ਤ ਦਾ ਭੁਗਤਾਨ ਤਦ ਕੀਤਾ ਜਾਏਗਾ, ਜਦੋਂ ਡਿਜ਼ਾਇਨਰ ਕਾਰਜਕਾਰੀ ਏਜੰਸੀ ਨੂੰ 10 ਡਿਜ਼ਾਇਨਾਂ ਦੇ ਦੂਜੇ ਸਮੂਹ ਦਾ ਪਰਿਵਰਤਨ ਕੱਪੜਾ ਅਤੇ ਅੰਤਮ ਉਤਪਾਦ ਵਿਚ ਕਰਨ ਵਿਚ ਸਹਾਇਤਾ ਕਰਦਾ/ਕਰਦੀ ਹੈ ਅਤੇ ਉਹ ਕਾਰਜਕਾਰੀ ਏਜੰਸੀ ਨੂੰ ਦੋ ਰੰਗ ਕਿਸਮਾਂ ਵਿਚ 10 ਡਿਜ਼ਾਇਨਾਂ/ਸੋਚ ਦਾ ਦੂਸਰਾ ਸਮੂਹ ਪੇਸ਼ ਕਰਦਾ/ਕਰਦੀ ਹੈ।
  - 50,000 ਰੁਪਏ ਦੀ ਚੌਥੀ ਕਿਸ਼ਤ ਦਾ ਭੁਗਤਾਨ ਤਦ ਕੀਤਾ ਜਾਏਗਾ, ਜਦੋਂ ਡਿਜ਼ਾਇਨਰ ਕਾਰਜਕਾਰੀ ਏਜੰਸੀ ਨੂੰ 10 ਡਿਜ਼ਾਇਨਾਂ ਦੇ ਤੀਜੇ ਸਮੂਹ ਦਾ ਪਰਿਵਰਤਨ ਕੱਪੜਾ ਅਤੇ ਅੰਤਮ ਉਤਪਾਦ ਵਿਚ ਕਰਨ ਵਿਚ ਸਹਾਇਤਾ ਕਰਦਾ/ਕਰਦੀ ਹੈ ਅਤੇ ਉਹ ਕਾਰਜਕਾਰੀ ਏਜੰਸੀ ਨੂੰ ਦੋ ਰੰਗ ਕਿਸਮਾਂ ਵਿਚ 10 ਡਿਜ਼ਾਇਨਾਂ/ਸੋਚ ਦਾ ਦੂਸਰਾ ਸਮੂਹ ਪੇਸ਼ ਕਰਦਾ/ਕਰਦੀ ਹੈ।

- 50,000 ਰੁਪਏ ਦੀ ਪੰਜਵੀਂ ਕਿਸ਼ਤ ਦਾ ਭੁਗਤਾਨ ਤਦ ਕੀਤਾ ਜਾਏਗਾ, ਜਦੋਂ ਡਿਜ਼ਾਇਨਰ ਕਾਰਜਕਾਰੀ ਏਜੰਸੀ ਨੂੰ 10 ਡਿਜ਼ਾਇਨਾਂ ਦੇ ਚੌਥੇ ਸਮੂਹ ਦਾ ਪਰਿਵਰਤਨ ਕੱਪੜਾ ਅਤੇ ਅੰਤਮ ਉਤਪਾਦ ਵਿਚ ਕਰਨ ਵਿਚ ਸਹਾਇਤਾ ਕਰਦਾ/ਕਰਦੀ ਹੈ ਅਤੇ ਉਹ ਕਾਰਜਕਾਰੀ ਏਜੰਸੀ ਨੂੰ ਦੋ ਰੰਗ ਕਿਸਮਾਂ ਵਿਚ 10 ਡਿਜ਼ਾਇਨਾਂ/ਸੋਚ ਦਾ ਦੂਸਰਾ ਸਮੂਹ ਪੇਸ਼ ਕਰਦਾ/ਕਰਦੀ ਹੈ।
- 50,000 ਰੁਪਏ ਦੀ ਛੇਵੀਂ ਕਿਸ਼ਤ ਦਾ ਭੁਗਤਾਨ ਤਦ ਕੀਤਾ ਜਾਏਗਾ, ਜਦੋਂ ਡਿਜ਼ਾਇਨਰ ਕਾਰਜਕਾਰੀ ਏਜੰਸੀ ਨੂੰ 10 ਡਿਜ਼ਾਇਨਾਂ ਦੇ ਪੰਜਵੇਂ ਸਮੂਹ ਦਾ ਪਰਿਵਰਤਨ ਕੱਪੜਾ ਅਤੇ ਅੰਤਮ ਉਤਪਾਦ ਵਿਚ ਕਰਨ ਵਿਚ ਸਹਾਇਤਾ ਕਰਦਾ/ਕਰਦੀ ਹੈ ਅਤੇ ਉਹ ਕਾਰਜਕਾਰੀ ਏਜੰਸੀ ਨੂੰ ਦੋ ਰੰਗ ਕਿਸਮਾਂ ਵਿਚ 10 ਡਿਜ਼ਾਇਨਾਂ/ਸੋਚ ਦਾ ਦੂਸਰਾ ਸਮੂਹ ਪੇਸ਼ ਕਰਦਾ/ਕਰਦੀ ਹੈ।
- 50,000 ਰੁਪਏ ਦੀ ਸਤਵੀਂ ਕਿਸ਼ਤ ਦਾ ਭੁਗਤਾਨ ਤਦ ਕੀਤਾ ਜਾਏਗਾ, ਜਦੋਂ ਡਿਜ਼ਾਇਨਰ ਕਾਰਜਕਾਰੀ ਏਜੰਸੀ ਨੂੰ 10 ਡਿਜ਼ਾਇਨਾਂ ਦੇ ਛੇਵੇਂ ਸਮੂਹ ਦਾ ਪਰਿਵਰਤਨ ਕੱਪੜਾ ਅਤੇ ਅੰਤਮ ਉਤਪਾਦ ਵਿਚ ਕਰਨ ਵਿਚ ਸਹਾਇਤਾ ਕਰਦਾ/ਕਰਦੀ ਹੈ ਅਤੇ ਉਹ ਕਾਰਜਕਾਰੀ ਏਜੰਸੀ ਨੂੰ ਦੋ ਰੰਗ ਕਿਸਮਾਂ ਵਿਚ 10 ਡਿਜ਼ਾਇਨਾਂ/ਸੋਚ ਦਾ ਦੂਸਰਾ ਸਮੂਹ ਪੇਸ਼ ਕਰਦਾ/ਕਰਦੀ ਹੈ।
- 50,000 ਰੁਪਏ ਦੀ ਅੱਠਵੀਂ ਕਿਸ਼ਤ ਦਾ ਭੁਗਤਾਨ ਤਦ ਕੀਤਾ ਜਾਏਗਾ, ਜਦੋਂ ਡਿਜ਼ਾਇਨਰ ਕਾਰਜਕਾਰੀ ਏ ਜੰਸੀ ਨੂੰ 10 ਡਿਜ਼ਾਇਨਾਂ ਦੇ ਸੱਤਵੇਂ ਸਮੂਹ ਦਾ ਪਰਿਵਰਤਨ ਕੱਪੜਾ ਅਤੇ ਅੰਤਮ ਉਤਪਾਦ ਵਿਚ ਕਰਨ ਵਿਚ ਸਹਾਇਤਾ ਕਰਦਾ/ਕਰਦੀ ਹੈ ਅਤੇ ਉਹ ਕਾਰਜਕਾਰੀ ਏਜੰਸੀ ਨੂੰ ਦੋ ਰੰਗ ਕਿਸਮਾਂ ਵਿਚ 10 ਡਿਜ਼ਾਇਨਾਂ/ਸੋਚ ਦਾ ਦੂਸਰਾ ਸਮੂਹ ਪੇਸ਼ ਕਰਦਾ/ਕਰਦੀ ਹੈ।
- ਕਾਰਜਕਾਰੀ ਏਜੰਸੀ ਨੂੰ ਮੇਲੇ ਵਿਚ ਭਾਗੀਦਾਰੀ ਵਿਚ ਸਹਾਇਤਾ ਕਰਨ ਲਈ ਡਿਜ਼ਾਇਨਰ ਨੂੰ ਹਰੇਕ ਅੰਤਰਰਾਸ਼ਟਰੀ ਮੇਲੇ ਦੇ ਲਈ 30,000 ਰੁਪਏ ਦਾ ਭੁਗਤਾਨ ਵੀ ਕੀਤਾ ਜਾਏਗਾ। ਤਦ ਵੀ ਇਸ ਭਾਗ ਦੇ ਲਈ ਕੁਲ ਭੁਗਤਾਨ 1.25 ਲੱਖ ਰੁਪਿਆਂ ਤਕ ਸੀਮਤ ਰਖਿਆ ਜਾਏਗਾ।

* ਉਪਰੋਕਤ 5.00 ਲੱਖ ਰੁਪਏ ਦੀ ਰਕਮ ਵਿਚ ਡਿਜ਼ਾਇਨਰ ਦਾ ਖ਼ਰਚ, ਭੋਜਨ ਅਤੇ ਨਿਵਾਸ, ਯਾਤਰਾ ਖ਼ਰਚ, ਪੇਪਰ ਡਿਜ਼ਾਇਨਾਂ ਦਾ ਵਿਕਾਸ, ਪੇਪਰ ਡਿਜ਼ਾਇਨਾਂ ਦਾ ਰਖ-ਰਖਾਵ, ਕਾਰਜਕਾਰੀ ਏਜੰਸੀ, ਇਸ ਦੇ ਬੁਣਕਰਾਂ ਅਤੇ ਇਸ ਦੇ ਸਟਾਫ਼ ਨੂੰ ਪੇਪਰ ਡਿਜ਼ਾਇਨਾਂ ਨੂੰ ਕੱਪੜਾ ਨਮੂਨਿਆਂ ਅਤੇ ਅਖੀਰ ਵਿਚ ਅੰਤਮ ਉਤਪਾਦਾਂ ਵਿਚ ਪ੍ਰੀਵਰਤਿਤ ਕਰਨ ਸਬੰਧੀ ਮਾਰਗ ਦਰਸ਼ਨ ਕਾਰਜਕਾਰੀ ਏਜੰਸੀ ਦੀ ਕੰਮ ਵਾਲੀ ਥਾਂ ਦਾ ਦੌਰਾ, ਸਮੀਖਿਆ ਬੈਠਕਾਂ ਲਈ ਹੱਥਖੱਡੀ ਵਿਕਾਸ ਕਮਿਸ਼ਨਰ ਦਫ਼ਤਰ ਵਿਚ ਆਉਣਾ, ਕਾਰਜਕਾਰੀ ਏਜੰਸੀ ਨੂੰ ਅੰਤਰਰਾਸ਼ਟਰੀ ਮੇਲਿਆਂ ਆਦਿ ਵਿਚ ਭਾਗੀਦਾਰੀ ਵਿਚ ਸਹਾਇਤਾ ਕਰਨਾ ਸ਼ਾਮਲ ਹੈ।

## ਮਾਲਕੀ ਸਬੰਧੀ ਦਾਅਵਾ

* ਵਿਕਾਸ ਕਮਿਸ਼ਨਰ ਹੱਥਖੱਡੀ ਦਾ ਦਫ਼ਤਰ ਇਸ ਸਮਝੌਤਾ ਮੈਮੋਰੰਡਮ ਦੀ ਦੇਖਰੇਖ ਵਿਚ ਇਸ ਪਰਿਯੋਜਨਾ ਦੇ ਅਧੀਨ ਵਿਕਸਤ ਸਾਰੇ ਪੇਪਰ ਡਿਜ਼ਾਇਨਾਂ, ਉਤਪਾਦ ਨਮੂਨਿਆਂ ਆਦਿ ਦਾ ਪ੍ਰਯੋਗ ਹੱਥਖੱਡੀ ਖੇਤਰ ਦੇ ਵਿਕਾਸ ਲਈ ਕਰਨ ਵਾਸਤੇ ਅਜ਼ਾਦ ਹੋਵੇਗਾ। ਕਿਸੇ ਵੀ ਹਾਲਤ ਵਿਚ ਡਿਜ਼ਾਇਨਰ ਨੂੰ ਡਿਜ਼ਾਇਨ ਵੇਚਣ, ਉਪਯੋਗ ਕਰਨ ਦੀ ਇਜਾਜ਼ਤ ਜਾਂ ਕਿਸੇ ਕਿਸਮ ਦਾ ਲੈਣ-ਦੇਣ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ।
* ਡਿਜ਼ਾਇਨਰ ਕਾਰਜਕਾਰੀ ਏਜੰਸੀ ਦੇ ਨਾਲ ਇਕ ਐਗਰੀਮੈਂਟ ਕਰੇਗਾ ਕਿ ਉਹ ਇਨ੍ਹਾਂ ਡਿਜ਼ਾਇਨਾਂ ਦੀ ਵਿਕਰੀ ਕਿਸੇ ਹੋਰ ਏਜੰਸੀ/ਸੰਸਥਾ/ਸੰਗਠਨ ਨੂੰ ਨਹੀਂ ਕਰੇਗਾ/ਕਰੇਗੀ।

## ਸਮਾਪਤੀ

* ਕਾਰਜਕਾਰੀ ਏਜੰਸੀ ਜਾਂ ਡਿਜ਼ਾਇਨਰ ਜਿਹੋ ਜਿਹੀ ਵੀ ਸਥਿਤੀ ਹੋਵੇ, ਨੂੰ ਇਸ ਐਗਰੀਮੈਂਟ ਨੂੰ ਖ਼ਤਮ ਕਰਨ ਲਈ ਵਿਕਾਸ ਕਮਿਸ਼ਨਰ ਹੱਥਖੱਡੀ ਦੀ ਪਹਿਲਾਂ ਇਜਾਜ਼ਤ ਲੈਣੀ ਜ਼ਰੂਰੀ ਹੋਵੇਗੀ।

* ਅਜਿਹੀ ਭੁੱਲ ਦੇ ਮਾਮਲੇ ਵਿਚ ਕਾਰਜਕਾਰੀ ਏਜੰਸੀ ਜਾਂ ਡਿਜ਼ਾਇਨਰ, ਜਿਹੋ ਜਿਹੀ ਵੀ ਸਥਿਤੀ ਹੋਵੇ, ਦੂਸਰੀ ਪਾਰਟੀ ਨੂੰ ਸਮਾਪਤੀ ਨੋਟਿਸ ਜਾਰੀ ਕਰੇਗਾ ਅਤੇ ਵਿਕਾਸ ਕਮਿਸ਼ਨਰ ਹੱਥਖੱਡੀ ਦਫ਼ਤਰ ਤੋਂ ਪਹਿਲਾਂ ਪ੍ਰਵਾਨਗੀ ਪ੍ਰਾਪਤ ਕਰੇਗਾ। ਤਦ ਵੀ ਜੇਕਰ ਕਾਰਜਕਾਰੀ ਏਜੰਸੀ ਸਮੇਂ ਸੂਚੀ ਦਾ ਪਾਲਨ ਨਹੀਂ ਕਰ ਪਾਂਦੀ, ਤਾਂ ਕਾਰਜਕਾਰੀ ਏਜੰਸੀ ਨੂੰ ਇਹ ਸਮਝੌਤਾ ਖ਼ਤਮ ਦੀ ਯੋਗਤਾ ਨਹੀਂ ਹੋਵੇਗੀ। ਇਸੇ ਤਰ੍ਹਾਂ ਜੇਕਰ ਡਿਜ਼ਾਇਨਰ ਸਮੇਂ ਸੂਚੀ ਦਾ ਪਾਲਨ ਨਹੀਂ ਕਰਦਾ ਤਾਂ ਡਿਜ਼ਾਇਨਰ ਨੂੰ ਇਹ ਸਮਝੌਤਾ ਖ਼ਤਮ ਕਰਨ ਦੀ ਯੋਗਤਾ ਨਹੀਂ ਹੋਵੇਗੀ। ਸਮਝੌਤਾ ਮੈਮੋਰੰਡਮ ਨੂੰ ਖ਼ਤਮ ਕਰਨ ਦਾ ਨੋਟਿਸ ਜਾਰੀ ਕਰਨ ਤੋਂ ਪਹਿਲਾਂ ਕਾਰਜਕਾਰੀ ਏਜੰਸੀ ਜਾਂ ਡਿਜ਼ਾਇਨਰ ਵਿਕਾਸ ਕਮਿਸ਼ਨਰ ਹੱਥਖੱਡੀ ਨੂੰ ਪਹਿਲਾਂ ਪ੍ਰਵਾਨਗੀ ਪ੍ਰਾਪਤ ਕਰਨਗੇ।

## ਪੂਰਤੀ ਅਤੇ ਵਿਵਾਦ

* ਇਸ ਐਗਰੀਮੈਂਟ ਦੇ ਸਬੰਧ ਵਿਚ ਪੈਦਾ ਹੋਏ ਕਿਸੇ ਵੀ ਵਿਵਾਦ ਜਾਂ ਉਸ ਦੇ ਉਲੰਘਣ ਜਾਂ ਕਥਿਤ ਉਲੰਘਣ ਦਾ ਨਿਪਟਾਰਾ ਹੱਥਖੱਡੀ ਵਿਕਾਸ ਕਮਿਸ਼ਨਰ ਵਲੋਂ ਦੋਹਾਂ ਪੱਖਾਂ ਦੇ ਨਾਲ ਵਿਅਕਤੀਗਤ ਸੁਣਵਾਈ ਰਾਹੀਂ ਕੀਤੀ ਜਾਏਗਾ।

ਜਿਸ ਦੀ ਗਵਾਹੀ ਵਿਚ ਕਾਰਜਕਾਰੀ ਏਜੰਸੀ ਅਤੇ ਡਿਜ਼ਾਇਨਰ ਮਿਤੀ ............. ਨੂੰ ਇਸ ਐਗਰੀਮੈਂਟ ਉੱਤੇ ਦਸਤਖ਼ਤ ਲਈ ਸਹਿਮਤ ਹੋਏ ਹਨ।

| | |
|---|---|
| ਕਾਰਜਕਾਰੀ ਏਜੰਸੀ ਦਾ ਪ੍ਰਤੀਨਿਧੀ | ਡਿਜ਼ਾਇਨਰ |
| ਗਵਾਹ | ਗਵਾਹ |

# ਵਪਾਰ ਅਤੇ ਨਿਰਯਾਤ ਵਿਕਾਸ ਯੋਜਨਾ

## ਵਪਾਰ ਵਿਕਾਸ ਦਾ ਘਟਕ : ਰਾਸ਼ਟਰੀ ਹੱਥਖੱਡੀ ਪ੍ਰਦਰਸ਼ਨੀ ਲਈ ਵਿਸਤ੍ਰਿਤ ਦਿਸ਼ਾ-ਨਿਰਦੇਸ਼ ਅਤੇ ਅੰਤਮ ਰਿਪੋਰਟ ਲਈ ਨਿਰਧਾਰਤ ਫਾਰਮ

ਵਪਾਰ ਕਾਰਜ ਨੀਤੀ ਦੇ ਭਾਗ ਦੇ ਰੂਪ ਵਿਚ ਵਿਕਾਸ ਕਮਿਸ਼ਨਰ ਹੱਥਖੱਡੀ ਰਾਸ਼ਟਰੀ ਹੱਥਖੱਡੀ ਪ੍ਰਦਰਸ਼ਨੀਆਂ ਅਤੇ ਵਿਸ਼ੇਸ਼ ਪ੍ਰਦਰਸ਼ਨੀਆਂ ਦਾ ਆਯੋਜਨ ਕਰਦੇ ਰਹੇ ਹਨ। ਸਮਾਂ ਬੀਤਣ ਦੇ ਨਾਲ ਇਹ ਆਯੋਜਨ ਹਰਮਨ-ਪਿਆਰੇ ਹੁੰਦੇ ਗਏ ਹਨ ਅਤੇ ਇਨ੍ਹਾਂ ਆਯੋਜਨਾਂ ਦੇ ਦੌਰਾਨ ਹੋਈ ਵਿਕਰੀ ਵਿਚ ਵੀ ਜ਼ਿਕਰਯੋਗ ਵਾਧਾ ਹੋਇਆ ਹੈ।

## 1. ਨਾਮਕਰਣ, ਸਮਾਂ ਅਤੇ ਆਯੋਜਨਾਂ ਦੀ ਗਿਣਤੀ :

ਹਰੇਕ ਰਾਸ਼ਟਰੀ ਹੱਥਖੱਡੀ ਪ੍ਰਦਰਸ਼ਨੀ ਦਾ ਸਮਾਂ 2 ਤੋਂ 3 ਹਫ਼ਤੇ ਦਾ ਹੋਵੇਗਾ। ਵਿਕਾਸ ਕਮਿਸ਼ਨਰ (ਹੱਥਖੱਡੀ) ਰਾਜਾਂ ਤੋਂ ਪ੍ਰਾਪਤ ਪ੍ਰਸਤਾਵਾਂ, ਪ੍ਰਸਤਾਵਿਕ ਸਥਾਨ ਦੀ ਵਪਾਰਕ ਸੰਭਾਵਨਾ, ਫੰਡ ਦੀ ਪ੍ਰਾਪਤੀ, ਜ਼ਿਲ੍ਹਾ ਪੱਧਰੀ ਮੇਲਿਆਂ, ਸ਼ਿਲਪ ਮੇਲਿਆਂ ਦੀ ਪੂਰਵ ਨਿਰਧਾਰਤ ਤਾਰੀਖਾਂ ਆਦਿ ਨੂੰ ਧਿਆਨ ਵਿਚ ਰਖਦੇ ਹੋਏ ਹਰੇਕ ਸਾਲ ਆਯੋਜਨਾਂ ਦੀ ਗਿਣਤੀ, ਸਥਾਨ ਅਤੇ ਸਮੇਂ ਦੇ ਬਾਰੇ ਵਿਚ ਨਿਰਣਾ ਲੈਣਗੇ।

## 2. ਉਦੇਸ਼ :

ਰਾਸ਼ਟਰੀ ਹੱਥਖੱਡੀ ਪ੍ਰਦਰਸ਼ਨੀਆਂ ਦੇ ਉਦੇਸ਼ ਹੇਠ ਲਿਖੇ ਅਨੁਸਾਰ ਹੋਣਗੇ :-

(i) ਹੱਥਖੱਡੀ ਉਤਪਾਦਾਂ ਦੇ ਵਪਾਰ ਵਿਚ ਸਹਾਇਤਾ ਕਰਨਾ ;

(ii) ਉਪਭੋਗਤਾ ਨੂੰ ਇਕੋ ਸਥਾਨ ਤੇ ਦੇਸ਼ ਦੇ ਵਿਭਿੰਨ ਭਾਗਾਂ ਦੇ ਵਾਸਤਵਿਕ ਹੱਥਖੱਡੀ ਉਤਪਾਦਾਂ ਦੀ ਖ਼ਰੀਦ ਦੀ ਸਹੂਲਤ ਪ੍ਰਦਾਨ ਕਰਨ ;

(iii) ਹੱਥਖੱਡੀ ਖੇਤਰ ਵਿਚ ਉਤਪਾਦਿਤ ਨਵੇਂ ਡਿਜਾਇਨਾਂ ਅਤੇ ਕੱਪੜਿਆਂ ਦੀਆਂ ਕਿਸਮਾਂ ਦੇ ਬਾਰੇ ਵਿਚ ਉਪਭੋਗਤਾਵਾਂ ਵਿਚ ਜਾਗਰੂਕਤਾ ਪੈਦਾ ਕਰਨ ਦੇ ਇਕ ਸਾਧਨ ਦੇ ਰੂਪ ਵਿਚ ਕੰਮ ਕਰਨਾ ; ਅਤੇ

(iv) ਵਿਕਸਿਤ ਨਵੇਂ ਡਿਜ਼ਾਇਨਾਂ, ਸਮਕਾਲੀ ਪ੍ਰਵ੍ਰਿਤੀਆਂ ਅਤੇ ਪੂਰਵ ਅਨੁਮਾਨਾਂ ਦੀ ਜਾਣਕਾਰੀ ਦਾ ਪ੍ਰਚਾਰ-ਪ੍ਰਸਾਰ ਬੁਣਕਰਾਂ ਅਤੇ ਹੋਰ ਪ੍ਰਯੋਗਕਰਤਾ ਦੇ ਵਿਚਕਾਰ ਕਰਨਾ।

## 3. ਰਾਸ਼ਟਰੀ ਹੱਥਖੱਡੀ ਪ੍ਰਦਰਸ਼ਨੀ ਦੇ ਸੰਬੰਧ ਵਿਚ ਪਾਲਨ ਕੀਤੇ ਜਾਣ ਵਾਲੇ ਦਿਸ਼ਾ-ਨਿਰਦੇਸ਼

ਰਾਸ਼ਟਰੀ ਹੱਥਖੱਡੀ ਪ੍ਰਦਰਸ਼ਨੀਆਂ ਨੂੰ ਵਾਸਤਵਿਕ ਰੂਪ ਨਾਲ ਰਾਸ਼ਟਰੀ ਸਰੂਪ ਪ੍ਰਦਾਨ ਕਰਨ ਅਤੇ ਇਨ੍ਹਾਂ ਪ੍ਰਦਰਸ਼ਨੀਆਂ ਲਈ ਇਕੋ ਜਿਹੀ ਪਛਾਣ ਨਿਸ਼ਚਿਤ ਕਰਨ ਦੇ ਉਦੇਸ਼ ਨਾਲ ਹੇਠ ਲਿਖੇ ਦਿਸ਼ਾ-ਨਿਰਦੇਸ਼ ਨਿਰਧਾਰਤ ਕੀਤੇ ਜਾਂਦੇ ਹਨ :-

(i) ਰਾਸ਼ਟਰੀ ਹੱਥਖੱਡੀ ਪ੍ਰਦਰਸ਼ਨੀ ਵਿਚ ਘੱਟੋ-ਘੱਟ 50-70 ਸਟਾਲ ਹੋਣਗੇ, ਜਿਨ੍ਹਾਂ ਦਾ ਏਰੀਆ ਇਕੋ ਜਿਹਾ ਹੋਵੇਗਾ।

(ii) ਘੱਟੋ-ਘੱਟ 10 ਰਾਜਾਂ ਅਤੇ ਯੂਨੀਅਨ ਟੈਰੀਟ੍ਰੀਜ਼ ਦੇ ਹੱਥਖੱਡੀ ਉਤਪਾਦ ਪ੍ਰਦਰਸ਼ਿਤ ਕੀਤੇ ਜਾਣਗੇ।

(iii) ਰਾਸ਼ਟਰੀ ਹੱਥਖੱਡੀ ਪ੍ਰਦਰਸ਼ਨੀ ਵਿਚ ਕਿਸੇ ਵੀ ਰਾਜ/ਯੂਨੀਅਨ ਟੈਰੀਟ੍ਰੀਜ਼ ਨੂੰ ਆਮ ਤੌਰ ਤੇ 5 ਤੋਂ ਜ਼ਿਆਦਾ ਸਟਾਲ ਅਲਾਟ ਨਹੀਂ ਕੀਤੇ ਜਾਣਗੇ। ਤਦ ਵੀ, ਜੇਕਰ ਕਿਸੇ ਕਾਰਨ ਵੱਸ ਸਟਾਲ ਖ਼ਾਲੀ ਹਨ ਤਾਂ 5 ਤੋਂ ਜ਼ਿਆਦਾ ਸਟਾਲ ਅਲਾਟ ਕੀਤੇ ਜਾ ਸਕਦੇ ਹਨ। ਜੇਕਰ ਕਿਸੇ ਰਾਜ ਨੂੰ ਰਾਸ਼ਟਰੀ ਹੱਥਖੱਡੀ ਪ੍ਰਦਰਸ਼ਨੀ ਵਿਚ ਮੇਜ਼ਬਾਨ ਰਾਜ ਚੁਣਿਆ ਜਾਂਦਾ ਹੈ ਤਾਂ ਕੁਲ ਸਟਾਲਾਂ ਵਿਚੋਂ 25% ਸਟਾਲ ਉਸ ਰਾਜ ਦੀਆਂ ਏਜੰਸੀਆਂ ਨੂੰ ਅਲਾਟ ਕੀਤੇ ਜਾਣਗੇ।

(iv) ਜੇਕਰ ਹੋਰ ਸਬੰਧਤ ਏਜੰਸੀਆਂ ਜਿਵੇਂ ਹਸਤਸ਼ਿਲਪ, ਖਾਦੀ ਆਦਿ ਨੂੰ ਉਸੇ ਸਥਾਨ ਤੇ ਸਟਾਲ ਅਲਾਟ ਕੀਤੇ ਜਾ ਰਹੇ ਹਨ, ਤਾਂ ਇਨ੍ਹਾਂ ਦੀ ਵੰਡ ਸਪਸ਼ਟ ਰੂਪ ਨਾਲ ਕੀਤੀ ਜਾਣੀ ਚਾਹੀਦੀ ਹੈ ਅਤੇ ਇਨ੍ਹਾਂ ਸਟਾਲਾਂ ਨਾਲ ਸਬੰਧਤ ਖ਼ਰਚ ਦਾ ਬੋਝ ਐੱਨ.ਐੱਚ.ਈ. ਦੇ ਖਾਤੇ ਵਿਚ ਨਹੀਂ ਪਾਇਆ ਜਾਣਾ ਚਾਹੀਦਾ।

(v) ਮੁੱਖ ਦਰਵਾਜ਼ੇ ਤੇ ਹਰ ਤਰ੍ਹਾਂ ਦੀ ਪ੍ਰਚਾਰ ਸਮੱਗਰੀ ’ਤੇ “ਰਾਸ਼ਟਰੀ ਹੱਥਖੱਡੀ ਪ੍ਰਦਰਸ਼ਨੀ : ਪ੍ਰਾਯੋਜਕ - ਵਿਕਾਸ ਕਮਿਸ਼ਨਰ (ਹੱਥਖੱਡੀ), ਕੱਪੜਾ ਮੰਤਰਾਲਾ, ਭਾਰਤ ਸਰਕਾਰ” ਦਾ ਸਪਸ਼ਟ ਜ਼ਿਕਰ ਹੋਣਾ ਚਾਹੀਦਾ ਹੈ। ਵਿਕਾਸ ਕਮਿਸ਼ਨ (ਹੱਥਖੱਡੀ) ਦਾ ਲੋਗੋ ਇਸ ਦਫ਼ਤਰ ਜਾਂ ਵੈੱਬਸਾਈਟ : ਮਮਮ।ਿਅਦ;ਰਰਠਤ।ਅਜਫ।ਜਅ ਤੋਂ ਪ੍ਰਾਪਤ ਕੀਤਾ ਜਾਏ ਅਤੇ ਹਰ ਪ੍ਰਕਾਰ ਦੀ ਪ੍ਰਚਾਰ ਸਮੱਗਰੀ ਉੱਤੇ ਉਸ ਦਾ ਪ੍ਰਯੋਗ ਕੀਤਾ ਜਾਏ।

(vi) ਏਜੰਸੀਆਂ ਦੀ ਚੋਣ ਅਤੇ ਚੁਣੀਆਂ ਗਈਆਂ ਏਜੰਸੀਆਂ ਨੂੰ ਸਟਾਲਾਂ ਦੀ ਅਲਾਟਮੈਂਟ ਕਾਰਜਕਾਰੀ ਏਜੰਸੀ ਵਲੋਂ ਨਿਰਪੱਖ ਅਤੇ ਪਾਰਦਰਸ਼ੀ ਤਰੀਕੇ ਨਾਲ ਕੀਤੀ ਜਾਏਗੀ। ਜੇਕਰ ਕਾਰਜਕਾਰੀ ਏਜੰਸੀ ਰਾਜ ਸਰਕਾਰ/ਰਾਜ ਏਜੰਸੀ ਹੈ, ਤਾਂ ਕਾਰਜਕਾਰੀ ਏਜੰਸੀ ਵਲੋਂ ਇਸ ਮਨੋਰਥ ਲਈ ਇਕ ਕਮੇਟੀ ਬਣਾਈ ਜਾਏਗੀ, ਜਿਸ ਵਿਚ ਹੱਥਖੱਡੀ ਵਿਭਾਗ ਦੇ ਅਫ਼ਸਰ ਅਤੇ ਵਿਕਾਸ ਕਮਿਸ਼ਨਰ ਹੱਥਖੱਡੀ ਦਫ਼ਤਰ ਵਲੋਂ ਨਾਮਜ਼ਦ ਇਕ ਅਫ਼ਸਰ ਸ਼ਾਮਲ ਹੋਵੇਗਾ, ਜੋ ਅਲਾਟਮੈਂਟ ਪ੍ਰਕ੍ਰਿਆ ਦੇ ਬਾਰੇ ਵਿਚ ਨਿਰਣਾ ਲਵੇਗੀ ਅਤੇ ਉਚਿਤ ਪ੍ਰਚਾਰ ਕਰੇਗੀ। ਜੇਕਰ ਕਾਰਜਕਾਰੀ ਏਜੰਸੀ ਐੱਨ.ਐੱਚ.ਡੀ.ਸੀ., ਆਕਾਸ਼ ਆਦਿ ਵਰਗਾ ਰਾਸ਼ਟਰੀ ਪੱਧਰ ਦਾ ਸੰਗਠਨ ਹੈ, ਤਾਂ ਉਹ ਸੰਗਠਨ ਇਕ ਕਮੇਟੀ ਦਾ ਗਠਨ ਕਰੇਗਾ, ਜਿਸ ਵਿਚ ਵਿਕਾਸ ਕਮਿਸ਼ਨਰ (ਹੱਥਖੱਡੀ) ਦੇ ਦਫ਼ਤਰ ਵਲੋਂ ਨਾਮਜ਼ਦ ਇਕ ਅਫ਼ਸਰ ਹਾਜ਼ਰ ਰਹੇਗਾ।

(vii) ਹਰੇਕ ਰਾਸ਼ਟਰੀ ਹੱਥਖੱਡੀ ਪ੍ਰਦਰਸ਼ਨੀ ਵਿਚ ਇਕ ਗਾਹਕ ਸਹਾਇਤਾ ਕੇਂਦਰ ਸਥਾਪਤ ਕਰਕੇ ਉਸ ਨੂੰ ਕਾਰਜਕਾਰੀ ਏਜੰਸੀ ਦੇ ਅਫ਼ਸਰਾਂ ਵਲੋਂ ਸੰਚਾਲਿਤ ਕੀਤਾ ਜਾਏਗਾ, ਜੋ ਇਹ ਧਿਆਨ ਰਖੇਗਾ ਕਿ ਕੀਮਤਾਂ ਬਹੁਤ ਜ਼ਿਆਦਾ ਨਾ ਹੋਣ ਅਤੇ ਅਨੁਚਿਤ ਪ੍ਰਣਾਲੀਆਂ ਦਾ ਸਹਾਰਾ ਨਾ ਲਿਆ ਜਾਏ।

(viii) ਕਾਰਜਕਾਰੀ ਏਜੰਸੀ ਇਹ ਨਿਸ਼ਚਿਤ ਕਰੇਗੀ ਕਿ ਰੋਜ਼ਾਨਾ ਵਿਕਰੀ ਦੇ ਅੰਕੜਿਆਂ ਦਾ ਏਜੰਸੀ ਮੁਤਾਬਕ ਰਿਕਾਰਡ ਰਖਿਆ ਜਾਏ। ਰੋਜ਼ਾਨਾ ਵਿਕਰੀ ਦੇ ਅੰਕੜੇ ਅਗਲੇ ਦਿਨ ਰਾਜ ਦੇ ਹੱਥਖੱਡੀ ਸਕੱਤਰ/ਕਮਿਸ਼ਨਰ ਨੂੰ ਫੈਕਸ ਰਾਹੀਂ ਭੇਜੇ ਜਾਣਗੇ।

(ix) ਜਿੱਥੋਂ ਤਕ ਸੰਭਵ ਹੋਵੇ ਰਾਸ਼ਟਰੀ ਹੱਥਖੱਡੀ ਪ੍ਰਦਰਸ਼ਨੀ ਦਾ ਉਪਯੋਗ ਗਾਹਕ ਸਰਵੇਖਣ ਕਰਨ ਅਤੇ ਇਸ ਆਯੋਜਨ ਦੌਰਾਨ ਹੋਈ ਵਿਕਰੀ ਦੇ ਅੰਕੜਿਆਂ ਦੇ ਵਿਸ਼ਲੇਸ਼ਣ ਰਾਹੀਂ ਸਹੀ ਢੰਗ ਨਾਲ ਬਾਜ਼ਾਰ ਸੂਚਨਾ ਦੇ ਸੰਗ੍ਰਿਹਣ ਅਤੇ ਆਉਣ ਵਾਲੇ ਸਾਲਾਂ ਵਿਚ ਇਸ ਆਯੋਜਨ ਨੂੰ ਬੇਹਤਰ ਤਰੀਕੇ ਨਾਲ ਆਯੋਜਿਤ ਕਰਨ ਲਈ ਜ਼ਰੂਰੀ ਅੰਕੜੇ ਇਕੱਠੇ ਕਰਨ ਦੇ ਇਕ ਸਰੋਤ ਦੇ ਰੂਪ ਵਿਚ ਕੀਤਾ ਜਾਣਾ ਚਾਹੀਦਾ ਹੈ।

(x) ਕਿਸੇ ਵੀ ਹਾਲਤ ਵਿਚ ਸਟਾਲਾਂ ਨੂੰ ਕਿਰਾਏ ’ਤੇ ਦੇਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ ਅਤੇ ਇਸ ਨੂੰ ਨਿਸ਼ਚਿਤ ਕਰਨ ਲਈ ਸਖ਼ਤ ਅਤੇ ਸਮੇਂ-ਸਮੇਂ ਤੇ ਨਿਰੀਖਣ ਕੀਤੇ ਜਾਣੇ ਚਾਹੀਦੇ ਹਨ।

(xi) ਸਟਾਲਾਂ ਦੀ ਅਲਾਟਮੈਂਟ ਯਥਾਸੰਭਵ ਖੁੱਲ੍ਹੀ ਲਾਟਰੀ ਪ੍ਰਣਾਲੀ ਨਾਲ ਕੀਤਾ ਜਾਣਾ ਚਾਹੀਦਾ ਹੈ। ਇਸ ਨਾਲ ਇਹ ਨਿਸ਼ਚਿਤ ਹੋਵੇਗਾ ਕਿ ਤਥਾਕਥਿਤ ਬੇਹਤਰ ਸਥਿਤੀ ਵਾਲੇ ਸਟਾਲਾਂ ਉੱਤੇ ਕੁਝ ਕੁ ਨਿਜੀ ਸਵਾਰਥੀ ਤੱਤ ਕਬਜ਼ਾ ਨਾ ਕਰ ਸਕਣ।

(xii) ਜਗ੍ਹਾ ਦੇ ਕਿਰਾਏ ਅਤੇ ਬਿਜਲੀ ਖ਼ਰਚੇ ਸਬੰਧੀ ਰਸੀਦਾਂ ਅੰਤਮ ਦਾਅਵੇ ਦੇ ਨਾਲ ਪੇਸ਼ ਕੀਤੀ ਜਾਣੀ ਚਾਹੀਦੀ ਹੈ।

## 4. ਹਿੱਸੇਦਾਰੀ

ਹੇਠ ਲਿਖੀਆਂ ਹੱਥਖੱਡੀ ਏਜੰਸੀਆਂ ਇਸ ਦੇ ਯੋਗ ਹਨ :-

i. ਸਾਰੇ ਪੱਧਰਾਂ ਦੀ ਹੱਥਖੱਡੀ ਸਹਿਕਾਰੀ ਏਜੰਸੀਆਂ, ਨਿਗਮ ਅਤੇ ਪ੍ਰਾਥਮਿਕ ਸਹਿਕਾਰੀ ਕਮੇਟੀਆਂ।

ii. ਹੱਥਖੱਡੀ ਖੇਤਰ ਵਿਚ ਕੰਮ ਕਰ ਰਹੇ ਅਤੇ ਕਾਪਾਰਟ ਵਲੋਂ ਨਿਰਧਾਰਤ ਮਾਨਦੰਡਾਂ ਨੂੰ ਪੂਰਾ ਕਰਨ ਵਾਲੇ ਗੈਰ ਸਰਕਾਰੀ ਸੰਗਠਨ।

iii. ਹੱਥਖੱਡੀ ਉਤਪਾਦਨ ਵਿਚ ਲਗੇ ਸਵੈ-ਸਹਾਇਤਾ ਸਮੂਹ।

## 5. ਕਾਰਜਕਾਰੀ ਏਜੰਸੀਆਂ :

ਰਾਸ਼ਟਰੀ ਹੱਥਖੱਡੀ ਪ੍ਰਦਰਸ਼ਨੀਆਂ ਦਾ ਆਯੋਜਨ ਐੱਨ.ਐੱਚ.ਡੀ.ਸੀ., ਆਕਾਸ਼ ਆਦਿ ਵਰਗੇ ਰਾਸ਼ਟਰੀ ਹੱਥਖੱਡੀ ਸੰਗਠਨਾਂ, ਰਾਜ ਸਰਕਾਰਾਂ ਰਾਹੀਂ ਖ਼ੁਦ ਜਾਂ ਰਾਜ ਪੱਧਰੀ ਹੱਥਖੱਡੀ ਏਜੰਸੀ/ਫੈਡਰੇਸ਼ਨ ਜਾਂ ਬੁਣਕਰ ਸੇਵਾ ਕੇਂਦਰਾਂ ਵਲੋਂ ਕੀਤੀ ਜਾਏਗਾ।

## 6. ਹਿੱਸੇਦਾਰਾਂ ਨੂੰ ਸਹਾਇਤਾ :

ਵਪਾਰ ਉੱਤੇ ਜ਼ੋਰ ਦੇਣ ਦੇ ਉਦੇਸ਼ ਨਾਲ ਹਿੱਸੇਦਾਰਾਂ ਨੂੰ ਢਾਂਚੇ ਸਬੰਧੀ ਸਹਾਇਤਾ, ਸਟਾਲ ਦੇ ਕਿਰਾਏ, ਬਿਜਲੀ ਖ਼ਰਚ, ਪ੍ਰਚਾਰ, ਬੈੱਕ ਅੱਪ ਸੇਵਾ, ਪ੍ਰਸ਼ਾਸਨਿਕ ਖ਼ਰਚ ਆਦਿ ਦੇ ਰੂਪ ਵਿਚ ਦਿੱਤੀ ਆਰਥਿਕ ਸਹਾਇਤਾ ਵਿਚ ਜ਼ਿਕਰਯੋਗ ਵਾਧਾ ਕਰਨ ਦਾ ਨਿਰਣਾ ਲਿਆ ਗਿਆ ਹੈ। ਸਹਾਇਤਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

| ਕ੍ਰ.ਨੰ. | ਸਹਾਇਤਾ ਦੀ ਕਿਸਮ | 15 ਲੱਖ ਤੋਂ ਜ਼ਿਆਦਾ ਅਬਾਦੀ ਵਾਲ ਸ਼ਹਿਰ | 15 ਲੱਖ ਤਕ ਅਬਾਦੀ ਵਾਲਾ ਸ਼ਹਿਰ | ਟਿੱਪਣੀ |
|---|---|---|---|---|
| 1. | ਸਟਾਲ ਦਾ ਕਿਰਾਇਆ/ਢਾਂਚਾ | 13.00 ਲੱਖ ਰੁਪਏ | 5.00 ਲੱਖ ਰੁਪਏ | ਕਾਲਮ 3 ਅਤੇ 4 ਵਿਚ ਕੀਤੇ ਗਏ ਜ਼ਿਕਰ ਦੇ ਅਨੁਸਾਰ 13.00 ਲੱਖ ਰੁਪਏ ਅਤੇ 5.00 ਲੱਖ ਰੁਪਏ ਜਾਂ ਅਸਲ ਖ਼ਰਚ ਦਾ 50% (ਸਟਾਲ ਦੇ ਕਿਰਾਏ ਦੇ ਰੂਪ ਵਿਚ ਹਿੱਸੇਦਾਰਾਂ ਰਾਹੀਂ ਕੀਤੇ ਗਏ ਖ਼ਰਚ ਨੂੰ ਘਟਾ ਕੇ) ਜੋ ਵੀ ਘੱਟ ਹੋਵੇ, ਲੈਣ ਯੋਗ ਹੈ। 15 ਲੱਖ ਤੋਂ ਜ਼ਿਆਦਾ ਅਬਾਦੀ ਵਾਲੇ ਸ਼ਹਿਰ ਵਿਚ ਆਯੋਜਿਤ ਰਾਸ਼ਟਰੀ ਹੱਥਖੱਡੀ ਪ੍ਰਦਰਸ਼ਨੀ ਦੇ ਮਾਮਲੇ ਵਿਚ ਵਿਸ਼ਾ ਪਵੇਲੀਅਨ ਨੂੰ ਛੱਡ ਕੇ ਘੱਟੋ-ਘੱਟ 45,000 ਵਰਗ ਫੁੱਟ ਦਾ ਨਿਰਮਿਤ ਖੇਤਰ ਅਤੇ 15 ਲੱਖ ਤਕ ਦੀ ਅਬਾਦੀ ਵਾਲੇ ਸ਼ਹਿਰ ਵਿਚ 25,000 ਵਰਗਾ ਫੁੱਟ ਦਾ ਨਿਰਮਿਤ ਖੇਤਰ ਜ਼ਰੂਰੀ ਹੋਵੇਗਾ। ਭਾਰਤ ਸਰਕਾਰ ਦੀ ਸਹਾਇਤਾ ਕਾਰਜਕਾਰੀ ਏਜੰਸੀਆਂ ਰਾਹੀਂ ਆਪਣੀ ਯੋਗਤਾ ਅਨੁਸਾਰ ਸ਼ਾਮਲ ਵਾਸਤਵਿਕ ਖੇਤਰ ਜਾਂ ਅਸਲ ਕਬਜ਼ਾ, ਜੋ ਵੀ ਘੱਟ ਹੋਵੇ, ਲਈ ਉਪਲਬਧ ਹੋਵੇਗਾ। ਭਾਗੀਦਾਰ ਏਜੰਸੀਆਂ ਵਲੋਂ ਘੱਟ ਖੇਤਰ ਸ਼ਾਮਲ ਕੀਤੇ ਜਾਣ ਦੇ ਮਾਮਲੇ ਵਿਚ ਸਹਾਇਤਾ ਰਕਮ ਅਨੁਪਾਤ ਰੂਪ ਨਾਲ ਘੱਟ ਕਰ ਦਿੱਤੀ ਜਾਏਗੀ। ਪ੍ਰਾਥਮਿਕ ਕਮੇਟੀਆਂ ਲਈ 500 ਵਰਗ ਫੁੱਟ ਜਾਂ ਉੱਘੇ ਸੰਗਠਨ ਲਈ 1500 ਵਰਗ ਫੁੱਟ। |

| ਕ੍ਰ.ਨੰ. | ਸਹਾਇਤਾ ਦੀ ਕਿਸਮ | 15 ਲੱਖ ਤੋਂ ਜ਼ਿਆਦਾ ਅਬਾਦੀ ਵਾਲ ਸ਼ਹਿਰ | 15 ਲੱਖ ਤਕ ਅਬਾਦੀ ਵਾਲਾ ਸ਼ਹਿਰ | ਟਿੱਪਣੀ |
|---|---|---|---|---|
| 2. | ਬਿਜਲੀ ਖ਼ਰਚ | 3.00 ਲੱਖ ਰੁਪਏ | 1.80 ਲੱਖ ਰੁਪਏ | ਅਸਲ ਖ਼ਰਚ ਦਾ 50% ਜਾਂ ਕਾਲਮ 3 ਅਤੇ 4 ਵਿਚ ਕੀਤੇ ਗਏ ਜ਼ਿਕਰ ਦੇ ਅਨੁਸਾਰ 3.00 ਲੱਖ ਰੁਪਏ ਜਾਂ 1.80 ਲੱਖ ਰੁਪਏ (ਭਾਗੀਦਾਰਾਂ ਵਲੋਂ ਬਿਜਲੀ ਖ਼ਰਚ ਉੱਤੇ ਕੀਤੇ ਗਏ ਖ਼ਰਚ ਦੀ ਰਕਮ ਨੂੰ ਘਟਾ ਕੇ, ਜੋ ਵੀ ਘੱਟ ਹੋਵੇ, ਲੈਣ ਯੋਗ ਹੈ। |
| 3. | ਭਾਗੀਦਾਰਾਂ ਨੂੰ ਇਕੋ ਵਾਰ ਦਿੱਤੀ ਜਾਣ ਵਾਲੀ ਰਕਮ | 5,000/- ਰੁਪਏ ਪ੍ਰਤੀ ਭਾਗੀਦਾਰ, ਵੱਧ ਤੋਂ ਵੱਧ 3.00 ਲੱਖ ਰੁ. ਦੀ ਰਕਮ ਦੇ ਅਧੀਨ | 5,000/- ਰੁਪਏ ਪ੍ਰਤੀ ਭਾਗੀਦਾਰ, ਵੱਧ ਤੋਂ ਵੱਧ 3.00 ਲੱਖ ਰੁ. ਦੀ ਰਕਮ ਦੇ ਅਧੀਨ | 15 ਲੱਖ ਰੁਪਏ ਤੋਂ ਜ਼ਿਆਦਾ ਅਬਾਦੀ - 60 ਭਾਗੀਦਾਰ (ਵੱਧ ਤੋਂ ਵੱਧ), 15 ਲੱਖ ਤੋਂ ਘੱਟ ਅਬਾਦੀ 40 ਭਾਗੀਦਾਰ (ਵੱਧ ਤੋਂ ਵੱਧ)। |
| 4. | ਪ੍ਰਚਾਰ ਖ਼ਰਚ | 10.00 ਲੱਖ ਰੁਪਏ | 5.00 ਲੱਖ ਰੁਪਏ | ਇਸ ਯੋਜਨਾ ਵਿਚ ਪ੍ਰਦਰਸ਼ਨੀ ਦੇ ਦੌਰਾਨ ਗੋਸ਼ਠੀ, ਵਰਕਸ਼ਾਪ ਅਤੇ ਗਾਹਕ-ਵਪਾਰੀ ਦੀ ਬੈਠਕ ਦੇ ਆਯੋਜਨ ਦਾ ਨਿਯਮ ਹੈ। ਕਾਲਮ 2 ਅਤੇ 3 ਵਿਚ ਦਰਸਾਈ ਗਈ ਵੱਧ ਤੋਂ ਵੱਧ ਰਕਮ ਵਿਚੋਂ ਵੱਧ ਤੋਂ ਵੱਧ 75% ਜਾਂ ਪ੍ਰਦਰਸ਼ਨੀ ਦੇ ਪ੍ਰਚਾਰ ਉੱਤੇ ਅਸਲ ਰੂਪ ਨਾਲ ਖ਼ਰਚ ਕੀਤੀ ਗਈ ਰਕਮ, ਜੋ ਵੀ ਘੱਟ ਹੋਵੇ ਅਤੇ ਆਯੋਜਨ ਦੇ ਦੌਰਾਨ ਆਯੋਜਿਤ ਵਰਕਸ਼ਾਪ, ਗੋਸ਼ਠੀ ਅਤੇ ਗਾਹਕ-ਵਪਾਰੀ ਦੀ ਬੈਠਕ ਲਈ 25% ਜਾਂ ਅਸਲ ਰੂਪ ਨਾਲ ਖ਼ਰਚ ਕੀਤੀ ਗਈ ਰਕਮ ਲੈਣ ਯੋਗ ਹੈ। |
| 5. | ਬੈੱਕਅੱਪ ਸੇਵਾਵਾਂ | 4.00 ਲੱਖ ਰੁਪਏ | 2.00 ਲੱਖ ਰੁਪਏ | ਬੈੱਕਅੱਪ ਸੇਵਾਵਾਂ ਵਿਚ ਫਾਇਰ ਬ੍ਰਿਗੇਡ, ਬੈਂਕ, ਸਕਿਊਰਿਟੀ, ਪ੍ਰਾਥਮਿਕ ਚਿਕਿਤਸਾ, ਡਾਕਖਾਨਾ, ਮੈਦਾਨ ਦੀ ਦੇਖਭਾਲ, ਸਾਂਝੀਆਂ ਸਹੂਲਤਾਂ, ਜਨ-ਘੋਸ਼ਣਾ ਆਦਿ ਸ਼ਾਮਲ ਹਨ। ਵੱਧ ਤੋਂ ਵੱਧ ਸਹਾਇਤਾ ਕਾਲਮ 2 ਅਤੇ 3 ਵਿਚ ਕੀਤੇ ਗਏ ਜ਼ਿਕਰ ਦੇ ਅਨੁਸਾਰ ਜਾਂ ਅਸਲ, ਜੋ ਵੀ ਘੱਟ ਹੋਵੇ। |
| 6. | ਪ੍ਰਸ਼ਾਸਨਿਕ ਖ਼ਰਚ | 3.00 ਲੱਖ ਰੁਪਏ | 1.00 ਲੱਖ ਰੁਪਏ | ਕਾਲਮ 2 ਅਤੇ 3 ਵਿਚ ਦੱਸੀ ਵੱਧ ਤੋਂ ਵੱਧ ਰਕਮ ਵਿਚੋਂ 25% ਰਕਮ ਵਰਕਸ਼ਾਪ, ਗੋਸ਼ਠੀ, ਗਾਹਕ-ਵਪਾਰੀ ਦੀ ਬੈਠਕ ਆਦਿ ਲਈ ਅਤੇ ਬਾਕੀ 75% ਰਕਮ ਪ੍ਰਦਰਸ਼ਨੀ ਦੇ ਆਯੋਜਨ ਦੇ ਲਈ ਹਨ। |

| ਕ੍ਰ.ਨੰ. | ਸਹਾਇਤਾ ਦੀ ਕਿਸਮ | 15 ਲੱਖ ਤੋਂ ਜ਼ਿਆਦਾ ਅਬਾਦੀ ਵਾਲਾ ਸ਼ਹਿਰ | 15 ਲੱਖ ਤਕ ਅਬਾਦੀ ਵਾਲਾ ਸ਼ਹਿਰ | ਟਿੱਪਣੀ |
|---|---|---|---|---|
| 7. | ਵਿਸ਼ਾ ਪਵੇਲੀਅਨ | 1.75 ਲੱਖ ਰੁਪਏ | 1.75 ਲੱਖ ਰੁਪਏ | 1.75 ਲੱਖ ਰੁਪਏ ਜਾਂ ਅਸਲ, ਜੋ ਵੀ ਘੱਟ ਹੋਵੇ। |
| 8. | ਵਿਸ਼ਾ ਪਵੇਲੀਅਨ ਵਿਚ ਪ੍ਰਦਰਸ਼ਨ | 0.25 ਲੱਖ ਰੁਪਏ | 0.25 ਲੱਖ ਰੁਪਏ | 0.25 ਲੱਖ ਰੁਪਏ ਜਾਂ ਅਸਲ, ਜੋ ਵੀ ਘੱਟ ਹੋਵੇ। |

## 7. ਪ੍ਰਦਰਸ਼ਨੀਆਂ ਵਿਚ ਬੁਣਕਰ ਸੇਵਾ ਕੇਂਦਰਾਂ ਦੀ ਵਿਸ਼ਾ ਪਵੇਲੀਅਨ :

* ਪੈਰਾ 2(ii) ਅਤੇ (iv) ਵਿਚ ਦੱਸੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਵਿਕਾਸ ਕਮਿਸ਼ਨਰ ਹੱਥਖੱਡੀ ਦੇ ਨਿਰਣੇ ਅਨੁਸਾਰ ਪ੍ਰਦਰਸ਼ਨੀ ਵਿਚ 500 ਤੋਂ 2500 ਵਰਗ ਫੁੱਟ ਦਾ ਇਕ ਖ਼ਾਸ ਵਿਸ਼ਾ ਪਵੇਲੀਅਨ ਸਥਾਪਤ ਕੀਤਾ ਜਾਏਗਾ।
* ਹਰੇਕ ਪ੍ਰਦਰਸ਼ਨੀ ਲਈ ਇਕ ਖ਼ਾਸ ਵਿਸ਼ਾ ਪਵੇਲੀਅਨ ਦਾ ਨਿਰਣਾ ਵਿਕਾਸ ਕਮਿਸ਼ਨਰ ਹੱਥਖੱਡੀ ਦਫ਼ਤਰ ਵਲੋਂ ਐਡਵਾਂਸ ਵਿਚ ਪਹਿਲਾਂ ਹੀ ਲੈ ਲਿਆ ਜਾਏਗਾ ਅਤੇ ਸੰਭਾਵਤ ਭਾਗੀਦਾਰਾਂ ਤੋਂ ਇਸ ਖ਼ਾਸ ਵਿਸ਼ੇ ਨੂੰ ਕਵਰ ਕਰਦੇ ਹੋਏ ਆਪਣੇ ਉਤਪਾਦ ਵਿਕਸਿਤ ਕਰਨ ਲਈ ਕਿਹਾ ਜਾਏਗਾ।
* ਬੁਣਕਰ ਸੇਵਾ ਕੇਂਦਰ ਖ਼ਾਸ ਵਿਸ਼ਾ ਪਵੇਲੀਅਨ ਵਿਚ ਪ੍ਰਦਰਸ਼ਨ ਦੀ ਜਿੰਮੇਵਾਰੀ ਸਬੰਧਤ ਬੁਣਕਰ ਸੇਵਾ ਕੇਂਦਰ ਨੂੰ ਸੌਂਪਿਆ ਜਾਏਗਾ। ਪਵੇਲੀਅਨ ਵਿਚ ਪ੍ਰਦਰਸ਼ਨ ਨਾਲ ਸਬੰਧਤ ਖ਼ਰਚ ਲਈ ਵਿਕਾਸ ਕਮਿਸ਼ਨਰ ਹੱਥਖੱਡੀ ਦਫ਼ਤਰ ਵਲੋਂ 25,000/- ਰੁਪਏ ਦੀ ਰਕਮ ਦਾ ਭੁਗਤਾਨ ਕੀਤਾ ਜਾਏਗਾ।
* ਖ਼ਾਸ ਵਿਸ਼ਾ ਪਵੇਲੀਅਨ ਦਾ ਢਾਂਚਾ
* ਬੁਣਕਰ ਸੇਵਾ ਕੇਂਦਰ ਖ਼ਾਸ ਵਿਸ਼ਾ ਪਵੇਲੀਅਨ ਦੀ ਸਥਾਪਨਾ ਦੀ ਜ਼ਿੰਮੇਵਾਰੀ ਕਾਰਜਕਾਰੀ ਏਜੰਸੀ ਦੀ ਹੋਵੇਗਾ। ਪਵੇਲੀਅਨ ਦੀ ਪੂਰੀ ਲਾਗਤ ਹਰੇਕ ਰਾਸ਼ਟਰੀ ਹੱਥਖੱਡੀ ਪ੍ਰਦਰਸ਼ਨੀ ਲਈ ਸਹਾਇਤਾ ਦੀ ਪੂਰੀ ਸੀਮਾ ਨੂੰ ਧਿਆਨ ਵਿਚ ਰਖ ਕੇ ਵਿਕਾਸ ਕਮਿਸ਼ਨਰ ਹੱਥਖੱਡੀ ਦਫ਼ਤਰ ਵਲੋਂ ਖ਼ਰਚ ਕੀਤੀ ਜਾਏਗੀ।

## 8. ਪ੍ਰਦਰਸ਼ਨੀਆਂ 'ਚ ਵਰਕਸ਼ਾਪ, ਗੋਸ਼ਠੀ, ਗਾਹਕ-ਵਪਾਰੀ ਦੀ ਬੈਠਕ (ਬੀ.ਐੱਸ.ਐੱਮ.) ਆਦਿ ਦਾ ਆਯੋਜਨ

ਹੱਥਖੱਡੀ ਉਤਪਾਦਾਂ ਦੇ ਵਿਕਾਸ ਅਤੇ ਉਨ੍ਹਾਂ ਦੇ ਵਪਾਰ ਲਈ ਕਾਰਜਕਾਰੀ ਏਜੰਸੀ ਪ੍ਰਦਰਸ਼ਨੀ ਦੇ ਦੌਰਾਨ ਇਕ ਵਰਕਸ਼ਾਪ, ਗੋਸ਼ਠੀ ਜਾਂ ਗਾਹਕ-ਦੁਕਾਨਦਾਰ ਦੀ ਬੈਠਕ ਆਦਿ ਆਯੋਜਤ ਕਰੇਗੀ। ਇਸ ਦੇ ਖ਼ਰਚ ਦੀ ਪੂਰਤੀ ਪ੍ਰਸ਼ਾਸਨਿਕ ਖ਼ਰਚ ਤੋਂ ਕੀਤੀ ਜਾਏਗੀ।

## 9. ਕਾਰਜਕਾਰੀ ਏਜੰਸੀ ਵਲੋਂ ਭਾਗੀਦਾਰ ਏਜੰਸੀਆਂ ਤੋਂ ਐਡਵਾਂਸ, ਬਕਾਇਆ ਅਤੇ ਖ਼ਰਚਿਆਂ ਦੀ ਵਸੂਲੀ

ਰਾਸ਼ਟਰੀ ਹੱਥਖੱਡੀ ਪ੍ਰਦਰਸ਼ਨੀ ਦੀ ਸ਼ੁਰੂਆਤ ਤੋਂ ਘੱਟੋ-ਘੱਟ 2 ਮਹੀਨੇ ਪਹਿਲਾਂ ਕੁਲ ਅਨੁਮਾਨਿਤ ਰਕਮ ਦੀ 50% ਤਕ ਦੀ ਰਕਮ ਵਿਕਾਸ ਕਮਿਸ਼ਨਰ ਹੱਥਖੱਡੀ ਦਫ਼ਤਰ ਵਲੋਂ ਲੇਖਾ ਆਧਾਰ 'ਤੇ ਕਾਰਜਕਾਰੀ ਏਜੰਸੀ ਨੂੰ ਸਿੱਧੀ ਦਿੱਤੀ ਜਾਏਗੀ। ਬਾਕੀ ਰਕਮ ਦੀ ਪੂਰਤੀ ਹੱਥਖੱਡੀ ਨਿਦੇਸ਼ਕ ਦੇ ਮਾਧਿਅਮ ਨਾਲ ਚਾਰਟਡ ਅਕਾਊਂਟੈਂਟ/ਸ਼ਾਸਕੀ ਲੇਖਾ ਆਡਿਟਰ ਵਲੋਂ ਵਿਧੀ ਪੂਰਵਕ ਪ੍ਰਮਾਣਿਤ ਆਡਿਟ ਰਿਪੋਰਟ ਅਤੇ ਨੱਥੀ ਫਾਰਮ ਦੇ ਅਨੁਸਾਰ ਅੰਤਮ ਰਿਪੋਰਟ ਪੇਸ਼ ਕਰਨ ਤੇ ਕੀਤੀ ਜਾਏਗੀ। ਕਾਰਜਕਾਰੀ ਏਜੰਸੀ ਵਲੋਂ ਹਿੱਸੇਦਾਰਾਂ ਲਈ ਸਾਰੇ ਖ਼ਰਚਿਆਂ (ਸਟਾਲ ਬਣਾਉਣ ਲਈ ਐਸਟੀਮੇਟ ਦਰ ਦੀ 50% ਬਕਾਇਆ

ਰਕਮ, ਬੈਕਅੱਪ ਅਤੇ ਹੋਰ ਸੇਵਾਵਾਂ ਲਈ ਬਕਾਇਆ ਖ਼ਰਚ ਸਹਿਤ) ਦਾ ਨਿਰਧਾਰਣ ਇਸ ਤਰ੍ਹਾਂ ਕੀਤਾ ਜਾਏਗਾ ਕਿ ਖ਼ੁਦ ਦੇ ਪ੍ਰਸ਼ਾਸਨਿਕ ਖ਼ਰਚ ਦੇਣ ਮਗਰੋਂ ਖ਼ਾਸ ਪ੍ਰਦਰਸ਼ਨੀ ਦਾ ਆਯੋਜਨ ਯਥਾਸੰਭਵ "ਨਾ ਲਾਭ ਨਾ ਹਾਨੀ" ਦੇ ਅਧਾਰ 'ਤੇ ਕੀਤਾ ਜਾਏ। ਅਸਲ ਖ਼ਰਚ ਨੂੰ ਧਿਆਨ ਵਿਚ ਰਖਦੇ ਹੋਏ ਇਹ ਦਿੱਤੀ ਗਈ ਰਕਮ ਦੀ ਵਸੂਲੀ/ਵਾਪਸੀ ਕਰੇਗੀ।

## 10. ਰਾਜ ਸਰਕਾਰ ਦੀ ਭੂਮਿਕਾ

(ਕ) ਰਾਜ ਸਰਕਾਰਾਂ ਤੋਂ ਕਾਰਜਕਾਰੀ ਏਜੰਸੀਆਂ ਅਤੇ ਭਾਗੀਦਾਰ ਏਜੰਸੀਆਂ ਨੂੰ ਖ਼ਾਸ ਹੱਥਖੱਡੀ ਪ੍ਰਦਰਸ਼ਨੀ ਦੇ ਆਯੋਜਨ ਵਿਚ ਉਚਿਤ ਤਰੀਕੇ ਨਾਲ ਸਹਾਇਤਾ ਕਰਨ ਅਤੇ ਹੱਥਖੱਡੀ ਉਤਪਾਦਾਂ ਦੇ ਵਪਾਰ ਨੂੰ ਵਾਧਾ ਦੇਣ ਲਈ ਵਿਕਰੀ ਉੱਤੇ ਖ਼ਾਸ ਛੂਟ ਦੇ ਭੁਗਤਾਨ, ਲੋੜੀਂਦੀ ਪ੍ਰਚਾਰ ਸਹਾਇਤਾ ਆਦਿ ਵਰਗੀ ਆਰਥਿਕ ਸਹਾਇਤਾ ਪ੍ਰਦਾਨ ਕਰਨ ਲਈ ਆਸ ਕੀਤੀ ਜਾਂਦੀ ਹੈ।

(ਖ) ਹੱਥਖੱਡੀ ਉਤਪਾਦਾਂ ਦੇ ਵਪਾਰ ਨੂੰ ਗਤੀਸ਼ੀਲ ਬਣਾਉਣ ਅਤੇ ਉਪਭੋਗਤਾਵਾਂ ਨੂੰ ਇਕੋ ਛੱਡ ਹੇਠ ਦੇਸ਼ ਦੇ ਵਿਭਿੰਨ ਭਾਗਾਂ ਦੇ ਅਸਲ ਹੱਥਖੱਡੀ ਉਤਪਾਦਾਂ ਦੀ ਖ਼ਰੀਦ ਦੀ ਸਹੂਲਤ ਪ੍ਰਾਪਤ ਕਰਾਉਣ ਲਈ ਮੇਜ਼ਬਾਨ ਰਾਜ ਤੋਂ ਵੀ ਖ਼ਾਸ ਹੱਥਖੱਡੀ ਪ੍ਰਦਰਸ਼ਨੀ ਦੇ ਉਚਿਤ ਆਯੋਜਨ ਲਈ ਸਹਾਇਤਾ ਕਰਨ ਦੀ ਆਸ ਕੀਤੀ ਜਾਂਦੀ ਹੈ।

## 11. ਹਿੱਸੇਦਾਰਾਂ ਦੀ ਭੂਮਿਕਾ

ਹਿੱਸੇਦਾਰਾਂ ਤੋਂ ਬਜ਼ਾਰ ਦੀ ਮੰਗ ਦੇ ਅਨੁਸਾਰ ਉਤਪਾਦਾਂ ਦਾ ਵਿਕਾਸ ਕਰਨ ਦੀ ਆਸ ਕੀਤੀ ਜਾਂਦੀ ਹੈ। ਹਿੱਸੇਦਾਰ ਉਪਭੋਗਤਾਵਾਂ ਨੂੰ ਛੂਟ ਵਰਗੇ ਪ੍ਰੋਤਸਾਹਨਾਂ ਦੀ ਪੇਸ਼ਕਸ਼ ਕਰਨ ਲਈ ਸੁਤੰਤਰ ਹਨ।

## 12. ਅੰਤਮ ਰਿਪੋਰਟ

ਪ੍ਰਦਰਸ਼ਨੀ ਦੀ ਸਮਾਪਤੀ ਮਗਰੋਂ ਕਾਰਜਕਾਰੀ ਏਜੰਸੀ ਵਲੋਂ ਇਕ ਅੰਤਮ ਰਿਪੋਰਟ ਹੇਠ ਲਿਖੇ ਐੱਨ.ਐੱਚ.ਈ.-ਐੱਫ.ਆਰ. ਫਾਰਮ ਵਿਚ ਭਰ ਕੇ ਭਿਜਵਾਈ ਜਾਏਗੀ, ਜਿਸ ਵਿਚ ਕੁਲ ਖੇਤਰ, ਹਿੱਸੇਦਾਰਾਂ ਦੀ ਗਿਣਤੀ, ਵਿਕਰੀਆਂ ਦੀ ਪੱਧਰ, ਅਲਾਟਮੈਂਟ ਖੇਤਰ, ਪ੍ਰਾਪਤ ਫੀਡਬੈਕ, ਅਗਲੀਆਂ ਪ੍ਰਦਰਸ਼ਨੀਆਂ ਲਈ ਸੁਝਾਵਾਂ, ਫੰਡਾਂ ਦੀ ਪ੍ਰਾਪਤੀ-ਵੰਡ ਦੇ ਵੇਰਵੇ ਆਦਿ ਦਾ ਜ਼ਿਕਰ ਕੀਤਾ ਜਾਏਗਾ।

**ਫਾਰਮ-1**
**(ਐੱਨ.ਐੱਚ.ਈ.-ਐੱਫ.ਆਰ.)**

## ਰਾਸ਼ਟਰੀ ਹੱਥਖੱਡੀ ਪ੍ਰਦਰਸ਼ਨੀ – ਅੰਤਮ ਰਿਪੋਰਟ

ਕਾਰਜਕਾਰੀ ਏਜੰਸੀ ਰਾਸ਼ਟਰੀ ਹੱਥਖੱਡੀ ਪ੍ਰਦਰਸ਼ਨੀ ਸਮਾਪਤ ਹੋਣ ਤੇ ਇਕ ਅੰਤਮ ਰਿਪੋਰਟ ਭੇਜੇਗੀ, ਜਿਸ ਵਿਚ ਹੇਠ ਲਿਖੀਆਂ ਆਈਟਮਾਂ ਸ਼ਾਮਲ ਕੀਤੀ ਜਾਣਗੀਆਂ :-

1. ਪ੍ਰਦਰਸ਼ਨੀ ਦਾ ਨਾਂ, ਸਥਾਨ ਅਤੇ ਸ਼ਹਿਰ
2. ਸਮਾਂ
3. ਖ਼ਾਲੀ ਸਥਾਨ ਸਹਿਤ ਕੁਲ ਖੇਤਰ
4. ਹਿੱਸੇਦਾਰਾਂ ਨੂੰ ਅਲਾਟ ਕੀਤਾ ਗਿਆ ਖੇਤਰ
5. ਹਿੱਸੇਦਾਰਾਂ ਦੀ ਗਿਣਤੀ

6. ਵਿਕਰੀ ਦਾ ਪੱਧਰ
7. ਕੀ ਫੰਡ ਦੀ ਪ੍ਰਾਪਤੀ ਤੇ ਨਿਕਾਸੀ ਵੇਰਵਾ ਨੱਥੀ ਹੈ ਹਾਂ/ਨਹੀਂ
8. ਪ੍ਰਚਾਰ ਪ੍ਰਣਾਲੀਆਂ
9. ਖ਼ਰਚ ਦਾ ਸਿਰਲੇਖ ਵਾਰ ਵੇਰਵਾ
10. ਲਾਭ ਪ੍ਰਾਪਤਕਰਤਿਆਂ ਦੀ ਗਿਣਤੀ
11. ਅਗਲੀਆਂ ਪ੍ਰਦਰਸ਼ਨੀਆਂ ਲਈ ਸੁਝਾਅ

ਕਾਰਜਕਾਰੀ ਏਜੰਸੀ ਦੇ ਪ੍ਰਬੰਧ ਨਿਦੇਸ਼ਕ/ਮੁੱਖ ਕਾਰਜਕਾਰੀ ਦੇ ਦਸਤਖ਼ਤ
ਚਾਰਟਡ ਅਕਾਊਂਟੈਂਟ ਦੇ ਦਸਤਖ਼ਤ
ਰਾਜ ਦੇ ਹੱਥਖੱਡੀ ਨਿਦੇਸ਼ਕ ਵਲੋਂ ਦਸਤਖ਼ਤ

ਅੰਤਮ ਰਿਪੋਰਟ ਪੇਸ਼ ਕਰਨ ਅਤੇ ਲੇਖਾਂ ਦੇ ਨਿਪਟਾਰੇ ਦੀ ਪ੍ਰਕ੍ਰਿਆ ਨੂੰ ਆਸਾਨ ਬਣਾਉਣ ਲਈ ਇੰਚਾਰਜ ਹੱਥਖੱਡੀ ਕਮਿਸ਼ਨਰ/ਨਿਦੇਸ਼ਕ ਵਲੋਂ ਵਿਧੀ ਪੂਰਵਕ ਦਸਤਖ਼ਤ ਕੀਤੇ ਹੇਠ ਲਿਖੇ ਦਸਤਾਵੇਜ਼ ਨਿਰਧਾਰਤ ਫਾਰਮ ਵਿਚ ਪ੍ਰਮਾਣ ਪੱਤਰ (ਆਯੋਜਨ ਸਮਾਪਤੀ ਪ੍ਰਮਾਣ ਪੱਤਰ) ਸਹਿਤ ਆਯੋਜਨ ਸਮਾਪਤ ਹੋਣ ਤੋਂ ਤਿੰਨ ਮਹੀਨੇ ਦੇ ਅੰਦਰ ਵਿਕਾਸ ਕਮਿਸ਼ਨਰ (ਹੱਥਖੱਡੀ) ਦਫ਼ਤਰ ਨੂੰ ਭਿਜਵਾ ਦਿੱਤਾ ਜਾਏ :-

1. ਆਯੋਜਨ ਸਮਾਪਤੀ ਪ੍ਰਮਾਣ ਪੱਤਰ
2. ਆਡਿਟ ਰਿਪੋਰਟ (ਸਿਰਲੇਖ ਅਨੁਸਾਰ)
3. ਹਿੱਸੇਦਾਰਾਂ ਦੀ ਸੂਚੀ ਅਤੇ ਅੰਤਮ ਰਿਪੋਰਟ
4. ਜੀ.ਐੱਫ.ਆਰ.-19 ਕ ਵਿਚ ਉਪਯੋਗਤਾ ਪ੍ਰਮਾਣ ਪੱਤਰ
5. ਕਾਰਜ ਸਮਾਪਤੀ-ਸਹਿ-ਪ੍ਰਾਪਤੀ ਰਿਪੋਰਟ

## 13. ਨਿਗਰਾਨੀ

ਯੋਜਨਾ ਅਨੁਸਾਰ "ਰਾਸ਼ਟਰੀ ਹੱਥਖੱਡੀ ਪ੍ਰਦਰਸ਼ਨੀ" ਦੇ ਆਯੋਜਨ ਦੀ ਜ਼ਿੰਮੇਵਾਰੀ ਕਾਰਜਕਾਰੀ ਏਜੰਸੀ ਦੀ ਹੋਵੇਗੀ। ਜਿਸ ਰਾਜ ਵਿਚ ਇਸ ਨੂੰ ਆਯੋਜਿਤ ਕੀਤਾ ਜਾ ਰਿਹਾ ਹੈ ਉੱਥੋਂ ਦੇ ਹੱਥਖੱਡੀ ਨਿਦੇਸ਼ਕ ਪ੍ਰਦਰਸ਼ਨੀ ਦੇ ਸਹੀ ਆਯੋਜਨ ਦੀ ਦੇਖਰੇਖ ਲਈ ਜਿਨ੍ਹਾਂ ਅਫ਼ਸਰਾਂ ਨੂੰ ਨਾਮਜ਼ਦ ਕਰਨਗੇ, ਉਨ੍ਹਾਂ ਦਾ ਵੇਰਵਾ ਵੀ ਅੰਤਮ ਰਿਪੋਰਟ ਵਿਚ ਸ਼ਾਮਲ ਕੀਤਾ ਜਾਏਗਾ। ਇਨ੍ਹਾਂ ਪ੍ਰਦਰਸ਼ਨੀਆਂ ਵਿਚ ਨਮੂਨੇ ਦੀ ਜਾਂਚ ਕਰਨ ਲਈ ਵਿਕਾਸ ਕਮਿਸ਼ਨਰ (ਹੱਥਖੱਡੀ) ਵਲੋਂ ਵਿਕਾਸ ਕਮਿਸ਼ਨਰ ਹੱਥਖੱਡੀ ਦਫ਼ਤਰ/ਬੁਣਕਰ ਸੇਵਾ ਕੇਂਦਰ ਜਾਂ ਕਿਸੇ ਹੋਰ ਸੰਗਠਨ ਤੋਂ ਇਕ ਪ੍ਰਤੀਨਿਧੀ ਨੂੰ ਨਾਮਜ਼ਦ ਕੀਤਾ ਜਾਏਗਾ।

**ਪਰਿਸ਼ਿਸ਼ਟ-II**

# ਵਪਾਰ ਅਤੇ ਨਿਰਯਾਤ ਵਿਕਾਸ ਯੋਜਨਾ

**ਵਪਾਰ ਵਿਕਾਸ ਦਾ ਘਟਕ : ਵਿਸ਼ੇਸ਼ ਪ੍ਰਦਰਸ਼ਨੀਆਂ**

## ਵਿਸ਼ੇਸ਼ ਹੱਥਖੱਡੀ ਪ੍ਰਦਰਸ਼ਨੀਆਂ ਲਈ ਵਿਸਤ੍ਰਿਤ ਦਿਸ਼ਾ-ਨਿਰਦੇਸ਼ ਅਤੇ ਅੰਤਮ ਰਿਪੋਰਟ ਲਈ ਨਿਰਧਾਰਤ ਫਾਰਮ

ਵਪਾਰ ਚੈਨਲਾਂ ਦੇ ਵਿਵਿਧਕਰਨ ਦੇ ਉਦੇਸ਼ ਨਾਲ ਵਿਕਾਸ ਕਮਿਸ਼ਨਰ (ਹੱਥਖੱਡੀ) ਦਫ਼ਤਰ ਵਲੋਂ ਰਾਸ਼ਟਰੀ ਹੱਥਖੱਡੀ ਪ੍ਰਦਰਸ਼ਨੀਆਂ ਤੋਂ ਇਲਾਵਾ ਰਾਸ਼ਟਰੀ ਪੱਧਰ ਤੇ, ਖੇਤਰੀ ਪੱਧਰ ਤੇ ਅਤੇ ਰਾਜ ਪੱਧਰ 'ਤੇ ਵਿਸ਼ੇਸ਼ ਪ੍ਰਦਰਸ਼ਨੀਆਂ ਦਾ ਆਯੋਜਨ ਕੀਤਾ ਜਾਏਗਾ। ਰਾਸ਼ਟਰੀ ਪੱਧਰ ਦੀਆਂ ਪ੍ਰਦਰਸ਼ਨੀਆਂ ਖ਼ਾਸ ਰੇਸ਼ਿਆਂ ਜਿਵੇਂ ਉੱਨ, ਰੇਸ਼ਮ ਆਦਿ ਜਾਂ ਖ਼ਾਸ ਉਤਪਾਦਾਂ ਜਿਵੇਂ ਸਾੜੀਆਂ, ਘਰ ਦੀਆਂ ਸਜਾਵਟੀ ਵਸਤੂਆਂ ਆਦਿ ਉੱਤੇ ਕੇਂਦਰਿਤ ਹੋਣਗੀਆਂ। ਖੇਤਰੀ ਪੱਧਰ ਦੀਆਂ ਵਿਸ਼ੇਸ਼ ਪ੍ਰਦਰਸ਼ਨੀਆਂ ਖੇਤਰ ਖ਼ਾਸ ਉਤਪਾਦਾਂ/ਵਸਤੂਆਂ ਉੱਤੇ ਕੇਂਦਰਿਤ ਹੋਣਗੀਆਂ, ਜਿਵੇਂ ਪੂਰਬ ਉੱਤਰ ਰਾਜਾਂ ਦੀ ਹੱਥਖੱਡੀ ਪ੍ਰਦਰਸ਼ਨੀ, ਦੱਖਣ ਦੀ ਸੂਤੀ ਹੱਥਖੱਡੀ, ਪੂਰਬ ਦੀ ਸੂਤੀ ਹੱਥਖੱਡੀ ਆਦਿ। ਰਾਜ ਪੱਧਰੀ ਖ਼ਾਸ ਪ੍ਰਦਰਸ਼ਨੀ ਉਸ ਰਾਜ ਦੇ ਹੱਥਖੱਡੀ ਉਤਪਾਦਾਂ ਉੱਤੇ ਕੇਂਦਰਿਤ ਹੋਵੇਗੀ। ਖ਼ਾਸ ਪ੍ਰਦਰਸ਼ਨੀਆਂ ਦੀ ਸਮਾਂ ਸੀਮਾ ਦੋ ਤੋਂ ਤਿੰਨ ਹਫ਼ਤੇ ਦੀ ਹੋਵੇਗੀ। ਇਸ ਤੋਂ ਇਲਾਵਾ ਆਈ.ਟੀ.ਪੀ.ਓ. ਵਲੋਂ ਪ੍ਰਗਤੀ ਮੈਦਾਨ, ਨਵੀਂ ਦਿੱਲੀ ਵਿਚ ਆਯੋਜਿਤ ਭਾਰਤ ਅੰਤਰਰਾਸ਼ਟਰੀ ਵਪਾਰ ਮੇਲੇ ਦੇ ਦੌਰਾਨ ਆਕਾਸ਼ ਵਲੋਂ ਇਕ ਖ਼ਾਸ ਪ੍ਰਦਰਸ਼ਨੀ ਆਯੋਜਿਤ ਕੀਤੀ ਜਾਏਗੀ।

## ਹਿੱਸੇਦਾਰ :

(i) ਸਾਰੇ ਪੱਧਰਾਂ ਦੀਆਂ ਉੱਘੀਟਾਂ ਹੱਥਖੱਡੀ ਸਹਿਕਾਰੀ ਕਮੇਟੀਆਂ, ਨਿਗਮ/ਫੈਡਰੇਸ਼ਨ ਅਤੇ ਪ੍ਰਾਥਮਿਕ ਸਹਿਕਾਰੀ ਕਮੇਟੀਆਂ।

(ii) ਹੱਥਖੱਡੀ ਖੇਤਰ ਵਿਚ ਕੰਮ ਕਰ ਰਹੀਆਂ ਅਤੇ ਕਾਪਾਰਟ ਵਲੋਂ ਨਿਰਧਾਰਤ ਮਾਨਦੰਡਾਂ ਨੂੰ ਪੂਰਾ ਕਰਨ ਵਾਲੇ ਗੈਰ-ਸਰਕਾਰੀ ਸੰਗਠਨ।

(iii) ਹੱਥਖੱਡੀ ਉਤਪਾਦਨ ਵਿਚ ਲਗੇ ਸਵੈ-ਸਹਾਇਤਾ ਸਮੂਹ।

## ਰਾਸ਼ਟਰੀ/ਰਾਜ ਪੱਧਰੀ ਜਾਂ ਖੇਤਰੀ ਪੱਧਰ ਦੀਆਂ ਖ਼ਾਸ ਹੱਥਖੱਡੀ ਪ੍ਰਦਰਸ਼ਨੀਆਂ/ਪ੍ਰਦਰਸ਼ਨੀਆਂ ਦੇ ਆਯੋਜਨ ਲਈ ਆਰਥਿਕ ਸਹਾਇਤਾ ਸਬੰਧੀ ਪ੍ਰਣਾਲੀ ਹੇਠ ਲਿਖੇ ਅਨੁਸਾਰ ਹੋਵੇਗੀ :-

### (ਜ) ਰਾਸ਼ਟਰੀ ਪੱਧਰ ਤੇ

ਰੇਸ਼ਮ, ਉੱਨ ਆਦਿ ਵਰਗੇ ਖ਼ਾਸ ਰੇਸ਼ਿਆਂ ਅਤੇ ਸਾੜੀਆਂ, ਘਰ ਦੀਆਂ ਸਜਾਵਟੀ ਵਸਤੂਆਂ ਆਦਿ ਵਰਗੇ ਖ਼ਾਸ ਉਤਪਾਦਾਂ ਉੱਤੇ ਕੇਂਦਰਿਤ ਰਾਸ਼ਟਰੀ ਪੱਧਰ ਦੀਆਂ ਖ਼ਾਸ ਹੱਥਖੱਡੀ ਪ੍ਰਦਰਸ਼ਨੀਆਂ ਦਾ ਆਯੋਜਨ ਦੇਸ਼ ਦੇ ਵਿਭਿੰਨ ਭਾਗਾਂ ਦੀਆਂ ਏਜੰਸੀਆਂ ਭਾਗੀਦਾਰੀ ਤੋਂ ਰਾਸ਼ਟਰੀ ਪੱਧਰ ਦੇ ਹੱਥਖੱਡੀ ਨਿਗਮਾਂ/ਫੈਡਰੇਸ਼ਨਾਂ/ਅਪੈਕਸ ਸਹਿਕਾਰੀ ਕਮੇਟੀਆਂ ਅਤੇ ਐੱਨ.ਐੱਚ.ਡੀ.ਸੀ., ਆਕਾਸ਼ ਆਦਿ ਵਰਗੇ ਰਾਸ਼ਟਰੀ ਹੱਥਖੱਡੀ ਸੰਗਠਨਾਂ ਅਤੇ ਖ਼ੁਦ ਰਾਜ ਸਰਕਾਰਾਂ ਵਲੋਂ ਕੀਤਾ ਜਾਏਗਾ, ਜਿਸ ਦੇ ਲਈ 20.00 ਲੱਖ ਰੁਪਏ ਤਕ ਦੀ ਰਕਮ ਹੇਠ ਲਿਖੇ ਵੇਰਵੇ ਅਨੁਸਾਰ ਜਾਂ ਅਸਲ ਰੂਪ ਨਾਲ ਖ਼ਰਚ ਕੀਤੀ ਗਈ ਰਕਮ, ਜੋ ਵੀ ਘੱਟ ਹੋਵੇ, ਕਾਰਜਕਾਰੀ ਏਜੰਸੀ ਨੂੰ ਪ੍ਰਦਾਨ ਕੀਤੀ ਜਾਏਗੀ। ਪ੍ਰਦਰਸ਼ਨੀ ਵਿਚ ਘੱਟੋ-ਘੱਟ 40 ਹਿੱਸੇਦਾਰ/ਸਟਾਲ ਹੋਣੇ ਚਾਹੀਦੇ ਹਨ।

| | | |
|---|---|---|
| (ਕ) | ਬਿਜਲੀ ਖ਼ਰਚ ਸਹਿਤ ਸਟਾਲ ਦਾ ਕਿਰਾਇਆ/ਢਾਂਚਾ | 10.00 ਲੱਖ ਰੁਪਏ |
| (ਖ) | ਬੈਕਅੱਪ ਸੇਵਾਵਾਂ | 02.00 ਲੱਖ ਰੁਪਏ |
| (ਗ) | ਪ੍ਰਚਾਰ | 05.00 ਲੱਖ ਰੁਪਏ |
| (ਘ) | ਵਿਸ਼ਾ ਪ੍ਰਦਰਸ਼ਨ | 01.50 ਲੱਖ ਰੁਪਏ |
| (ਙ) | ਪ੍ਰਸ਼ਾਸਨਿਕ ਖ਼ਰਚ | 01.50 ਲੱਖ ਰੁਪਏ |
| | | **ਕੁਲ 20.00 ਲੱਖ ਰੁਪਏ** |

## (ii) ਖੇਤਰੀ ਪੱਧਰ 'ਤੇ :

ਖੇਤਰੀ ਪੱਧਰ 'ਤੇ ਖ਼ਾਸ ਪ੍ਰਦਰਸ਼ਨੀਆਂ ਦਾ ਆਯੋਜਨ ਉਸ ਖ਼ਾਸ ਖੇਤਰ ਦੇ ਉਤਪਾਦਾਂ ਲਈ ਰਾਸ਼ਟਰੀ ਪੱਧਰ ਦੇ ਹੱਥਖੱਡੀ ਸੰਗਠਨ ਰਾਹੀਂ ਕੀਤਾ ਜਾਏਗਾ। ਖੇਤਰੀ ਪੱਧਰ 'ਤੇ ਖ਼ਾਸ ਪ੍ਰਦਰਸ਼ਨੀਆਂ ਦਾ ਆਯੋਜਨ ਐੱਨ.ਐੱਚ.ਡੀ.ਸੀ., ਆਕਾਸ਼ ਆਦਿ ਵਰਗੇ ਰਾਸ਼ਟਰੀ ਪੱਧਰ ਦੇ ਹੱਥਖੱਡੀ ਸੰਗਠਨ ਵਲੋਂ ਕੀਤਾ ਜਾਏਗਾ। ਚੁਣੇ ਗਏ ਖੇਤਰ ਦੀਆਂ ਹੱਥਖੱਡੀ ਏਜੰਸੀਆਂ ਇਸ ਪ੍ਰਦਰਸ਼ਨੀ ਵਿਚ ਹਿੱਸਾ ਲੈਣਗੀਆਂ। ਪ੍ਰਦਰਸ਼ਨੀ ਵਿਚ ਘੱਟੋ-ਘੱਟ 35 ਹਿੱਸੇਦਾਰ/ਸਟਾਲ ਹੋਣੇ ਚਾਹੀਦੇ ਹਨ। ਹੇਠ ਲਿਖੇ ਵੇਰਵੇ ਅਨੁਸਾਰ 10.00 ਲੱਖ ਰੁਪਏ ਤਕ ਦੀ ਰਕਮ ਜਾਂ ਖ਼ਰਚ ਕੀਤੀ ਗਈ ਰਕਮ, ਜੋ ਵੀ ਘੱਟ ਹੋਵੇ, ਕਾਰਜਕਾਰੀ ਏਜੰਸੀ ਨੂੰ ਪ੍ਰਦਾਨ ਕੀਤੀ ਜਾਏਗੀ :-

| | | |
|---|---|---|
| (ਕ) | ਬਿਜਲੀ ਖ਼ਰਚ ਸਹਿਤ ਸਟਾਲ ਦਾ ਕਿਰਾਇਆ/ਸਾਜ਼ੋ-ਸਮਾਨ | 06.00 ਲੱਖ ਰੁਪਏ |
| (ਖ) | ਪ੍ਰਚਾਰ | 02.00 ਲੱਖ ਰੁਪਏ |
| (ਗ) | ਪ੍ਰਸ਼ਾਸਨਿਕ ਖ਼ਰਚ | 01.50 ਲੱਖ ਰੁਪਏ |
| (ਘ) | ਬੈਕਅੱਪ ਸੇਵਾਵਾਂ | 00.50 ਲੱਖ ਰੁਪਏ |
| | **ਕੁਲ** | **10.00 ਲੱਖ ਰੁਪਏ** |

## (iii) ਰਾਜ ਪੱਧਰ 'ਤੇ :

ਸਬੰਧਤ ਰਾਜ ਦੇ ਉਤਪਾਦਾਂ ਲਈ ਖ਼ਾਸ ਪ੍ਰਦਰਸ਼ਨੀ ਦਾ ਆਯੋਜਨ ਰਾਜ ਸਰਕਾਰ/ਰਾਜ ਏਜੰਸੀ/ਅਪੈਕਸ ਸੁਸਾਇਟੀ/ਫੈਡਰੇਸ਼ਨ ਵਲੋਂ ਆਪਣੇ ਰਾਜ ਵਿਚ ਜਾਂ ਹੋਰ ਰਾਜ ਵਿਚ ਕੀਤਾ ਜਾਏਗਾ। ਇਸ ਪ੍ਰਦਰਸ਼ਨੀ ਵਿਚ ਘੱਟੋ-ਘੱਟ 25 ਹਿੱਸੇਦਾਰ/ਸਟਾਲ ਹੋਣੇ ਚਾਹੀਦੇ ਹਨ। ਹੇਠ ਲਿਖੇ ਵੇਰਵੇ ਅਨੁਸਾਰ 8.00 ਲੱਖ ਰੁਪਏ ਦੀ ਰਕਮ ਜਾਂ ਅਸਲ ਰੂਪ ਨਾਲ ਖ਼ਰਚ ਕੀਤੀ ਗਈ ਰਕਮ, ਜੋ ਵੀ ਘੱਟ ਹੋਵੇ, ਕਾਰਜਕਾਰੀ ਏਜੰਸੀ ਨੂੰ ਪ੍ਰਦਾਨ ਕੀਤੀ ਜਾਏਗੀ :-

| | | |
|---|---|---|
| (ਕ) | ਬਿਜਲੀ ਖ਼ਰਚ ਸਹਿਤ ਸਟਾਲ ਦਾ ਕਿਰਾਇਆ/ਸਾਜ਼ੋ-ਸਮਾਨ | 6.00 ਲੱਖ ਰੁਪਏ |
| (ਖ) | ਪ੍ਰਚਾਰ | 2.00 ਲੱਖ ਰੁਪਏ |
| | **ਕੁਲ** | **8.00 ਲੱਖ ਰੁਪਏ** |

## (2) ਪੂਰਬ-ਉੱਤਰ ਖੇਤਰ ਵਿਚ ਰਾਜ ਪੱਧਰੀ ਖ਼ਾਸ ਪ੍ਰਦਰਸ਼ਨੀ

ਇਨ੍ਹਾਂ ਪ੍ਰਦਰਸ਼ਨੀਆਂ ਦਾ ਆਯੋਜਨ ਸਬੰਧਤ ਰਾਜ ਸਰਕਾਰ ਜਾਂ ਰਾਜ ਏਜੰਸੀ ਵਲੋਂ ਕੀਤਾ ਜਾ ਸਕਦਾ ਹੈ। ਇਸ ਖੇਤਰ ਦੇ ਬੇਤਰਤੀਬ ਜ਼ਮੀਨ ਨੂੰ ਵੇਖਦੇ ਹੋਏ ਆਰਥਿਕ ਪੋਸ਼ਣ ਪ੍ਰਣਾਲੀ ਦੇ ਅਧੀਨ ਹੇਠ ਲਿਖੇ ਵੇਰਵੇ ਅਨੁਸਾਰ 10.00 ਲੱਖ ਰੁਪਏ ਜਾਂ ਖ਼ਰਚ ਹੋਈ ਅਸਲ ਰਕਮ, ਜੋ ਵੀ ਘੱਟ ਹੋਵੇ, ਕਾਰਜਕਾਰੀ ਏਜੰਸੀ ਨੂੰ ਪ੍ਰਦਾਨ ਕੀਤੀ ਜਾਏਗੀ

| | | |
|---|---|---|
| (ਕ) | ਬਿਜਲੀ ਖ਼ਰਚ ਸਹਿਤ ਸਟਾਲ ਦਾ ਕਿਰਾਇਆ/ਸਾਜ਼ੋ-ਸਮਾਨ | 8.00 ਲੱਖ ਰੁਪਏ |
| (ਖ) | ਪ੍ਰਚਾਰ | 2.00 ਲੱਖ ਰੁਪਏ |
| | **ਕੁਲ** | **10.00 ਲੱਖ ਰੁਪਏ** |

## (iv) ਭਾਰਤ ਅੰਤਰਰਾਸ਼ਟਰੀ ਵਪਾਰ ਮੇਲਾ, ਦਿੱਲੀ ਵਿਚ ਹਿੱਸੇਦਾਰੀ ਲਈ ਖ਼ਾਸ ਪ੍ਰਦਰਸ਼ਨੀ

ਦੇਸ਼ ਦੇ ਵਿਭਿੰਨ ਹਿੱਸਿਆਂ ਦੀਆਂ ਏਜੰਸੀਆਂ ਦੀ ਹਿੱਸੇਦਾਰੀ ਵਿਚ ਪਿਛਲੇ ਸਾਲਾਂ ਵਾਂਗ ਇਸ ਪ੍ਰਦਰਸ਼ਨੀ ਦਾ ਆਯੋਜਨ ਨਿਗਮ ਅਤੇ ਅਪੈਕਸ ਸਹਿਕਾਰੀ ਸੁਸਾਇਟੀ ਐਸੋਸੀਏਸ਼ਨ (ਆਕਾਸ਼) ਵਲੋਂ ਹੈਂਡਲੂਮ ਪਵੇਲੀਅਨ, ਪ੍ਰਗਤੀ ਮੈਦਾਨ, ਨਵੀਂ ਦਿੱਲੀ

ਵਿਚ ਕੀਤਾ ਜਾਏਗਾ। ਇਸ ਪ੍ਰਦਰਸ਼ਨੀ ਵਿਚ ਘੱਟੋ-ਘੱਟ 35 ਹਿੱਸੇਦਾਰ/ਸਟਾਲ ਹੋਣੇ ਚਾਹੀਦੇ ਹਨ। ਕਾਰਜਕਾਰੀ ਏਜੰਸੀ ਅਰਥਾਤ ਆਕਾਸ਼, ਨਵੀਂ ਦਿੱਲੀ ਲਈ ਆਰਥਿਕ ਪੋਸ਼ਣ ਪ੍ਰਣਾਲੀ ਹੇਠ ਲਿਖੇ ਅਨੁਸਾਰ ਹੋਵੇਗੀ :-

| | | |
|---|---|---|
| (ਕ) | ਬਿਜਲੀ ਖ਼ਰਚ ਸਹਿਤ ਸਟਾਲ ਦਾ ਕਿਰਾਇਆ/ਸਾਜ਼ੋ-ਸਮਾਨ | 05.00 ਲੱਖ ਰੁਪਏ |
| (ਖ) | ਪ੍ਰਚਾਰ | 01.00 ਲੱਖ ਰੁਪਏ |
| | **ਕੁਲ** | **06.00 ਲੱਖ ਰੁਪਏ** |

ਉਪਰ ਲਿਖੇ ਵੇਰਵੇ ਅਨੁਸਾਰ 6.00 ਲੱਖ ਰੁਪਏ ਜਾਂ ਖ਼ਰਚ ਕੀਤੀ ਗਈ ਅਸਲ ਰਕਮ, ਜੋ ਵੀ ਘੱਟ ਹੋਵੇ, ਦਾ ਭੁਗਤਾਨ ਕੀਤਾ ਜਾਏਗਾ।

## 2. ਕਾਰਜਕਾਰੀ ਏਜੰਸੀਆਂ ਵਲੋਂ ਹਿੱਸੇਦਾਰ ਏਜੰਸੀਆਂ ਤੋਂ ਐਡਵਾਂਸ, ਬਕਾਇਆ ਅਤੇ ਖ਼ਰਚਿਆਂ ਦੀ ਵਸੂਲੀ

ਖ਼ਾਸ ਹੱਥਖੱਡੀ ਪ੍ਰਦਰਸ਼ਨੀ ਦੀ ਸ਼ੁਰੂਆਤ ਤੋਂ ਘੱਟ-ਘੱਟ 2 ਮਹੀਨੇ ਪਹਿਲਾਂ ਕੁਲ ਅਨੁਮਾਨਿਤ ਰਕਮ ਦੀ 50% ਤਕ ਦੀ ਰਕਮ ਵਿਕਾਸ ਕਮਿਸ਼ਨਰ ਹੱਥਖੱਡੀ ਦਫ਼ਤਰ ਵਲੋਂ ਖਾਤਾ ਅਧਾਰ ’ਤੇ ਕਾਰਜਕਾਰੀ ਏਜੰਸੀ ਨੂੰ ਸਿੱਧੇ ਦੇ ਦਿੱਤੀ ਜਾਏਗੀ। ਬਾਕੀ ਰਕਮ ਦੀ ਪੂਰਤੀ ਹੱਥਖੱਡੀ ਨਿਦੇਸ਼ਕ ਦੇ ਮਾਧਿਅਮ ਨਾਲ ਚਾਰਟਡ ਅਕਾਊਂਟੈਂਟ/ਪ੍ਰਸ਼ਾਸਨਿਕ ਆਡਿਟਰ ਵਲੋਂ ਵਿਧੀਵਤ ਪ੍ਰਮਾਣਿਤ ਆਡਿਟ ਰਿਪੋਰਟ ਅਤੇ ਨੱਥੀ ਫਾਰਮ ਦੇ ਅਨੁਸਾਰ ਅੰਤਮ ਰਿਪੋਰਟ ਪੇਸ਼ ਕਰਨ ’ਤੇ ਕੀਤੀ ਜਾਏਗੀ। ਕਾਰਜਕਾਰੀ ਏਜੰਸੀਆਂ ਵਲੋਂ ਭਾਗੀਦਾਰਾਂ ਲਈ ਸਾਰੇ ਖ਼ਰਚਿਆਂ (ਸਟਾਲ ਬਣਾਉਣ ਲਈ ਐਸਟੀਮੇਟ ਦਰ ਦੀ 50% ਬਕਾਇਆ ਰਕਮ, ਬੈਕਅੱਪ ਅਤੇ ਹੋਰ ਸੇਵਾਵਾਂ ਲਈ ਬਕਾਇਆ ਖ਼ਰਚ ਸਹਿਤ) ਦਾ ਨਿਰਧਾਰਣ ਇਸ ਤਰ੍ਹਾਂ ਕੀਤਾ ਜਾਏਗਾ ਕਿ ਖ਼ੁਦ ਦੇ ਪ੍ਰਸ਼ਾਸਨਿਕ ਖ਼ਰਚ ਦੇਣ ਤੋਂ ਬਾਅਦ ਖ਼ਾਸ ਪ੍ਰਦਰਸ਼ਨੀ ਦਾ ਆਯੋਜਨ ਯਥਾਸੰਭਵ “ਨਾ ਲਾਭ ਨਾ ਹਾਨੀ” ਦੇ ਅਧਾਰ ’ਤੇ ਕੀਤਾ ਜਾਏ। ਅਸਲ ਖ਼ਰਚ ਨੂੰ ਧਿਆਨ ਵਿਚ ਰਖਦੇ ਹੋਏ ਇਹ ਦਿੱਤੀ ਗਈ ਰਕਮ ਦੀ ਵਸੂਲੀ/ਵਾਪਸੀ ਕਰੇਗੀ।

## 3. ਰਾਜ ਸਰਕਾਰਾਂ ਦੀ ਭੂਮਿਕਾ

(ਕ) ਰਾਜ ਸਰਕਾਰਾਂ ਤੋਂ ਕਾਰਜਕਾਰੀ ਏਜੰਸੀਆਂ ਅਤੇ ਹਿੱਸੇਦਾਰ ਏਜੰਸੀਆਂ ਨੂੰ ਖ਼ਾਸ ਹੱਥਖੱਡੀ ਪ੍ਰਦਰਸ਼ਨੀ ਦੇ ਆਯੋਜਨ ਵਿਚ ਉਚਿਤ ਤਰੀਕੇ ਨਾਲ ਸਹਾਇਤਾ ਕਰਨ ਅਤੇ ਹੱਥਖੱਡੀ ਉਤਪਾਦਾਂ ਦੇ ਵਪਾਰ ਨੂੰ ਵਾਧਾ ਦੇਣ ਲਈ ਵਿਕਰੀ ਉੱਤੇ ਖ਼ਾਸ ਛੂਟ ਦੇ ਭੁਗਤਾਨ, ਲੋੜੀਂਦੀ ਪ੍ਰਚਾਰ ਸਹਾਇਤਾ ਆਦਿ ਵਰਗੀ ਆਰਥਿਕ ਸਹਾਇਤਾ ਪ੍ਰਦਾਨ ਕਰਨ ਲਈ ਆਸ ਕੀਤੀ ਜਾਂਦੀ ਹੈ।

(ਖ) ਹੱਥਖੱਡੀ ਉਤਪਾਦਾਂ ਦੇ ਵਪਾਰ ਨੂੰ ਗਤੀਸ਼ੀਲ ਬਣਾਉਣ ਅਤੇ ਉਪਭੋਗਤਾਵਾਂ ਨੂੰ ਇਕੋ ਛੱਡ ਹੇਠ ਦੇਸ਼ ਦੇ ਵਿਭਿੰਨ ਭਾਗਾਂ ਦੇ ਅਸਲ ਹੱਥਖੱਡੀ ਉਤਪਾਦਾਂ ਦੀ ਖ਼ਰੀਦ ਦੀ ਸਹੂਲਤ ਪ੍ਰਾਪਤ ਕਰਾਉਣ ਲਈ ਮੇਜ਼ਬਾਨ ਰਾਜ ਤੋਂ ਵੀ ਖ਼ਾਸ ਹੱਥਖੱਡੀ ਪ੍ਰਦਰਸ਼ਨੀ ਦੇ ਉਚਿਤ ਆਯੋਜਨ ਲਈ ਸਹਾਇਤਾ ਕਰਨ ਦੀ ਆਸ ਕੀਤੀ ਜਾਂਦੀ ਹੈ।

## 4. ਹਿੱਸੇਦਾਰਾਂ ਦੀ ਭੂਮਿਕਾ

ਹਿੱਸੇਦਾਰਾਂ ਤੋਂ ਬਜ਼ਾਰ ਦੀ ਮੰਗ ਦੇ ਅਨੁਸਾਰ ਉਤਪਾਦਾਂ ਦਾ ਵਿਕਾਸ ਕਰਨ ਦੀ ਆਸ ਕੀਤੀ ਜਾਂਦੀ ਹੈ। ਭਾਗੀਦਾਰ ਉਪਭੋਗਤਾਵਾਂ ਨੂੰ ਛੂਟ ਵਰਗੇ ਪ੍ਰੋਤਸਾਹਨਾਂ ਦੀ ਪੇਸ਼ਕਸ਼ ਕਰਨ ਲਈ ਸੁਤੰਤਰ ਹਨ।

## 5. ਅੰਤਮ ਰਿਪੋਰਟ

ਵਿਸ਼ੇਸ਼ ਹੱਥਖੱਡੀ ਪ੍ਰਦਰਸ਼ਨੀ ਦੀ ਸਮਾਪਤੀ ਮਗਰੋਂ ਕਾਰਜਕਾਰੀ ਏਜੰਸੀ ਵਲੋਂ ਇਕ ਅੰਤਮ ਰਿਪੋਰਟ ਹੇਠ ਲਿਖੇ ਐੱਨ.ਐਚ.ਈ.-ਐੱਫ.ਆਰ. ਫਾਰਮ ਵਿਚ ਭਰ ਕੇ ਭਿਜਵਾਈ ਜਾਏਗੀ, ਜਿਸ ਵਿਚ ਕੁਲ ਖੇਤਰ, ਹਿੱਸੇਦਾਰਾਂ ਦੀ ਗਿਣਤੀ, ਵਿਕਰੀਆਂ ਦੀ ਪੱਧਰ, ਅਲਾਟਮੈਂਟ ਖੇਤਰ, ਪ੍ਰਾਪਤ ਫੀਡਬੈਕ, ਅਗਲੀਆਂ ਪ੍ਰਦਰਸ਼ਨੀਆਂ ਲਈ ਸੁਝਾਵਾਂ, ਫੰਡਾਂ ਦੀ ਪ੍ਰਾਪਤੀ-ਵੰਡ ਦੇ ਵੇਰਵੇ ਆਦਿ ਦਾ ਜ਼ਿਕਰ ਕੀਤਾ ਜਾਏਗਾ, ਜਿਸ ਦੇ ਨਾਲ ਜਗ੍ਹਾ ਦੇ ਕਿਰਾਏ ਅਤੇ ਬਿਜਲੀ ਦੇ ਬਿਲ ਦੀ ਰਸੀਦ ਦੀ ਇਕ ਕਾਪੀ ਨੱਥੀ ਕੀਤੀ ਜਾਏਗੀ।

**ਫਾਰਮ-II**
**(ਐੱਸ.ਐੱਚ.ਈ-ਐੱਫ.ਆਰ.)**

## ਵਿਸ਼ੇਸ਼ ਹੱਥਖੱਡੀ ਪ੍ਰਦਰਸ਼ਨੀ-ਅੰਤਮ ਰਿਪੋਰਟ

ਕਾਰਜਕਾਰੀ ਏਜੰਸੀ "ਵਿਸ਼ੇਸ਼ ਹੱਥਖੱਡੀ ਪ੍ਰਦਰਸ਼ਨੀ" ਸਮਾਪਤ ਹੋਣ ਤੇ ਇਕ ਅੰਤਮ ਰਿਪੋਰਟ ਭੇਜੇਗੀ, ਜਿਸ ਵਿਚ ਹੇਠ ਲਿਖੀਆਂ ਆਈਟਮਾਂ ਸ਼ਾਮਲ ਕੀਤੀਆਂ ਜਾਣਗੀਆਂ :-

1. ਪ੍ਰਦਰਸ਼ਨੀ ਦਾ ਨਾਂ, ਸਥਾਨ ਅਤੇ ਸ਼ਹਿਰ
2. ਸਮਾਂ
3. ਖ਼ਾਲੀ ਸਥਾਨ ਸਹਿਤ ਕੁਲ ਖੇਤਰ
4. ਹਿੱਸੇਦਾਰਾਂ ਨੂੰ ਅਲਾਟ ਕੀਤਾ ਗਿਆ ਖੇਤਰ
5. ਹਿੱਸੇਦਾਰਾਂ ਦੀ ਗਿਣਤੀ
6. ਵਿਕਰੀ ਦਾ ਪੱਧਰ
7. ਕੀ ਫੰਡ ਦੀ ਪ੍ਰਾਪਤੀ ਤੇ ਨਿਕਾਸੀ ਵੇਰਵਾ ਨੱਥੀ ਹੈ ਹਾਂ/ਨਹੀਂ
8. ਪ੍ਰਚਾਰ ਪ੍ਰਣਾਲੀਆਂ
9. ਖ਼ਰਚ ਦਾ ਸਿਰਲੇਖ ਵਾਰ ਵੇਰਵਾ
10. ਲਾਭ ਪ੍ਰਾਪਤਕਰਤਿਆਂ ਦੀ ਗਿਣਤੀ
11. ਅਗਲੀਆਂ ਪ੍ਰਦਰਸ਼ਨੀਆਂ ਲਈ ਸੁਝਾਅ

ਕਾਰਜਕਾਰੀ ਏਜੰਸੀ ਦੇ ਪ੍ਰਬੰਧ ਨਿਦੇਸ਼ਕ/ਮੁੱਖ ਕਾਰਜਕਾਰੀ ਦੇ ਦਸਤਖ਼ਤ
ਚਾਰਟਡ ਅਕਾਊਂਟੈਂਟ ਦੇ ਦਸਤਖ਼ਤ
ਰਾਜ ਦੇ ਹੱਥਖੱਡੀ ਨਿਦੇਸ਼ਕ ਵਲੋਂ ਦਸਤਖ਼ਤ

ਅੰਤਮ ਰਿਪੋਰਟ ਪੇਸ਼ ਕਰਨ ਅਤੇ ਲੇਖਾਂ ਦੇ ਨਿਪਟਾਰੇ ਦੀ ਪ੍ਰਕ੍ਰਿਆ ਨੂੰ ਆਸਾਨ ਬਣਾਉਣ ਲਈ ਇੰਚਾਰਜ ਹੱਥਖੱਡੀ ਕਮਿਸ਼ਨਰ/ਨਿਦੇਸ਼ਕ ਵਲੋਂ ਵਿਧੀ ਪੂਰਵਕ ਦਸਤਖ਼ਤ ਕੀਤੇ ਹੇਠ ਲਿਖੇ ਦਸਤਾਵੇਜ਼ ਨਿਰਧਾਰਤ ਫਾਰਮ ਵਿਚ ਪ੍ਰਮਾਣ ਪੱਤਰ (ਆਯੋਜਨ ਸਮਾਪਤੀ ਪ੍ਰਮਾਣ ਪੱਤਰ) ਸਹਿਤ ਆਯੋਜਨ ਸਮਾਪਤ ਹੋਣ ਤੋਂ ਤਿੰਨ ਮਹੀਨੇ ਦੇ ਅੰਦਰ ਵਿਕਾਸ ਕਮਿਸ਼ਨਰ (ਹੱਥਖੱਡੀ) ਦਫ਼ਤਰ ਨੂੰ ਭਿਜਵਾ ਦਿੱਤਾ ਜਾਏ :-

1. ਆਯੋਜਨ ਸਮਾਪਤੀ ਪ੍ਰਮਾਣ ਪੱਤਰ
2. ਆਡਿਟ ਰਿਪੋਰਟ (ਸਿਰਲੇਖ ਅਨੁਸਾਰ)
3. ਹਿੱਸੇਦਾਰਾਂ ਦੀ ਸੂਚੀ ਅਤੇ ਅੰਤਮ ਰਿਪੋਰਟ
4. ਜੀ.ਐੱਫ.ਆਰ.-19 ਕ ਵਿਚ ਉਪਯੋਗਤਾ ਪ੍ਰਮਾਣ ਪੱਤਰ
5. ਕਾਰਜ ਸਮਾਪਤੀ-ਸਹਿ-ਪ੍ਰਾਪਤੀ ਰਿਪੋਰਟ

## 6. ਨਿਗਰਾਨੀ

"ਵਿਸ਼ੇਸ਼ ਹੱਥਖੱਡੀ ਪ੍ਰਦਰਸ਼ਨੀ" ਦੇ ਆਯੋਜਨ ਦੀ ਜ਼ਿੰਮੇਵਾਰੀ ਕਾਰਜਕਾਰੀ ਏਜੰਸੀ ਦੀ ਹੋਵੇਗੀ। ਜਿਸ ਰਾਜ ਵਿਚ ਇਸ ਨੂੰ ਆਯੋਜਿਤ ਕੀਤਾ ਜਾ ਰਿਹਾ ਹੈ ਉੱਥੋਂ ਦੇ ਹੱਥਖੱਡੀ ਨਿਦੇਸ਼ਕ ਪ੍ਰਦਰਸ਼ਨੀ ਦੇ ਸਹੀ ਆਯੋਜਨ ਦੀ ਦੇਖਰੇਖ ਲਈ ਜਿਨ੍ਹਾਂ ਅਫ਼ਸਰਾਂ ਨੂੰ ਨਾਮਜ਼ਦ ਕਰਨਗੇ, ਉਨ੍ਹਾਂ ਦਾ ਵੇਰਵਾ ਵੀ ਅੰਤਮ ਰਿਪੋਰਟ ਵਿਚ ਸ਼ਾਮਲ ਕੀਤਾ ਜਾਏਗਾ। ਇਨ੍ਹਾਂ ਪ੍ਰਦਰਸ਼ਨੀਆਂ ਵਿਚ ਨਮੂਨੇ ਦੀ ਜਾਂਚ ਕਰਨ ਲਈ ਵਿਕਾਸ ਕਮਿਸ਼ਨਰ (ਹੱਥਖੱਡੀ) ਵਲੋਂ ਵਿਕਾਸ ਕਮਿਸ਼ਨਰ ਹੱਥਖੱਡੀ ਦਫ਼ਤਰ/ਬੁਣਕਰ ਸੇਵਾ ਕੇਂਦਰ ਜਾਂ ਕਿਸੇ ਹੋਰ ਸੰਗਠਨ ਤੋਂ ਇਕ ਪ੍ਰਤੀਨਿਧੀ ਨੂੰ ਨਾਮਜ਼ਦ ਕੀਤਾ ਜਾਏਗਾ।

**ਪਰਿਸ਼ਿਸ਼ਟ-III**

## ਵਪਾਰ ਅਤੇ ਨਿਰਯਾਤ ਵਿਕਾਸ ਯੋਜਨਾ

**ਵਪਾਰ ਵਿਕਾਸ ਦਾ ਘਟਕ : ਜ਼ਿਲ੍ਹਾ ਪੱਧਰੀ ਆਯੋਜਨ**

## ਜ਼ਿਲ੍ਹਾ ਪੱਧਰੀ ਆਯੋਜਨਾਂ ਲਈ ਵਿਸਤ੍ਰਿਤ ਦਿਸ਼ਾ-ਨਿਰਦੇਸ਼ ਅਤੇ ਅੰਤਮ ਰਿਪੋਰਟ ਲਈ ਨਿਰਧਾਰਤ ਫਾਰਮ

1. ਜ਼ਿਲ੍ਹਾ ਪੱਧਰੀ ਆਯੋਜਨ ਦੇਸ਼ ਦੇ ਵਿਭਿੰਨ ਹਿੱਸਿਆਂ ਵਿਚ 5 ਤੋਂ 7 ਦਿਨਾਂ ਲਈ ਆਯੋਜਿਤ ਕੀਤੇ ਜਾਂਦੇ ਹਨ ਅਤੇ ਹਰੇਕ ਜ਼ਿਲ੍ਹਾ ਪੱਧਰੀ ਆਯੋਜਨ ਵਿਚ ਘੱਟੋ-ਘੱਟ 10 ਤੋਂ 15 ਹਿੱਸੇਦਾਰ ਹੁੰਦੇ ਹਨ। ਇਹ ਆਯੋਜਨ ਦੁਰਗਾ ਪੂਜਾ, ਦੁਸਹਿਰਾ ਜਾਂ ਹੋਰ ਮਹੱਤਵਪੂਰਨ ਤਿਓਹਾਰਾਂ/ਜਯੰਤੀਆਂ ਵਰਗੇ ਕੁਝ ਖ਼ਾਸ ਮੌਕਿਆਂ 'ਤੇ ਆਯੋਜਿਤ ਕੀਤੇ ਜਾਂਦੇ ਹਨ। ਇਨ੍ਹਾਂ ਆਯੋਜਨਾਂ ਦਾ ਉਦੇਸ਼ ਬੁਣਕਰਾਂ ਦੀਆਂ ਰੋਜ਼ਾਨਾ ਜ਼ਰੂਰਤਾਂ ਦੀ ਪੂਰਤੀ ਲਈ ਉਨ੍ਹਾਂ ਕੋਲ ਪਏ ਭੰਡਾਰ ਨੂੰ ਵਿਕਰੀ ਲਈ ਬਾਹਰ ਲਿਆਉਣ ਲਈ ਉਨ੍ਹਾਂ ਨੂੰ ਸਹਾਇਤਾ ਕਰਨਾ ਹੈ। ਇਹ ਆਯੋਜਨ ਥੋੜ੍ਹ ਚਿਰਾ ਹੋਣ ਕਾਰਨ ਕਮੇਟੀਆਂ ਵੱਧ ਤੋਂ ਵੱਧ ਆਪਣੇ ਹੱਥਖੱਡੀ ਉਤਪਾਦਾਂ ਦੀ ਨਿਯਮਿਤ ਵਿਕਰੀ ਕਰਨ ਦੀਆਂ ਇਛੁੱਕ ਹੁੰਦੀਆਂ ਹਨ। ਇਨ੍ਹਾਂ ਆਯੋਜਨਾਂ ਦੇ ਮਾਨਦੰਡਾਂ ਅਤੇ ਉਨ੍ਹਾਂ ਦੇ ਲਈ ਪ੍ਰਦਾਨ ਕੀਤੀ ਜਾਣ ਵਾਲੀ ਆਰਥਿਕ ਸਹਾਇਤਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

### 2. ਆਯੋਜਨ ਏਜੰਸੀਆਂ

(ਕ) ਵਿਭਿੰਨ ਰਾਜਾਂ/ਯੂਨੀਅਨ ਟੈਰੀਟ੍ਰੀਜ਼ ਦੇ ਹੱਥਖੱਡੀ ਨਿਦੇਸ਼ਕ

(ਖ) ਰਾਜ ਹੱਥਖੱਡੀ ਵਿਕਾਸ ਨਿਗਮ

(ਗ) ਰਾਜ ਪੱਧਰੀ ਹੱਥਖੱਡੀ ਸਹਿਕਾਰੀ ਫੈਡਰੇਸ਼ਨ/ਅਪੈਕਸ ਸੁਸਾਇਟੀਆਂ

(ਘ) ਜ਼ਿਲ੍ਹਾ ਗ੍ਰਾਮੀਣ ਵਿਕਾਸ ਏਜੰਸੀ

(ਙ) ਬੁਣਕਰ ਸੇਵਾ ਕੇਂਦਰ

(ਚ) ਵਿਕਾਸ ਕਮਿਸ਼ਨਰ (ਹੱਥਖੱਡੀ) ਦਫ਼ਤਰ ਦੀ ਮਿਸ਼ਰਿਤ ਹੱਥਖੱਡੀ ਵਿਕਾਸ ਯੋਜਨਾ ਦੇ ਅਧੀਨ ਚੁਣੀਆਂ ਕਾਰਜਕਾਰੀ ਏਜੰਸੀਆਂ

### 3. ਆਰਥਿਕ ਸਹਾਇਤਾ ਦੀ ਪ੍ਰਣਾਲੀ

ਭਾਰਤ ਸਰਕਾਰ ਆਯੋਜਨ ਏਜੰਸੀ ਨੂੰ ਹਰੇਕ ਜ਼ਿਲ੍ਹਾ ਪੱਧਰੀ ਆਯੋਜਨ ਲਈ ਸਾਜ਼ੋ-ਸਮਾਨ ਅਤੇ ਪ੍ਰਚਾਰ ਲਈ ਹੇਠ ਲਿਖੇ ਵੇਰਵੇ ਅਨੁਸਾਰ ਵੱਧ ਤੋਂ ਵੱਧ 2.00 ਲੱਖ ਰੁਪਏ ਦੀ ਰਕਮ ਪ੍ਰਦਾਨ ਕਰੇਗੀ :-

| | | |
|---|---|---|
| (i) | ਸਾਜ਼ੋ-ਸਮਾਨ | 1.50 ਲੱਖ ਰੁਪਏ ਜਾਂ ਅਸਲ ਖ਼ਰਚ, ਜੋ ਵੀ ਘੱਟ ਹੋਵੇ। |
| (ii) | ਪ੍ਰਚਾਰ | 0.50 ਲੱਖ ਰੁਪਏ ਜਾਂ ਅਸਲ ਖ਼ਰਚ, ਜੋ ਵੀ ਘੱਟ ਹੋਵੇ। |
| | **ਕੁਲ** | **2.00 ਲੱਖ ਰੁਪਏ** |

ਇਸ ਤੋਂ ਇਲਾਵਾ ਖੇਤਰੀ ਜਾਂਚ ਲਈ ਨਾਮਜ਼ਦ ਬੁਣਕਰ ਸੇਵਾ ਕੇਂਦਰ ਨੂੰ ਹਰੇਕ ਆਯੋਜਨ ਲਈ 2500/- ਰੁਪਏ ਦੀ ਰਕਮ ਦਾ ਭੁਗਤਾਨ ਕੀਤਾ ਜਾਏਗਾ।

## 4. ਜ਼ਿਲ੍ਹਾ ਪੱਧਰੀ ਆਯੋਜਨਾਂ ਲਈ ਐਡਵਾਂਸ ਰਕਮ

ਕਾਰਜਕਾਰੀ ਏਜੰਸੀ ਵਲੋਂ ਆਯੋਜਿਤ ਕੀਤੇ ਜਾਣ ਵਾਲੇ ਆਯੋਜਨਾਂ ਦੀ ਕੁਲ ਰਕਮ ਦੀ 50% ਰਕਮ ਵਿੱਤੀ ਸਾਲ ਦੀ ਸ਼ੁਰੂਆਤ ਵਿਚ ਐਡਵਾਂਸ ਦੇ ਤੌਰ 'ਤੇ ਦਿੱਤੀ ਜਾ ਸਕਦੀ ਹੈ। ਇਸ ਮਨੋਰਥ ਲਈ ਐਡਵਾਂਸ/ਸਵੀਕ੍ਰਿਤੀ ਲਈ ਪ੍ਰਸਤਾਵ ਨੱਥੀ ਫਾਰਮ ਡੀ.ਐੱਲ.ਈ.-ਜ਼ 'ਚ ਭਰ ਕੇ ਪੇਸ਼ ਕੀਤਾ ਜਾਣਾ ਚਾਹੀਦਾ ਹੈ। ਬਾਕੀ ਰਕਮ ਵਿਕਾਸ ਕਮਿਸ਼ਨਰ (ਹੱਥਖੱਡੀ) ਦਫ਼ਤਰ ਵਲੋਂ ਕਾਰਜਕਾਰੀ ਏਜੰਸੀ ਨੂੰ ਚਾਰਟਡ ਅਕਾਊਂਟੈਂਟ/ਪ੍ਰਸ਼ਾਸਨਿਕ ਆਡਿਟਰ ਵਲੋਂ ਵਿਧੀਪੂਰਵਕ ਪ੍ਰਮਾਣਿਤ ਖਾਤਿਆਂ ਦਾ ਵੇਰਵਾ, ਫਾਰਮ ਡੀ.ਐੱਲ.ਈ.-ਜ਼ਜ਼ ਵਿਚ ਭਰੀ ਗਈ ਨਿਗਰਾਨੀ ਰਿਪੋਰਟ ਸਹਿਤ ਹੱਥਖੱਡੀ ਨਿਦੇਸ਼ਕ ਦੇ ਮਾਧਿਅਮ ਨਾਲ ਆਯੋਜਨ ਸਮਾਪਤ ਹੋਣ ਤੋਂ ਤਿੰਨ ਮਹੀਨੇ ਦੇ ਅੰਦਰ ਪੇਸ਼ ਕਰਨ ਤੇ ਦਿੱਤੀ ਜਾਏਗੀ।

## 5. ਆਯੋਜਨ ਦਾ ਪ੍ਰਚਾਰ

ਹੈਂਡਬਿਲਾਂ, ਬੈਨਰਾਂ ਆਦਿ ਤੋਂ ਇਲਾਵਾ ਪ੍ਰਦਰਸ਼ਨੀ ਪੀਰੀਅਡ ਦੇ ਦੌਰਾਨ ਅਖ਼ਬਾਰਾਂ ਵਿਚ ਇਸ਼ਤਿਹਾਰ ਦਿੱਤੇ ਜਾਣਗੇ, ਜਿਨ੍ਹਾਂ ਵਿਚ ਵਿਕਾਸ ਕਮਿਸ਼ਨਰ ਹੱਥਖੱਡੀ ਦਫ਼ਤਰ ਵਲੋਂ ਇਸ ਦੇ ਪ੍ਰਾਯੋਜਿਤ ਹੋਣ ਦਾ ਜ਼ਿਕਰ ਕੀਤਾ ਜਾਣਾ ਲਾਜ਼ਮੀ ਹੈ।

ਸਾਰੇ ਇਸ਼ਤਿਹਾਰਾਂ, ਹੈਂਡਬਿਲਾਂ/ਪੋਸਟਰਾਂ, ਸੱਦਾ ਪੱਤਰਾਂ ਅਤੇ ਪ੍ਰਚਾਰ ਸਮੱਗਰੀ ਉੱਤੇ "ਵਿਕਾਸ ਕਮਿਸ਼ਨਰ ਹੱਥਖੱਡੀ, ਕੱਪੜਾ ਮੰਤਰਾਲਾ, ਭਾਰਤ ਸਰਕਾਰ ਵਲੋਂ ਪ੍ਰਾਯੋਜਿਤ" ਦਾ ਜ਼ਿਕਰ ਲਾਜ਼ਮੀ ਤੌਰ 'ਤੇ ਕੀਤਾ ਜਾਣਾ ਚਾਹੀਦਾ ਹੈ। ਪ੍ਰਸਤਾਵਿਕ ਜ਼ਿਲ੍ਹਾ ਪੱਧਰੀ ਆਯੋਜਨ ਦਾ ਸੱਦਾ ਪੱਤਰ ਉਸ ਦੇ ਉਦਘਾਟਨ ਤੋਂ ਘੱਟੋ-ਘੱਟ 15 ਦਿਨ ਪਹਿਲਾਂ ਵਿਕਾਸ ਕਮਿਸ਼ਨਰ (ਹੱਥਖੱਡੀ) ਦਫ਼ਤਰ ਨੂੰ ਭਿਜਵਾਇਆ ਜਾਣਾ ਲਾਜ਼ਮੀ ਹੈ।

## 6. ਆਯੋਜਨ ਸਥਾਨ/ਸਥਾਨ ਦਾ ਕਿਰਾਇਆ

ਇਸ ਵਿਚ ਜ਼ਿਲ੍ਹਾ ਪੱਧਰੀ ਆਯੋਜਨ ਦੇ ਪੀਰੀਅਡ ਦੇ ਦੌਰਾਨ ਇਸ ਕੰਮ ਲਈ ਲਏ ਗਏ ਸਥਾਨ ਦਾ ਕਿਰਾਇਆ ਅਤੇ ਬਿਜਲੀ ਤੇ ਪਾਣੀ ਦੇ ਬਿਲ ਸ਼ਾਮਲ ਹਨ। ਆਡਿਟ ਰਿਪੋਰਟ ਦੇ ਨਾਲ ਕਿਰਾਏ ਅਤੇ ਬਿਜਲੀ ਦੇ ਬਿਲ ਦੀ ਰਸੀਦ ਦੀ ਕਾਪੀ ਵੀ ਭਿਜਵਾਈ ਜਾਣੀ ਚਾਹੀਦੀ ਹੈ।

## 7. ਰਾਜ ਸਰਕਾਰਾਂ ਦੀ ਭੂਮਿਕਾ

(ਕ) ਰਾਜ ਸਰਕਾਰਾਂ ਤੋਂ ਕਾਰਜਕਾਰੀ ਏਜੰਸੀਆਂ ਅਤੇ ਭਾਗੀਦਾਰ ਏਜੰਸੀਆਂ ਨੂੰ ਖ਼ਾਸ ਹੱਥਖੱਡੀ ਪ੍ਰਦਰਸ਼ਨੀ ਦੇ ਆਯੋਜਨ ਵਿਚ ਉਚਿਤ ਤਰੀਕੇ ਨਾਲ ਸਹਾਇਤਾ ਕਰਨ ਅਤੇ ਹੱਥਖੱਡੀ ਉਤਪਾਦਾਂ ਦੇ ਵਪਾਰ ਨੂੰ ਵਾਧਾ ਦੇਣ ਲਈ ਵਿਕਰੀ ਉੱਤੇ ਖ਼ਾਸ ਛੂਟ ਦੇ ਭੁਗਤਾਨ, ਲੋੜੀਂਦੀ ਪ੍ਰਚਾਰ ਸਹਾਇਤਾ ਆਦਿ ਵਰਗੀ ਆਰਥਿਕ ਸਹਾਇਤਾ ਪ੍ਰਦਾਨ ਕਰਨ ਲਈ ਆਸ ਕੀਤੀ ਜਾਂਦੀ ਹੈ।

(ਖ) ਹੱਥਖੱਡੀ ਉਤਪਾਦਾਂ ਦੇ ਵਪਾਰ ਨੂੰ ਗਤੀਸ਼ੀਲ ਬਣਾਉਣ ਅਤੇ ਉਪਭੋਗਤਾਵਾਂ ਨੂੰ ਇਕੋ ਛੱਡ ਹੇਠ ਦੇਸ਼ ਦੇ ਵਿਭਿੰਨ ਭਾਗਾਂ ਦੇ ਅਸਲ ਹੱਥਖੱਡੀ ਉਤਪਾਦਾਂ ਦੀ ਖ਼ਰੀਦ ਦੀ ਸਹੂਲਤ ਪ੍ਰਾਪਤ ਕਰਾਉਣ ਲਈ ਮੇਜ਼ਬਾਨ ਰਾਜ ਤੋਂ ਵੀ ਖ਼ਾਸ ਹੱਥਖੱਡੀ ਪ੍ਰਦਰਸ਼ਨੀ ਦੇ ਉਚਿਤ ਆਯੋਜਨ ਲਈ ਸਹਾਇਤਾ ਕਰਨ ਦੀ ਆਸ ਕੀਤੀ ਜਾਂਦੀ ਹੈ।

## 8. ਹਿੱਸੇਦਾਰਾਂ ਦੀ ਭੂਮਿਕਾ

ਹਿੱਸੇਦਾਰਾਂ ਤੋਂ ਬਜ਼ਾਰ ਦੀ ਮੰਗ ਦੇ ਅਨੁਸਾਰ ਉਤਪਾਦਾਂ ਦਾ ਵਿਕਾਸ ਕਰਨ ਦੀ ਆਸ ਕੀਤੀ ਜਾਂਦੀ ਹੈ। ਭਾਗੀਦਾਰ ਉਪਭੋਗਤਾਵਾਂ ਨੂੰ ਛੂਟ ਵਰਗੇ ਪ੍ਰੋਤਸਾਹਨਾਂ ਦੀ ਪੇਸ਼ਕਸ਼ ਕਰਨ ਲਈ ਸੁਤੰਤਰ ਹਨ।

## 9. ਅੰਤਮ ਰਿਪੋਰਟ

ਆਯੋਜਨ ਦੀ ਸਮਾਪਤੀ ਮਗਰੋਂ ਕਾਰਜਕਾਰੀ ਏਜੰਸੀ ਵਲੋਂ ਇਕ ਅੰਤਮ ਰਿਪੋਰਟ ਨੱਥੀ ਫਾਰਮ ਡੀ.ਐੱਲ.ਈ.-ਜ਼ਜ਼ ਵਿਚ ਭਰ ਕੇ ਹੱਥਖੱਡੀ ਨਿਦੇਸ਼ਕ ਦੇ ਮਾਧਿਅਮ ਨਾਲ ਭਿਜਵਾਈ ਜਾਏਗੀ, ਜਿਸ ਵਿਚ ਆਯੋਜਨ ਦੇ ਨਾਂ, ਸਥਾਨ, ਪੀਰੀਅਡ ਅਤੇ ਮਿਤੀ, ਹਿੱਸੇਦਾਰਾਂ ਦੀ ਸੂਚੀ, ਵਿਕਰੀ ਦੇ ਪੱਧਰ ਆਦਿ ਦਾ ਜ਼ਿਕਰ ਕੀਤਾ ਜਾਏਗਾ।

ਅੰਤਮ ਰਿਪੋਰਟ ਪੇਸ਼ ਕਰਨ ਅਤੇ ਖਾਤਿਆਂ ਦੇ ਨਿਪਟਾਰੇ ਦੀ ਪ੍ਰਕ੍ਰਿਆ ਨੂੰ ਆਸਾਨ ਬਣਾਉਣ ਲਈ ਆਯੋਜਨ ਸਮਾਪਤ ਹੋਣ ਤੋਂ ਤਿੰਨ ਮਹੀਨੇ ਦੇ ਅੰਦਰ ਨਿਰਧਾਰਤ ਫਾਰਮ 'ਤੇ ਪ੍ਰਮਾਣ ਪੱਤਰ ਸਹਿਤ ਹੇਠ ਲਿਖੇ ਦਸਤਾਵੇਜ਼ ਵਿਕਾਸ ਕਮਿਸ਼ਨਰ (ਹੱਥਖੱਡੀ) ਦਫ਼ਤਰ ਨੂੰ ਭਿਜਵਾਏ ਜਾਣ :-

1. ਆਯੋਜਨ ਸਮਾਪਤੀ ਪ੍ਰਮਾਣ ਪੱਤਰ (ਫਾਰਮ-ਜ਼ਜ਼ਜ਼)
2. ਡੀ.ਐੱਲ.ਈ.-ਜ਼ਜ਼ ਫਾਰਮੈਟ
3. ਆਡਿਟ ਰਿਪੋਰਟ (ਸਿਰਲੇਖ ਵਾਰ) ਅਤੇ ਵਿਕਰੀ ਦੇ ਅੰਕੜੇ
4. ਜੀ.ਐੱਫ.ਆਰ.-19ਕ 'ਚ ਉਪਯੋਗਤਾ ਪ੍ਰਮਾਣ ਪੱਤਰ
5. ਕਾਰਜ ਸਮਾਪਤੀ-ਸਹਿ-ਪ੍ਰਾਪਤੀ ਰਿਪੋਰਟ

**ਫਾਰਮ ਡੀ.ਐੱਲ.ਈ.-I**

# ਜ਼ਿਲ੍ਹਾ/ਖੇਤਰ ਪੱਧਰੀ ਮੇਲਾ/ਉਤਸਵ-ਚੋਣ

## I. ਆਯੋਜਨ

1. ਆਯੋਜਕ ਦਾ ਨਾਂ
2. ਆਯੋਜਨ ਦੀ ਕਿਸਮ (ਮੇਲਾ/ਉਤਸਵ ਆਦਿ)
3. ਆਯੋਜਨ ਦਾ ਸਥਾਨ
4. ਜ਼ਿਲ੍ਹਾ
5. ਸਮਾਂ ਅਤੇ ਅੰਗ੍ਰੇਜ਼ੀ ਕੈਲੰਡਰ ਅਨੁਸਾਰ ਤਾਰੀਖਾਂ

   ਉਤਸਵ ਦਾ ਮਹੱਤਵ (ਸਿਰਫ਼ 3-4 ਵਾਕਾਂ ਵਿਚ)

## II. ਵਪਾਰ ਸੰਭਾਵਨਾ

i. ਪਿਛਲੇ ਸਾਲ ਆਉਣ ਵਾਲਿਆਂ ਦੀ ਗਿਣਤੀ (ਲਗਭਗ)

ii. ਕੀ ਮੇਲੇ ਵਿਚ ਸਿਰਫ਼ ਹੱਥਖੱਡੀ ਉਤਪਾਦਾਂ ਦੀ ਵਿਕਰੀ ਕੀਤੀ ਗਈ

iii. ਵਿਕਰੀ

## III. ਵਰਤਮਾਨ ਪ੍ਰਸ਼ਾਸਨਿਕ ਤੰਤ੍ਰ

* ਮੇਲਾ ਅਫ਼ਸਰ ਦਾ ਨਾਂ

  ਭਾਗੀਦਾਰੀ ਜੁਟਾਉਣ ਲਈ ਜ਼ਿੰਮੇਵਾਰ ਹੱਥਖੱਡੀ ਸੰਗਠਨ (ਕਾਰਜਕਾਰੀ ਏਜੰਸੀ) ਦਾ ਨਾਂ

## IV. ਸਟਾਲ

ਖੇਤਰ ਦੇ ਵੇਰਵੇ ਸਹਿਤ ਭਾਗੀਦਾਰਾਂ ਲਈ ਪ੍ਰਸਤਾਵਿਤ ਸਟਾਲਾਂ ਦੀ ਗਿਣਤੀ

## V. ਪ੍ਰਚਾਰ

ਹੱਥਖੱਡੀ ਉਤਪਾਦਾਂ ਦੇ ਵਪਾਰ ਲਈ ਪ੍ਰਸਤਾਵਿਤ ਪ੍ਰਚਾਰ ਪ੍ਰਣਾਲੀ; ਜਿਵੇਂ ਇਸ਼ਤਿਹਾਰ/ਹੋਰਡਿੰਗ/ਸੂਚੀ ਪੱਤਰ/ਬੈਨਰਸ ਆਦਿ।

**ਫਾਰਮ ਡੀ.ਐੱਲ.ਈ.-II**

# ਜ਼ਿਲ੍ਹਾ ਪੱਧਰੀ/ਖੇਤਰੀ ਮੇਲਿਆਂ/ਉਤਸਵਾਂ ਸਬੰਧੀ ਰਿਪੋਰਟ

## I. ਆਯੋਜਨ

(i) ਆਯੋਜਨ ਦਾ ਨਾਂ

(ii) ਆਯੋਜਨ ਦੀ ਕਿਸਮ ; ਮੇਲਾ, ਪੁਰਬ

(iii) ਆਯੋਜਨ ਦਾ ਸਥਾਨ

(iv) ਜ਼ਿਲ੍ਹਾ

(v) ਪੀਰੀਅਡ

(vi) ਮੇਲੇ ਦੀ ਤਾਰੀਖ

## II. ਵਪਾਰ

(i) ਭਾਗੀਦਾਰਾਂ ਦੀ ਗਿਣਤੀ

(ii) ਮੇਲੇ ਦੇ ਦੌਰਾਨ ਹੋਈ ਕੁਲ ਵਿਕਰੀ

(iii) ਲਾਭ ਪ੍ਰਾਪਤਕਰਤਿਆਂ ਦੀ ਗਿਣਤੀ

## III. ਪ੍ਰਸ਼ਾਸਨਿਕ ਤੰਤ੍ਰ

(i) ਮੇਲਾ ਅਫ਼ਸਰ

(ii) ਇਸ ਘਟਕ ਸਬੰਧੀ ਕੰਮ ਕਰਨ ਵਾਲੇ ਸੰਗਠਨ ਦਾ ਨਾਂ

## IV. ਸਟਾਲ

ਭਾਗੀਦਾਰਾਂ ਨੂੰ ਦਿੱਤੇ ਸਟਾਲਾਂ ਦੀ ਗਿਣਤੀ ਅਤੇ ਜਗ੍ਹਾ

## V. ਪ੍ਰਚਾਰ

ਹੱਥਖੱਡੀ ਉਤਪਾਦਾਂ ਦੇ ਵਪਾਰ ਲਈ ਪ੍ਰਚਾਰ ਜਿਵੇਂ ਪ੍ਰੈਸ ਇਸ਼ਤਿਹਾਰਾਂ/ਹੋਰਡਿੰਗ/ਸੂਚੀ ਪੱਤਰ/ਬੈਨਰਸ (ਛਪੀ ਹੋਈ ਪ੍ਰਚਾਰ ਸਮੱਮਰੀ ਨੱਥੀ ਕਰੋ) ਦੇ ਲਈ ਸਰਕਾਰ ਵਲੋਂ ਦਿੱਤੀ ਸਹਾਇਤਾ 0.50 ਲੱਖ ਰੁਪਏ ਤਕ ਸੀਮਤ ਰਖੀ ਜਾਏਗੀ। ਇਸ ਤਰ੍ਹਾਂ ਕੁਲ ਸਰਕਾਰੀ ਸਹਾਇਤਾ 02.00 ਲੱਖ ਰੁਪਏ ਤਕ ਸੀਮਤ ਰਖੀ ਜਾਏਗੀ।

**ਫਾਰਮ-III**

## ਆਯੋਜਨ ਸਮਾਪਤੀ ਪ੍ਰਮਾਣ ਪੱਤਰ
## (ਪ੍ਰਦਰਸ਼ਨੀਆਂ/ਜ਼ਿਲ੍ਹਾ ਪੱਧਰੀ ਆਯੋਜਨਾਂ ਲਈ)

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਮੈਂ ਮਿਤੀ ................................ ਤੋਂ .................................. ਤਕ ...................................... ਵਿਚ ਆਯੋਜਿਤ ਪ੍ਰਦਰਸ਼ਨੀ/ਜ਼ਿਲ੍ਹਾ ਪੱਧਰੀ ਆਯੋਜਨ ਦੇ ਬਾਰੇ ਵਿਚ ਕਾਰਜਕਾਰੀ ਏਜੰਸੀ ਵਲੋਂ ਉਪਲਬਧ ਕਰਾਏ ਵੇਰਵਿਆਂ ਨੂੰ ਚੈੱਕ ਕਰ ਲਿਆ ਹੈ।

ਇਹ ਵੀ ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਪ੍ਰਚਾਰ ਸਮੱਗਰੀ, ਟੈਂਡਰ ਕਮੇਟੀ ਦੀ ਬੈਠਕ ਦੀ ਕਾਰਜ-ਸੂਚੀ, ਵਰਕ ਆਰਡਰ, ਮਾਪਨ ਕਮੇਟੀ ਦੀਆਂ ਰਿਪੋਰਟਾਂ ਆਦਿ ਦੀ ਜਾਂਚ ਕਰ ਲਈ ਗਈ ਹੈ ਅਤੇ ਇਨ੍ਹਾਂ ਨੂੰ ਨਿਯਮ ਅਨੁਸਾਰ ਪਾਇਆ ਗਿਆ ਹੈ।

ਚਾਰਟਡ ਅਕਾਊਂਟੈਂਟ ਵਲੋਂ ਵਿਧੀ ਪੂਰਵਕ ਆਡਿਟ ਰਿਪੋਰਟ ਅਸਲ ਖ਼ਰਚ ਦੇ ਸਿਰਲੇਖ ਅਨੁਸਾਰ ਅਸਲ ਵੇਰਵਾ ਅਤੇ ਭਾਗੀਦਾਰਾਂ ਦੀ ਸੂਚੀ ਨੱਥੀ ਹੈ।

ਇਹ ਵੀ ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਇਹ ਮਨੋਰਥ ਲਈ ਜਾਰੀ ਰਕਮ ਨਾਲ ਕਿਸੇ ਸੰਪਤੀ ਦੀ ਸਿਰਜਣਾ ਨਹੀਂ ਕੀਤੀ ਗਈ ਹੈ/ਸਿਰਜੀ ਗਈ ਸੰਪਤੀ ਦਾ ਨਿਪਟਾਰਾ ਭਾਰਤ ਸਰਕਾਰ ਦੀ ਪ੍ਰਕ੍ਰਿਆ ਅਨੁਸਾਰ ਕੀਤਾ ਜਾਏਗਾ।

ਏਜੰਸੀ ਨੂੰ ........................ ਰੁਪਏ ਦੀ ਰਕਮ ਐਡਵਾਂਸ ਦੇ ਤੌਰ ਤੇ ਅਤੇ ਵਹੀ ਖਾਤਾ ਵੇਰਵੇ ਦੇ ਅਨੁਸਾਰ .................... ਰੁਪਏ ਦੀ ਰਕਮ ਅੰਤਮ ਰੂਪ ਨਾਲ ਦੇ ਦਿੱਤੀ ਗਈ ਸੀ।

ਕਾਰਜਕਾਰੀ ਏਜੰਸੀ ਦੇ
ਪ੍ਰਬੰਧ ਨਿਦੇਸ਼ਕ/ਮੁੱਖ ਕਾਰਜਕਾਰੀ
ਦੇ ਦਸਤਖ਼ਤ

ਤਸਦੀਕ
ਨਿਦੇਸ਼ਕ/ਕਮਿਸ਼ਨਰ (ਹੱਥਖੱਡੀ ਅਤੇ ਕੱਪੜਾ) ਮੋਹਰ

**ਪਰਿਸ਼ਿਸ਼ਟ-IV**

# ਵਪਾਰ ਅਤੇ ਨਿਰਯਾਤ ਯੋਜਨਾ

**ਵਪਾਰ ਵਿਕਾਸ ਦਾ ਘਟਕ : ਸ਼ਿਲਪ ਮੇਲੇ**

## ਸ਼ਿਲਪ ਮੇਲਿਆਂ ਲਈ ਬੁਣਕਰਾਂ ਦੇ ਚੋਣ ਦੀ ਪ੍ਰਕ੍ਰਿਆ ਅਤੇ ਆਰਥਿਕ ਸਹਾਇਤਾ ਲਈ ਵਿਸਤ੍ਰਿਤ ਦਿਸ਼ਾ-ਨਿਰਦੇਸ਼

1. ਵਿਭਿੰਨ ਮੇਲਿਆਂ ਵਿਚ ਅਸਲ ਬੁਣਕਰਾਂ ਨੂੰ ਭਾਗੀਦਾਰੀ ਦਾ ਮੌਕਾ ਪ੍ਰਦਾਨ ਕਰਨ ਅਤੇ ਇਹ ਨਿਸ਼ਚਿਤ ਕਰਨ ਲਈ ਕਿ ਇਕੋ ਬੁਣਕਰ ਨੂੰ ਵਾਰ-ਵਾਰ ਹਿੱਸੇਦਾਰੀ ਦੇ ਮੌਕੇ ਦੀ ਬਜਾਏ ਹੋਰ ਬੁਣਕਰਾਂ ਨੂੰ ਵੀ ਇਹ ਮੌਕਾ ਪ੍ਰਾਪਤ ਹੋਵੇ ਅਤੇ ਜਿਨ੍ਹਾਂ ਬੁਣਕਰਾਂ ਨੂੰ ਪਹਿਲਾਂ ਹਿੱਸੇਦਾਰੀ ਦਾ ਮੌਕਾ ਪ੍ਰਾਪਤ ਨਹੀਂ ਹੋਇਆ, ਉਨ੍ਹਾਂ ਦੀ ਚੋਣ ਲਈ ਇਕ ਸੁਚਾਰੂ ਪ੍ਰਣਾਲੀ ਅਪਣਾਏ ਜਾਣ ਦੀ ਜ਼ਰੂਰਤ ਹੈ। ਅਜਿਹੇ ਉਦਾਹਰਣ ਵੀ ਦੇਖੇ ਗਏ ਹਨ ਕਿ ਜਦੋਂ ਬੁਣਕਰ ਤੋਂ ਇਲਾਵਾ ਹੋਰ ਪੇਸ਼ਾ ਰਖਣ ਵਾਲਿਆਂ, ਵਪਾਰੀਆਂ ਆਦਿ ਨੇ ਅਤੇ ਗੈਰ-ਹੱਥਖੱਡੀ ਵਸਤੂਆਂ ਵੇਚਣ ਵਾਲੇ ਬੁਣਕਰਾਂ ਨੇ ਸ਼ਿਲਪ ਮੇਲੇ ਵਿਚ ਹਿੱਸੇਦਾਰੀ ਕੀਤੀ ਸੀ। ਹੁਣ ਹੇਠ ਲਿਖੀ ਪ੍ਰਕ੍ਰਿਆ ਨਿਰਧਾਰਤ ਕੀਤੀ ਗਈ ਹੈ ਜਿਸ ਨੂੰ 11ਵੀਂ ਯੋਜਨਾ ਦੇ ਦੌਰਾਨ ਆਯੋਜਿਤ ਸ਼ਿਲਪ ਮੇਲਿਆਂ ਵਿਚ ਪ੍ਰਚਾਲਿਤ ਕੀਤਾ ਜਾਏਗਾ।

## 2. ਹਿੱਸੇਦਾਰਾਂ ਦੀ ਚੋਣ ਲਈ ਪ੍ਰਕ੍ਰਿਆ

(i) ਸ਼ਿਲਪ ਮੇਲਿਆਂ ਵਿਚ ਭਾਗੀਦਾਰੀ ਲਈ ਬੁਣਕਰਾਂ ਦੇ ਨਾਵਾਂ ਦੀ ਸਿਫਾਰਿਸ਼ ਕਰਦੇ ਸਮੇਂ ਸਬੰਧਤ ਅਫ਼ਸਰ ਕ੍ਰਿਪਾ ਕਰਕੇ ਪ੍ਰਮਾਣਿਤ ਕਰਨ ਦਾ ਕਸ਼ਟ ਕਰਨ ਕਿ :-

(ਕ) ਸ਼ਿਲਪਕਾਰਾਂ/ਬੁਣਕਰਾਂ ਵਲੋਂ ਜੀਵਨ ਵੇਰਵੇ ਵਿਚ ਦਸੇ ਨਾਂ, ਪਤੇ, ਵਪਾਰ ਅਸਲ ਹਨ ; ਅਤੇ

(ਖ) ਅਸਲ ਬੁਣਕਰਾਂ ਦੀ ਨਾਮਜ਼ਦਗੀ ਕੀਤੀ ਗਈ ਹੈ, ਨਾ ਕਿ ਵਪਾਰੀਆਂ/ਵਿਚੋਲਿਆਂ ਦੀ।

(ii) ਬੁਣਕਰ ਸੇਵਾ ਕੇਂਦਰਾਂ, ਹੱਥਖੱਡੀ ਅਤੇ ਕੱਪੜਾ ਨਿਦੇਸ਼ਕਾਂ/ਅਪੈਕਸ ਕਮੇਟੀਆਂ/ਨਿਗਮਾਂ ਅਤੇ ਫੈਡਰੇਸ਼ਨਾਂ ਦੇ ਪ੍ਰਬੰਧਨ ਨਿਦੇਸ਼ਕਾਂ ਵਲੋਂ ਆਪਣੇ ਅਧਿਕਾਰ ਖੇਤਰ ਦੇ ਅਧੀਨ ਵਿਭਿੰਨ ਸ਼ਿਲਪਾਂ/ਵਪਾਰਾਂ ਵਿਚ ਕੰਮ ਕਰ ਰਹੇ ਸਾਰੇ ਕਾਬਲ ਬੁਣਕਰਾਂ ਨੂੰ ਖੇਤਰੀ ਸਰਵੇਖਣ ਦੇ ਅਧਾਰ ਤੇ ਮਾਨਤਾ ਪ੍ਰਾਪਤ ਕੀਤਾ ਜਾਣਾ ਚਾਹੀਦਾ ਹੈ ਅਤੇ ਨਾਮਜ਼ਦਗੀ ਰਜਿਸਟਰ ਪੂਰਾ ਹੋਣਾ ਚਾਹੀਦਾ ਹੈ। ਕਾਬਲ ਬੁਣਕਰਾਂ ਦੀ ਇਸ ਤਰ੍ਹਾਂ ਤਿਆਰ ਕੀਤੀ ਗਈ ਸੂਚੀ ਵਿਚੋਂ ਸਰਕਾਰੀ ਸਹਾਇਤਾ ਦੇ ਜ਼ਰੂਰਤਮੰਦ ਅਤੇ ਅਸਲ ਹੱਥਖੱਡੀ ਉਤਪਾਦਾਂ ਦਾ ਵਪਾਰ ਕਰਨ ਵਾਲੇ ਅਤੇ ਸ਼ਿਲਪ ਮੇਲਿਆਂ ਵਿਚ ਹਾਸਲ ਆਰਡਰਾਂ ਦੇ ਅਨੁਸਾਰ ਡਿਲੀਵਰੀ ਸਮੇਂ ਸੂਚੀ ਦੇ ਅਨੁਸਾਰ ਉਤਪਾਦਾਂ ਨੂੰ ਸਪਲਾਈ ਕਰ ਸਕਣ ਵਾਲੇ ਬੁਣਕਰਾਂ ਨੂੰ ਚੁਣਿਆ ਜਾਣਾ ਚਾਹੀਦਾ ਹੈ। ਹੁਕਮ ਅਨੁਸਾਰ 20-30 ਹੱਥਖੱਡੀ ਬੁਣਕਰਾਂ ਦੀ ਇਕ ਸੂਚੀ ਤਿਆਰ ਕੀਤੀ ਜਾਏ ਅਤੇ ਉਨ੍ਹਾਂ ਦੇ ਪ੍ਰਸਤਾਵ ਨਵੀਂ ਫੋਟੋ ਸਹਿਤ ਪੂਰਾ ਜੀਵਨ ਵੇਰਵਾ ਭਿਜਵਾਇਆ ਜਾਏ, ਜਿਸ ਨੂੰ ਕਾਰਜਕਾਰੀ ਅਫ਼ਸਰ, ਜੋ ਰਾਜ ਸਰਕਾਰ ਦੇ ਸਹਾਇਕ ਨਿਦੇਸ਼ਕ ਹੱਥਖੱਡੀ ਦੇ ਰੈਂਕ ਤੋਂ ਘੱਟ ਨਾ ਹੋਵੇ, ਬੁਣਕਰ ਸੇਵਾ ਕੇਂਦਰਾਂ ਦੇ ਮਾਮਲੇ ਵਿਚ ਇੰਚਾਰਜ ਅਫ਼ਸਰ, ਅਪੈਕਸ ਸੁਸਾਇਟੀਆਂ /ਨਿਗਮਾਂ ਅਤੇ ਫੈਡਰੇਸ਼ਨਾਂ ਦੇ ਮਾਮਲੇ ਵਿਚ ਵਪਾਰ ਵਿਭਾਗ ਦੇ ਮੁਖੀ ਰਾਹੀਂ ਇਸ ਪੱਤਰ ਦੇ ਨਾਲ ਨੱਥੀ ਫਾਰਮ ਦੇ ਅਨੁਸਾਰ ਪ੍ਰਮਾਣਿਤ ਹੋਣਾ ਚਾਹੀਦਾ ਹੈ। ਜੀਵਨ ਵੇਰਵੇ ਵਿਚ ਬੁਣਕਰ ਦਾ ਪੂਰਾ ਪਤਾ ਅਤੇ ਖ਼ਾਸ ਸ਼ਿਲਪ ਦਾ ਵੇਰਵਾ ਸ਼ਾਮਿਲ ਹੋਣਾ ਚਾਹੀਦਾ ਹੈ।

(iii) ਵਿਭਿੰਨ ਸ਼ਿਲਪ ਮੇਲਿਆਂ ਵਿਚ ਭਾਗੀਦਾਰੀ ਲਈ ਚੁਣੇ ਗਏ ਸਾਰੇ ਬੁਣਕਰਾਂ ਨੂੰ ਪਛਾਣ ਬਦਲੇ ਜਾਣ ਦੇ ਮਾਮਲਿਆਂ ਤੋਂ ਬਚਣ ਲਈ ਉਨ੍ਹਾਂ ਨੂੰ ਸਬੰਧਤ ਬੁਣਕਰ ਸੇਵਾ ਕੇਂਦਰ ਵਲੋਂ ਫੋਟੋਗ੍ਰਾਫ (ਜੋ ਬੁਣਕਰਾਂ ਤੋਂ ਲਏ ਜਾਣਗੇ) ਵਾਲੇ ਪਛਾਣ ਪੱਤਰ ਜਾਰੀ ਕੀਤੇ ਜਾਣਗੇ। ਜੇਕਰ ਉਸ ਖੇਤਰ ਵਿਚ ਕੋਈ ਬੁਣਕਰ ਸੇਵਾ ਕੇਂਦਰ ਸਥਿਤ ਨਹੀਂ ਹੈ ਤਾਂ ਬੁਣਕਰਾਂ ਲਈ ਇਸ ਨੂੰ ਹਸਤਸ਼ਿਲਪ ਦੇ ਐੱਮ ਐਂਡ ਐੱਸ.ਈ.ਸੀ. ਜਾਂ ਉਸ ਖੇਤਰ ਦੇ ਹੱਥਖੱਡੀ/ਕੱਪੜਾ ਨਿਦੇਸ਼ਕ ਤੋਂ ਪ੍ਰਾਪਤ ਕਰਨ ਜ਼ਰੂਰੀ ਹੋਵੇਗਾ। ਬੁਣਕਰਾਂ ਵਲੋਂ ਸਿਰਫ਼ ਉਨ੍ਹਾਂ ਹੱਥਖੱਡੀ ਵਸਤੂਆਂ ਦੀ ਵਿਕਰੀ ਕੀਤੀ ਜਾਏਗਾ, ਜਿਨ੍ਹਾਂ ਦਾ ਉਤਪਾਦਨ ਕਰਨ ਦਾ ਜ਼ਿਕਰ ਉਨ੍ਹਾਂ ਦੇ ਜੀਵਨ ਵੇਰਵੇ ਵਿਚ ਕੀਤਾ ਗਿਆ ਹੈ। ਕਸੂਰਵਾਰ ਬੁਣਕਰਾਂ ਦੇ ਵਿਰੁੱਧ

ਸਖ਼ਤ ਕਾਰਵਾਈ ਕੀਤੀ ਜਾਏਗੀ ਅਤੇ ਅਗਲੇ ਪ੍ਰੋਗਰਾਮਾਂ ਵਿਚ ਭਾਗੀਦਾਰੀ ਦੇ ਸਬੰਧ ਵਿਚ ਉਸ ਦੇ ਨਾਂ ਕਾਲੀ ਸੂਚੀ ਵਿਚ ਪਾ ਦਿੱਤੇ ਜਾਣਗੇ।

(iv) ਜੇਕਰ ਕੋਈ ਬੁਣਕਰ ਜੋ ਕਿਸੇ ਬੁਣਕਰ ਕਮੇਟੀ ਸੰਸਥਾ ਦਾ ਅਹੁਦੇਦਾਰ/ਵਿਕਾਸ ਕਮਿਸ਼ਨਰ ਹੱਥਖੱਡੀ ਦਫ਼ਤਰ ਜਾਂ ਕਿਸੇ ਹੋਰ ਸਰਕਾਰੀ/ਅਰਧ-ਸਰਕਾਰੀ ਦਫ਼ਤਰ ਤੋਂ ਸਹਾਇਤਾ ਪ੍ਰਾਪਤ ਕਰਨ ਵਾਲੇ ਸਵੈ-ਇਛੁੱਕ ਸੰਗਠਨ ਦਾ ਮੈਂਬਰ ਹੈ ਜਾਂ ਜੋ ਕੇਂਦਰੀ ਸਰਕਾਰ/ਰਾਜ ਸਰਕਾਰ/ਨਿਗਮਾਂ ਦਾ ਕਰਮਚਾਰੀ ਹੈ ਜਾਂ ਵਿਕਾਸ ਕਮਿਸ਼ਨਰ ਹੱਥਖੱਡੀ ਦਫ਼ਤਰ ਜਾਂ ਇਸ ਦੇ ਖੇਤਰੀ ਦਫ਼ਤਰਾਂ ਦੇ ਕਿਸੇ ਕਰਮਚਾਰੀ ਦਾ ਰਿਸ਼ਤੇਦਾਰ ਹੈ, ਨੂੰ ਵਿਕਾਸ ਕਮਿਸ਼ਨਰ ਹੱਥਖੱਡੀ ਦਫ਼ਤਰ ਦੀ ਲਿਖਤ ਪ੍ਰਵਾਨਗੀ ਤੋਂ ਬਿਨਾਂ ਕਿਸੇ ਮੇਲੇ ਵਿਚ ਹਿੱਸੇਦਾਰੀ ਲਈ ਚੁਣਿਆ/ਸਿਫਾਰਸ਼ ਨਹੀਂ ਕੀਤਾ ਜਾਣਾ ਚਾਹੀਦਾ।

(v) ਇਸਤ੍ਰੀਆਂ ਅਤੇ ਅ.ਜਾ./ਅ.ਜ.ਜਾ./ਅ.ਪਿ.ਵ./ਘੱਟ ਗਿਣਤੀ ਵਰਗ ਦੇ ਬੁਣਕਰਾਂ ਦੀ ਲੋੜੀਂਦੀ ਅਗਵਾਈ ਨਿਸ਼ਚਿਤ ਕੀਤੀ ਜਾਣੀ ਚਾਹੀਦੀ ਹੈ। ਪਿਛਲੇ ਸਾਲਾਂ ਦੇ ਅਨੁਸਾਰ ਰਾਸ਼ਟਰੀ/ਰਾਜ ਪੱਧਰੀ ਪੁਰਸਕਾਰ ਪ੍ਰਾਪਤ ਵਿਅਕਤੀਆਂ ਦੀ ਜ਼ਿਆਦਾ ਗਿਣਤੀ ਵਿਚ ਚੋਣ ਕਰਕੇ ਹਰੇਕ ਕਲਾ ਨੂੰ ਅਗਵਾਈ ਦਿੱਤੀ ਜਾਣੀ ਚਾਹੀਦੀ ਹੈ। ਜਤਨ ਕੀਤੇ ਜਾਣੇ ਚਾਹੀਦੇ ਹਨ ਕਿ ਹਰੇਕ ਮੇਲੇ ਲਈ ਇਕੋ ਰਾਜ ਦੇ ਇਕ ਸ਼ਿਲਪ ਦੀ ਅਗਵਾਈ ਕਰਨ ਵਾਲੇ 03 ਤੋਂ ਜ਼ਿਆਦਾ ਬੁਣਕਰ ਨਾਮਜ਼ਦ ਨਾ ਕੀਤੇ ਜਾਣ ਜਿਨ੍ਹਾਂ ਵਿਚੋਂ ਵੱਧ ਤੋਂ ਵੱਧ 02 ਦੀ ਚੋਣ ਕੀਤੀ ਜਾਣੀ ਚਾਹੀਦੀ ਹੈ। ਖ਼ਤਮ ਹੋ ਰਹੇ ਜਾਂ ਲੁਪਤ ਹੋ ਰਹੇ ਸ਼ਿਲਪਾਂ ਦੀ ਰਜਿਸਟ੍ਰੇਸ਼ਨ ਲੋੜੀਂਦੀ ਗਿਣਤੀ ਵਿਚ ਕੀਤੀ ਜਾਣੀ ਚਾਹੀਦੀ ਹੈ ਅਤੇ ਸੂਚੀ ਭੇਜਦੇ ਸਮੇਂ ਇਨ੍ਹਾਂ ਦਾ ਜ਼ਿਕਰ ਸਪਸ਼ਟ ਰੂਪ ਨਾਲ ਕੀਤਾ ਜਾਣਾ ਚਾਹੀਦਾ ਹੈ। ਜਿਨ੍ਹਾਂ ਬੁਣਕਰਾਂ ਨੇ ਪਿਛਲੇ ਦੋ ਸ਼ਿਲਪ ਮੇਲਿਆਂ ਵਿਚ ਹਿੱਸਾ ਲਿਆ ਹੈ ਅਤੇ ਸ਼ੁਰੂਆਤ ਵਿਚ ਅਜਿਹੇ ਮੇਲਿਆਂ ਵਿਚ 03 ਵਾਰ ਹਿੱਸਾ ਲਿਆ ਹੈ, ਉਨ੍ਹਾਂ ਦੀ ਭਾਗੀਦਾਰੀ ਉੱਤੇ ਵਿਚਾਰ ਨਹੀਂ ਕੀਤੀ ਜਾਣਾ ਚਾਹੀਦਾ।

(vi) ਸ਼ਿਲਪਕਾਰਾਂ/ਬੁਣਕਰਾਂ ਨੂੰ ਮੇਲਾ ਸਥਾਨ ਉੱਤੇ ਆਪਣੇ ਔਜ਼ਾਰ, ਖੱਡੀਆਂ ਆਦਿ ਲਿਆਉਣੇ ਚਾਹੀਦੇ ਹਨ, ਕਿਉਂਕਿ ਸਾਰੇ ਹਿੱਸੇਦਾਰਾਂ ਲਈ ਰੋਜ਼ਾਨਾ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤਕ ਆਪਣੇ ਹੁਨਰ ਦਾ ਪ੍ਰਦਰਸ਼ਨ ਕਰਨਾ ਜ਼ਰੂਰੀ ਹੈ। ਪ੍ਰਦਰਸ਼ਨ ਕਰਨ ਵਿਚ ਅਸਮਰਥ ਰਹਿਣ ਦੀ ਸਥਿਤੀ ਵਿਚ ਸ਼ਿਲਪਕਾਰ/ਬੁਣਕਰਾ ਨੂੰ ਸਟਾਲ ਤੁਰੰਤ ਖਾਲੀ ਕਰਨਾ ਹੋਵੇਗਾ।

(vii) ਉਪਰ ਲਿਖੀ ਪ੍ਰਕ੍ਰਿਆ ਅਗਲੇ ਹੁਕਮਾਂ ਤਕ ਲਾਗੂ ਰਹੇਗੀ।

(viii) ਸਿਫਾਰਿਸ਼ ਕਰਨ ਵਾਲੇ ਅਫ਼ਸਰ (ਅਫ਼ਸਰ, ਜਿਸ ਦਾ ਅਹੁਦਾ ਸਹਾਇਕ ਨਿਦੇਸ਼ਕ ਤੋਂ ਘੱਟ ਨਾ ਹੋਵੇ) ਨੂੰ ਸ਼ਿਲਪਕਾਰ/ਬੁਣਕਰ ਤੋਂ ਵਚਨ ਲੈ ਕੇ ਉਸ ਨੂੰ ਨੱਥੀ ਕੀਤੇ ਸ਼ਿਲਪ ਮੇਲਾ ਫਾਰਮ ਵਿਚ ਪ੍ਰਮਾਣਿਤ ਕਰਨਾ ਚਾਹੀਦਾ ਹੈ।

## 3. ਕਾਰਜਕਾਰੀ ਏਜੰਸੀ

ਯੋਜਨਾ ਦੇ ਇਸ ਭਾਗ ਦਾ ਕੰਮ ਉਸ ਰਾਜ ਵਲੋਂ ਨਿਯੁਕਤ ਕੀਤੀ ਏਜੰਸੀ ਵਲੋਂ ਕੀਤਾ ਜਾਏਗਾ ਜਿੱਥੇ ਸ਼ਿਲਪ ਮੇਲੇ ਦਾ ਆਯੋਜਨ ਕੀਤਾ ਜਾਣਾ ਹੈ। ਸ਼ਿਲਪ ਮੇਲਿਆਂ ਆਯੋਜਨ ਲਈ ਕਾਰਜਕਾਰੀ ਏਜੰਸੀਆਂ ਹੇਠ ਲਿਖੀਆਂ ਹਨ :-

| | | |
|---|---|---|
| (i) | ਸੂਰਜ ਕੁੰਡ ਮੇਲਾ | ਸੂਰਜਕੁੰਡ ਮੇਲਾ ਅਥਾਰਿਟੀ, ਹਰਿਆਣਾ ਸਰਕਾਰ |
| (ii) | ਸ਼ਿਲਪਗ੍ਰਾਮ | ਸ਼ਿਲਪਗ੍ਰਾਮ ਮੇਲਾ ਅਥਾਰਿਟੀ, ਪੱਛਮੀ ਖੇਤਰ ਸਾਂਸਕ੍ਰਿਤਕ ਕੇਂਦਰ, ਸੰਸਕ੍ਰਿਤ ਵਿਭਾਗ, ਰਾਜਸਕਾਨ ਸਰਕਾਰ |
| (iii) | ਸ਼ਿਲਪਰਾਮਮ | ਨਿਯੁਕਤ ਏਜੰਸੀ, ਆਂਧਰ ਪ੍ਰਦੇਸ਼ ਸਰਕਾਰ |
| (iv) | ਤਾਜ ਮਹਾਂਉਤਸਵ | ਨਿਯੁਕਤ ਏਜੰਸੀ, ਟੂਰਿਜ਼ਮ ਵਿਭਾਗ, ਉੱਤਰ ਪ੍ਰਦੇਸ਼ ਸਰਕਾਰ |
| (v) | ਸ਼ਿਲਪਗ੍ਰਾਮ | ਕਾਰਜਕਾਰੀ ਏਜੰਸੀ, ਮੱਧ ਪ੍ਰਦੇਸ਼ ਸਰਕਾਰ |
| (vi) | ਖੇਤਰੀ ਸ਼ਿਲਪ ਮੇਲਾ | ਨਿਯੁਕਤ ਏਜੰਸੀ, ਉੜੀਸਾ ਸਰਕਾਰ |
| (vii) | ਖੇਤਰੀ ਸ਼ਿਲਪ ਮੇਲਾ | ਨਿਯੁਕਤ ਏਜੰਸੀ, ਮਹਾਂਰਾਸ਼ਟਰ ਸਰਕਾਰ |
| (viii) | ਖੇਤਰੀ ਸ਼ਿਲਪ ਮੇਲਾ | ਨਿਯੁਕਤ ਏਜੰਸੀ, ਆਂਧਰ ਪ੍ਰਦੇਸ਼ ਸਰਕਾਰ |

## 4. ਆਰਥਿਕ ਸਹਾਇਤਾ ਦੀ ਪ੍ਰਣਾਲੀ

ਭਾਰਤ ਸਰਕਾਰ ਵਲੋਂ ਸਾਜ਼ੋ-ਸਮਾਨ ਅਤੇ ਪ੍ਰਚਾਰ ਲਈ ਵੱਧ ਤੋਂ ਵੱਧ 10.00 ਲੱਖ ਰੁਪਏ ਦੀ ਸਹਾਇਤਾ ਰਕਮ ਪ੍ਰਦਾਨ ਕੀਤੀ ਜਾਏਗੀ, ਜੋ ਸੂਰਜਕੁੰਡ ਮੇਲਾ ਆਦਿ ਵਰਗੀ ਮੇਲਾ ਆਯੋਜਕ ਅਥਾਰਿਟੀ ਨੂੰ ਪ੍ਰਦਾਨ ਕੀਤੀ ਜਾਏਗੀ।

## 5. ਸ਼ਿਲਪ ਮੇਲੇ ਲਈ ਐਡਵਾਂਸ

ਭੁਗਤਾਨ ਯੋਗ ਕੁਲ ਅਨੁਮਾਨਿਤ ਰਕਮ ਵਿਚੋਂ 50% ਤਕ ਦੀ ਰਕਮ ਵਿਕਾਸ ਕਮਿਸ਼ਨਰ ਹੱਥਖੱਡੀ ਦਫ਼ਤਰ ਵਲੋਂ ਕਾਰਜਕਾਰੀ ਏਜੰਸੀ ਨੂੰ 'ਖਾਤਾ ਅਧਾਰ' 'ਤੇ ਸ਼ਿਲਪ ਮੇਲਾ ਸ਼ੁਰੂ ਹੋਣ ਤੋਂ ਘੱਟੋ-ਘੱਟ 2 ਮਹੀਨੇ ਪਹਿਲਾਂ ਦਿੱਤੀ ਜਾਏਗੀ। ਬਾਕੀ ਰਕਮ ਦੀ ਪੂਰਤੀ ਆਯੋਜਨ ਦੀ ਸਮਾਪਤੀ ਤੋਂ ਬਾਅਦ ਚਾਰਟਡ ਅਕਾਊਂਟੈਂਟ/ਸਰਕਾਰੀ ਆਡੀਟਰ ਵਲੋਂ ਵਿਧੀ ਪੂਰਵਕ ਪ੍ਰਮਾਣਿਤ ਆਡਿਟ ਰਿਪੋਰਟ ਪੇਸ਼ ਕਰਨ 'ਤੇ ਕੀਤੀ ਜਾਏਗੀ।

## 6. ਰਾਜ ਸਰਕਾਰਾਂ ਦੀ ਭੂਮਿਕਾ

(ੳ) ਰਾਜ ਸਰਕਾਰਾਂ ਤੋਂ ਕਾਰਜਕਾਰੀ ਏਜੰਸੀਆਂ ਅਤੇ ਭਾਗੀਦਾਰ ਏਜੰਸੀਆਂ ਨੂੰ ਖ਼ਾਸ ਹੱਥਖੱਡੀ ਪ੍ਰਦਰਸ਼ਨੀ ਦੇ ਆਯੋਜਨ ਵਿਚ ਉਚਿਤ ਤਰੀਕੇ ਨਾਲ ਸਹਾਇਤਾ ਕਰਨ ਅਤੇ ਹੱਥਖੱਡੀ ਉਤਪਾਦਾਂ ਦੇ ਵਪਾਰ ਨੂੰ ਵਾਧਾ ਦੇਣ ਲਈ ਵਿਕਰੀ ਉੱਤੇ ਖ਼ਾਸ ਛੂਟ ਦੇ ਭੁਗਤਾਨ, ਲੋੜੀਂਦੀ ਪ੍ਰਚਾਰ ਸਹਾਇਤਾ ਆਦਿ ਵਰਗੀ ਆਰਥਿਕ ਸਹਾਇਤਾ ਪ੍ਰਦਾਨ ਕਰਨ ਲਈ ਆਸ ਕੀਤੀ ਜਾਂਦੀ ਹੈ।

(ਅ) ਹੱਥਖੱਡੀ ਉਤਪਾਦਾਂ ਦੇ ਵਪਾਰ ਨੂੰ ਗਤੀਸ਼ੀਲ ਬਣਾਉਣ ਅਤੇ ਉਪਭੋਗਤਾਵਾਂ ਨੂੰ ਇਕੋ ਛੱਡ ਹੇਠ ਦੇਸ਼ ਦੇ ਵਿਭਿੰਨ ਭਾਗਾਂ ਦੇ ਅਸਲ ਹੱਥਖੱਡੀ ਉਤਪਾਦਾਂ ਦੀ ਖ਼ਰੀਦ ਦੀ ਸਹੂਲਤ ਪ੍ਰਾਪਤ ਕਰਾਉਣ ਲਈ ਮੇਜ਼ਬਾਨ ਰਾਜ ਤੋਂ ਵੀ ਖ਼ਾਸ ਹੱਥਖੱਡੀ ਪ੍ਰਦਰਸ਼ਨੀ ਦੇ ਉਚਿਤ ਆਯੋਜਨ ਲਈ ਸਹਾਇਤਾ ਕਰਨ ਦੀ ਆਸ ਕੀਤੀ ਜਾਂਦੀ ਹੈ।

## 7. ਹਿੱਸੇਦਾਰਾਂ ਦੀ ਭੂਮਿਕਾ

ਹਿੱਸੇਦਾਰਾਂ ਤੋਂ ਬਜ਼ਾਰ ਦੀ ਮੰਗ ਦੇ ਅਨੁਸਾਰ ਉਤਪਾਦਾਂ ਦਾ ਵਿਕਾਸ ਕਰਨ ਦੀ ਆਸ ਕੀਤੀ ਜਾਂਦੀ ਹੈ। ਹਿੱਸੇਦਾਰ ਉਪਭੋਗਤਾਵਾਂ ਨੂੰ ਛੂਟ ਵਰਗੇ ਪ੍ਰੋਤਸਾਹਨਾਂ ਦੀ ਪੇਸ਼ਕਸ਼ ਕਰਨ ਲਈ ਸੁਤੰਤਰ ਹਨ।

## 8. ਅੰਤਮ ਰਿਪੋਰਟ

ਕਾਰਜਕਾਰੀ ਏਜੰਸੀ ਨੂੰ ਹਿੱਸੇਦਾਰਾਂ ਦਾ ਰਾਜ ਅਨੁਸਾਰ, ਸ਼ਿਲਪ ਅਨੁਸਾਰ ਵੇਰਵਾ ਅਤੇ ਵਿਕਰੀ ਦੇ ਅੰਕੜੇ ਅਤੇ ਸਾਜ਼ੋ-ਸਮਾਨ ਤੇ ਪ੍ਰਚਾਰ ਉੱਤੇ ਕੀਤੇ ਗਏ ਅਸਲ ਖ਼ਰਚ ਦਾ ਵੇਰਵਾ ਪੇਸ਼ ਕਰਨਾ ਹੋਵੇਗਾ।

**ਸ਼ਿਲਪ ਮੇਲੇ ਲਈ ਫਾਰਮ**

## ਸ਼ਿਲਪ ਮੇਲਿਆਂ ਲਈ ਬੁਣਕਰਾਂ ਦਾ ਜੀਵਨ ਵੇਰਵਾ

ਸ਼ਿਲਪ ਦਾ ਨਾਂ ................................ ਸਿਫਾਰਸ਼ ਕਰਨ ਵਾਲੇ ਅਫ਼ਸਰ

ਰਜਿਸਟ੍ਰੇਸ਼ਨ ਨੰ. .............................. ਵਲੋਂ ਵਿਧੀ ਪੂਰਵਕ ਤਸਦੀਕ ਕੀਤੀ ਫੋਟੋ

ਬੁਣਕਰ ਦਾ ਨਾਂ ਅਤੇ ਪੂਰਾ ਪਤਾ ................................................................................

................................................................................

ਪਿਤਾ/ਪਤੀ ਦਾ ਨਾਂ ................................................................................

ਬੁਣਕਰ ਦੀ ਉਮਰ/ਜਨਮ ਮਿਤੀ ................................................................................

ਕੀ ਅ.ਜਾ/ਅ.ਜ.ਜਾ./ਅ.ਪਿ.ਵ/ਅਪਾਹਜ ਹੈ ................................................................................

ਕੀ ਰਾਸ਼ਟਰੀ/ਰਾਜ ਪੱਧਰੀ ਪੁਰਸਕਾਰ ਪ੍ਰਾਪਤ/

ਮੈਰਿਟ ਪ੍ਰਮਾਣ ਪੱਤਰ ਧਾਰਕ ਹਨ ................................................................................

ਪਰਿਵਾਰ ਵਿਚ ਨਿਯੋਜਿਤ ਵਿਅਕਤੀਆਂ, ਜੇਕਰ ਕੋਈ ਹੋਣ, ਦੀ ਗਿਣਤੀ ........................................

ਉਤਪਾਦਿਤ ਵਸਤੂਆਂ ਦਾ ਵੇਰਵਾ :

| ਵਸਤੂ (ਮਾਤਰਾ) | ਲਗਭਗ ਕੀਮਤ | ਸਾਲਾਨਾ ਉਤਪਾਦਨ |
|---|---|---|
| ................ | ................. | ....................... |

ਵਸਤੂਆਂ ਦੀ ਕੁਲ ਮਾਤਰਾ, ਜੋ ਵਿਕਰੀ ਲਈ ਸ਼ਿਲਪ ਮੇਲਿਆਂ ਵਿਚ ਲਿਆਂਦੀ ਜਾ ਸਕਦੀ ਹੈ ...............

ਕੀ ਵਿਕਾਸ ਕਮਿਸ਼ਨਰ (ਹੱਥਖੱਡੀ) ਦਫ਼ਤਰ ਦੇ ਕਿਸੇ ਸ਼ਿਲਪ ਮੇਲੇ ਵਿਚ ਜਾਂ ਦਿੱਲੀ ਹਾਟ ਵਿਚ ਜਾਂ ਵਿਅਕਤੀਗਤ ਤੌਰ ਤੇ ਹਿੱਸਾ ਲਿਆ ਹੈ ....................................................

ਕੀ ਉਪਰੋਕਤ ਆਯੋਜਨ ਵਿਚ ਕਿਸੇ ਬੁਣਕਰ ਸਹਿਕਾਰੀ ਸੁਸਾਇਟੀ ਦੇ ਮੈਂਬਰ ਦੇ ਰੂਪ ਵਿਚ ਹਿੱਸਾ ਲਿਆ ਹੈ ਜੇਕਰ ਹਾਂ, ਤਾਂ ਸੁਸਾਇਟੀ ਦਾ ਨਾਂ .......................................

ਕੁਲ ਤਜ਼ਰਬਾ

(ਕ) ਹੱਥਖੱਡੀ ਵਿਚ ........................

(ਚ) ਹੋਰ ਹੁਨਰ ਵਿਚ .....................

ਬੁਣਕਰ ਦਾ ਨਾਂ ਅਤੇ ਦਸਤਖ਼ਤ ..................................

ਸਿਫਾਰਸ਼ ਕਰਨ ਵਾਲੇ ਅਫ਼ਸਰ ਦੇ ਦਸਤਖ਼ਤ

ਨਾਂ ਅਤੇ ਅਹੁਦਾ, ਦਫ਼ਤਰ ਮੋਹਰ ਸਹਿਤ

## ਬੁਣਕਰ ਵਲੋਂ ਵਚਨ

ਮੈਂ ............................................ ਪੁੱਤਰ/ਪੁੱਤਰੀ/ਪਤਨੀ .................................................... (ਪੂਰਾ ਪਤਾ) ਆਪਣੇ ਘਰ ’ਚ ........................................................................................ (ਸ਼ਿਲਪ ਦਾ ਵੇਰਵਾ) ਦਾ ਉਤਪਾਦਨ ਕਰ ਰਿਹਾ ਹਾਂ। ਮੈਂ ਸਿਰਫ਼ ਹੱਥਖੱਡੀ ਪੱਖ ਤੋਂ ਹਿੱਸਾ ਲਵਾਂਗਾ। ਮੈਂ ਦਿਸ਼ਾ-ਨਿਰਦੇਸ਼ਾਂ ’ਚ ਦੱਸੀਆਂ ਸ਼ਰਤਾਂ ਅਤੇ ਨਿਯਮਾਂ ਦਾ ਪਾਲਨ ਕਰਨ ਦਾ ਵਚਨ ਦੇਂਦਾ ਹਾਂ।

(ਬੁਣਕਰ ਦਾ ਨਾਮ ਅਤੇ ਦਸਤਖ਼ਤ)
ਪੂਰਾ ਪਤਾ

## ਸਿਫਾਰਸ਼ ਕਰਨ ਵਾਲੇ ਅਫ਼ਸਰ ਵਲੋਂ ਵਚਨ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਸ੍ਰੀ/ਸ੍ਰੀਮਤੀ/ਕੁਮਾਰੀ ....................................................... ਨਿਵਾਸੀ ......................................................................................... ਇਕ ਵਾਸਤਵਿਕ ਬੁਣਕਰ ਹਨ ਅਤੇ ................................................................. ਸ਼ਿਲਪ ਦਾ ਕੰਮ ਕਰਦੇ ਹਨ। ਇਹ ਵੀ ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਸ੍ਰੀ/ਸ੍ਰੀਮਤੀ/ਕੁਮਾਰੀ ............................................................ ਨੇ ਪਿਛਲੇ ਸਾਲ ਮਿਤੀ ................ ਤੋਂ ................................... ਤਕ ਦਿੱਲੀ ਹਾਟ/ਸ਼ਿਲਪ ਮੇਲੇ ਵਿਚ ਹਿੱਸਾ ਲਿਆ ਸੀ।

**ਇਹ ਵੀ ਪ੍ਰਮਾਣਿਤ ਕੀਤਾ ਜਾਂਦਾ ਹੈ ਕਿ :-**

**(i) ਸ਼ਿਲਪਕਾਰਾਂ/ਬੁਣਕਰਾਂ ਵਲੋਂ ਆਪਣੇ ਜੀਵਨ ਵੇਰਵੇ ਵਿਚ ਦੱਸੇ ਨਾਮ, ਪਤੇ ਅਤੇ ਹੁਨਰ ਵਾਸਤਵਿਕ ਹਨ ਅਤੇ**

**(ii) ਰਜਿਸਟ੍ਰੇਸ਼ਨ ਵਾਸਤਵਿਕ ਬੁਣਕਰਾਂ ਦੇ ਹਨ ਨਾ ਕਿ ਵਪਾਰੀਆਂ/ਵਿਚੋਲਿਆਂ ਦੇ**

**ਸਿਫਾਰਸ਼ ਕਰਨ ਵਾਲੇ ਅਫ਼ਸਰ ਦੇ ਦਸਤਖ਼ਤ**
**ਨਾਮ, ਅਹੁਦਾ ਅਤੇ ਦਫ਼ਤਰ ਦੀ ਮੋਹਰ**

**ਪਰਿਸ਼ਿਸ਼ਟ-V**

# ਵਪਾਰ ਅਤੇ ਨਿਰਯਾਤ ਵਿਕਾਸ ਯੋਜਨਾ

**ਵਪਾਰ ਵਿਕਾਸ ਦਾ ਘਟਕ : ਸ਼ਹਿਰੀ ਹਾਟ**

## ਸ਼ਹਿਰੀ ਹਾਟਾਂ ਦੇ ਸਬੰਧ ਵਿਚ ਆਰਥਿਕ ਪੋਸ਼ਣ ਪ੍ਰਣਾਲੀ ਲਈ ਵਿਸਤ੍ਰਿਤ ਦਿਸ਼ਾ-ਨਿਰਦੇਸ਼

### 1. ਉਦੇਸ਼ :

ਦੇਸ਼ ਦੀਆਂ ਪ੍ਰਮੁੱਖ ਥਾਵਾਂ 'ਤੇ ਸ਼ਹਿਰੀ ਹਾਟਾਂ ਦੀ ਸਥਾਪਨਾ ਦੀ ਯੋਜਨਾ ਸਾਲ 1997-98 ਵਿਚ ਲਾਗੂ ਕੀਤੀ ਗਈ ਸੀ। ਭਾਗੀਦਾਰ ਸ਼ਿਲਪਕਾਰ/ਬੁਣਕਰ ਇਥੋਂ ਆਪਣੇ ਹਸਤਸ਼ਿਲਪ/ਹੱਥਖੱਡੀ ਉਤਪਾਦਾਂ ਦੀ ਵਿਕਰੀ ਸਿੱਧੀ ਗਾਹਕਾਂ ਨੂੰ ਕਰਨਗੇ। ਇੱਥੇ ਸ਼ਿਲਪਕਾਰਾਂ/ਬੁਣਕਰਾਂ ਨੂੰ ਪ੍ਰਤੱਖ ਵਪਾਰ ਸਹੂਲਤਾਂ ਪ੍ਰਾਪਤ ਹੋਣਗੀਆਂ ਅਤੇ ਵਿਚੋਲੀਆ ਏਜੰਸੀਆਂ ਨੂੰ ਹਟਾ ਦਿੱਤਾ ਜਾਏਗਾ। ਹਾਟ ਦੀ ਹੋਰ ਵਿਸ਼ੇਸ਼ਵਾ ਇਹ ਹੈ ਕਿ ਇੱਥੇ ਲੋੜੀਂਦੀ ਗਿਣਤੀ ਵਿਚ ਅਜਿਹੇ ਸਟਾਲ ਹੋਣਗੇ, ਜਿਨ੍ਹਾਂ ਵਿਚ ਦੇਸ਼ ਦੇ ਵਿਭਿੰਨ ਹਿੱਸਿਆਂ ਦੇ ਖ਼ਾਸ ਵਿਅੰਜਨਾਂ ਦੀ ਵਿਕਰੀ ਵਾਰੀ-ਵਾਰੀ ਕੀਤੀ ਜਾਏਗੀ। ਆਪਣੀ ਹੋਂਦ ਵਿਚ ਆਉਣ ਤੋਂ ਬਾਅਦ ਕੁਝ ਕੁ ਸਾਲਾਂ ਵਿਚ ਹੀ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਦਿੱਲੀ ਹਾਟ ਵਾਂਗ ਫੂਡ ਐਂਡ ਕਰਾਫ਼ਟ ਬਾਜ਼ਾਰ ਵਿਚ ਸਵਦੇਸ਼ੀ ਅਤੇ ਅੰਤਰਰਾਸ਼ਟਰੀ ਟੂਰਿਸਟਾਂ ਦੋਹਾਂ ਨੂੰ ਛੁੱਟੀ ਦੇ ਪਲਾਂ ਦਾ ਅਨੰਦ ਮਾਨਣ ਲਈ ਮਨੋਰੰਜਨ ਦੀਆਂ ਸਹੂਲਤਾਂ ਪ੍ਰਾਪਤ ਹੋਣਗੀਆਂ।

### 2. ਯੋਗਤਾ :

ਇਹ ਯੋਜਨਾ ਰਾਜ ਹਸਤਸ਼ਿਲਪ/ਹੱਥਖੱਡੀ ਵਿਕਾਸ ਨਿਗਮਾਂ/ਰਾਜ ਟੂਰਿਸਟ ਵਿਕਾਸ ਨਿਗਮਾਂ ਦੇ ਮਾਧਿਅਮ ਨਾਲ ਜਾਂ ਕਿਸੇ ਰਾਜ ਸਰਕਾਰ ਏਜੰਸੀ ਜੋ ਸ਼ਹਿਰੀ ਹਾਟ ਪਰਿਯੋਜਨਾ ਦੀ ਸਥਾਪਨਾ ਲਈ ਉਤਸਾਹ ਅਤੇ ਪ੍ਰਦਰਸ਼ਨ ਆਰਥਿਕ ਸਮਰੱਥਾ ਦਰਸਾਏ ਅਤੇ ਪਰਿਯੋਜਨਾ ਨੂੰ ਚਲਾਉਣ ਲਈ ਲੋੜੀਂਦੇ ਆਰਥਿਕ ਸਾਧਨ ਅਤੇ ਸੰਗਠਨਾਤਮਕ ਸਮਰੱਥਾ ਵਾਲੀ ਹੋਵੇ, ਦੇ ਮਾਧਿਅਮ ਨਾਲ ਇਸ ਯੋਜਨਾ ਨੂੰ ਚਲਾਇਆ ਜਾਏਗਾ।

### 3. ਸਥਾਨ :

ਸ਼ਹਿਰੀ ਹਾਟ ਦੀ ਸਥਾਪਨਾ ਸਬੰਧਤ ਰਾਜ ਸਰਕਾਰ ਦੀ ਸਲਾਹ ਅਨੁਸਾਰ ਸ਼ਹਿਰੀ ਖੇਤਰ ਵਿਚ ਮੌਕੇ ਦੇ ਸਥਾਨ 'ਤੇ ਕੀਤੀ ਜਾਏਗੀ। ਇਸ ਖੇਤਰ ਦੇ ਵਿਕਾਸ ਹਾਟ ਲਈ ਉਚਿਤ ਵਾਤਾਵਰਣ ਦੇ ਅਨੁਸਾਰ ਕੀਤਾ ਜਾਣਾ ਚਾਹੀਦਾ ਹੈ ਜਿਸ ਵਿਚ ਹਾਟ ਦੇ ਚਾਰੇ ਪਾਸੇ ਹਰਾ-ਭਰਾ ਅਤੇ ਖੁੱਲ੍ਹਾ ਥਾਂ ਹੋਣਾ ਚਾਹੀਦਾ ਹੈ। ਹਾਟ ਦਾ ਖੇਤਰ ਜਗ੍ਹਾ ਦੀ ਪ੍ਰਾਪਤੀ ਦੇ ਅਨੁਸਾਰ ਵੱਖਰਾ-ਵੱਖਰਾ ਹੋ ਸਕਦਾ ਹੈ। ਫਿਰ ਵੀ ਇਹ 18000 ਵਰਗ ਮੀਟਰ ਤੋਂ ਘੱਟ ਨਹੀਂ ਹੋਣਾ ਚਾਹੀਦਾ। ਉਚਿਤ ਸਥਾਨ ਅਤੇ ਵਿਕਸਿਤ ਜ਼ਮੀਨ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ ਸਬੰਧਤ ਰਾਜ/ਕਾਰਜਕਾਰੀ ਏਜੰਸੀ ਦੀ ਹੋਵੇਗੀ। ਜ਼ਮੀਨ ਦੀ ਮਾਲਕੀ ਸਪਸ਼ਟ ਰੂਪ ਨਾਲ ਕਾਰਜਕਾਰੀ ਏਜੰਸੀ ਦੇ ਨਾਂ ਹੋਣੀ ਚਾਹੀਦੀ ਹੈ ਅਤੇ ਇਹ ਹਰ ਤਰ੍ਹਾਂ ਨਾਲ ਭਾਰ ਮੁਕਤ ਹੋਣੀ ਚਾਹੀਦੀ ਹੈ।

### 4. ਡਿਜ਼ਾਇਨ ਸਬੰਧੀ ਧਾਰਨਾ :

ਇਸ ਖੇਤਰ ਨੂੰ ਇਕ ਪਾਰਕ ਵਾਂਗ ਵਿਕਸਿਤ ਕੀਤਾ ਜਾਏਗਾ, ਜਿਸ ਵਿਚ ਬਣਿਆ ਖੇਤਰ, ਕੁਲ ਖੇਤਰ ਭਾਵ 18000 ਵਰਗ ਮੀਟਰ ਦੇ 10% ਤਕ ਸੀਮਤ ਰਹੇਗਾ। ਦੁਕਾਨਾਂ/ਸਟਾਲ ਚਬੂਤਰੇ ਉਪਰ ਬਣਾਏ ਜਾਣਗੇ, ਜੋ ਹਾਟ ਦੇ ਡਿਜ਼ਾਇਨ ਨਾਲ ਸਬੰਧਤ ਹੋਣਗੇ। ਦੁਕਾਨਾਂ ਦੇ ਵਿਚਕਾਰ ਖ਼ਾਲੀ ਥਾਂ ਨੂੰ ਸੁੰਦਰ ਬਣਾਉਣ ਲਈ ਕਿਧਰੇ ਪੱਥਰ ਜੜ੍ਹ ਕੇ ਤੇ ਕਿਧਰੇ ਨਰਮ ਘਾਹ ਲਗਾਇਆ ਜਾਏਗਾ। ਸਾਰੇ ਅਹਾਤੇ ਦਾ ਡਿਜ਼ਾਇਨ ਆਸ-ਪਾਸ ਦੇ ਵਾਤਾਵਰਣ ਨਾਲ ਮਿਲਦਾ-ਜੁਲਦਾ ਹੋਵੇਗਾ। ਸਟਾਲਾਂ ਦੇ ਨਿਰਮਾਣ ਵਿਚ ਸਥਾਨਕ ਨਿਰਮਾਣ ਕਲਾ ਨਜ਼ਰ ਆਏਗੀ। ਸਟਾਲਾਂ ਦਾ ਆਕਾਰ ਆਮ ਤੌਰ ਤੇ ਘੱਟੋ-ਘੱਟ 10 ਫੁੱਟ 8 ਫੁੱਟ ਹੋਵੇਗਾ ਅਤੇ ਪ੍ਰਦਰਸ਼ਨ ਥਾਂ ਤੇ ਘੱਟੋ-ਘੱਟ 40-50 ਸ਼ਿਲਪਕਾਰਾਂ/ਬੁਣਕਰਾਂ ਦੇ ਉਤਪਾਦਾਂ ਦੇ ਪ੍ਰਦਰਸ਼ਨ ਦੀ ਸਮਰੱਥਾ ਹੋਵੇਗੀ। ਔਰਤਾਂ ਅਤੇ ਪੁਰਸ਼ਾਂ ਦੇ ਰਹਿਣ ਲਈ ਅਲੱਗ-ਅਲੱਗ ਕਮਰੇ ਬਣਾਏ ਜਾਣਗੇ।

ਇਸ ਅਹਾਤੇ ਵਿਚ ਸਾਂਸਕ੍ਰਿਤਕ ਪ੍ਰੋਗਰਾਮਾਂ, ਲਲਿਤ ਕਲਾਵਾਂ ਦੇ ਮੰਚਨ ਅਤੇ ਪ੍ਰਦਰਸ਼ਨੀਆਂ ਦੇ ਆਯੋਜਨ ਲਈ ਉਚਿਤ ਢਾਂਚੇ ਵੀ ਬਣਾਏ ਜਾਣਗੇ। ਮਨੋਰੰਜਨ ਅਤੇ ਘੁੰਮਣ-ਫਿਰਨ ਲਈ ਉਚਿਤ ਵਾਤਾਵਰਣ ਦੀ ਸਿਰਜਣਾ ਕਰਦੇ ਹੋਏ ਸਾਰੇ ਖੇਤਰ ਦੀ ਵਿਆਪਕ ਲੈਂਡ ਸਕੇਪਿੰਗ ਕੀਤੀ ਜਾਏਗੀ।

ਇੱਥੇ 40-50 ਸਟਾਲ ਬਣਾਉਣ ਦੀ ਯੋਜਨਾ ਹੈ, ਇੱਥੋਂ ਸ਼ਿਲਪਕਾਰ/ਬੁਣਕਰ ਆਪਣੀਆਂ ਵਸਤੂਆਂ ਗਾਹਕਾਂ ਨੂੰ ਸਿੱਧੇ ਵੇਚ ਸਕਣ। ਸਟਾਲ ਪ੍ਰਤੀਦਿਨ ਅਧਾਰ ਤੇ ਕਿਰਾਏ ਲਈ ਉਪਲਬਧ ਹੋਣਗੇ। ਹਾਟ ਦੇ ਖਾਣ-ਪੀਣ ਵਾਲੇ ਖੇਤਰ ਵਿਚ 5-7 ਸਟਾਲ ਹੋਣਗੇ ਜਿਨ੍ਹਾਂ ਵਿਚ ਪਲੰਬਿੰਗ, ਕਾਊਂਟਰ ਅਤੇ ਰਸੋਈ ਦਾ ਸਮਾਨ ਰਖਣ ਲਈ ਉਚਿਤ ਸਥਾਨ ਪ੍ਰਾਪਤ ਹੋਵੇਗਾ।

ਰਾਜ ਦਿਵਸਾਂ ਅਤੇ ਹੋਰ ਪ੍ਰਦਰਸ਼ਨੀਆਂ ਦੇ ਆਯੋਜਨਾਂ ਲਈ ਇਸ ਹਾਟ ਵਿਚ 2 ਪ੍ਰਦਰਸ਼ਨੀ ਹਾਲਾਂ/ਮਿਊਜ਼ਿਅਮਾਂ ਦਾ ਪ੍ਰਬੰਧ ਵੀ ਹੋਵੇਗਾ। ਬਾਹਰੋਂ ਆਉਣ ਵਾਲੇ ਸ਼ਿਲਪਕਾਰਾਂ/ਬੁਣਕਰਾਂ ਦੇ ਰਹਿਣ ਲਈ ਕਮਰਿਆਂ ਦਾ ਪ੍ਰਬੰਧ ਵੀ ਕੀਤਾ ਜਾਏਗਾ।

ਦੋਵੇਂ ਤਰ੍ਹਾਂ ਦੇ ਸਟਾਲ ਨਾਂ-ਮਾਤਰ ਦੇ ਰੋਜ਼ਾਨਾ ਦੇ ਕਿਰਾਏ 'ਤੇ ਰੋਟੇਸ਼ਨ ਦੇ ਅਧਾਰ ਤੇ ਪੰਦਰਾਂ ਦਿਨਾਂ ਲਈ ਦਸਤਕਾਰਾਂ/ਬੁਣਕਰਾਂ/ਰਾਜ ਹਸਤਸ਼ਿਲਪ ਅਤੇ ਹੱਥਖੱਡੀ ਨਿਗਮਾਂ/ਗੈਰ ਸਰਕਾਰੀ ਸੰਗਠਨਾਂ/ਟੂਰਿਸਟ ਨਿਗਮਾਂ ਨੂੰ ਦਿੱਤੇ ਜਾਣਗੇ। ਸਟਾਲਾਂ ਦੇ ਅਲਾਟਮੈਂਟ ਦੀ ਪ੍ਰਣਾਲੀ ਪਾਰਦਰਸ਼ੀ ਹੋਵੇਗੀ ਤਾਂਕਿ ਦਸਤਕਾਰ/ਸ਼ਿਲਪਕਾਰ ਇਨ੍ਹਾਂ ਦਾ ਪ੍ਰਯੋਗ ਕਰ ਸਕਣ। ਇਨ੍ਹਾਂ ਹਾਟਾਂ ਵਿਚ ਸਟਾਲ ਦਾ ਅਲਾਟਮੈਂਟ ਵਪਾਰੀਆਂ ਅਤੇ ਵਿਚੋਲਿਆਂ ਨੂੰ ਨਹੀਂ ਕੀਤਾ ਜਾਏਗਾ। ਸ਼ਿਲਪਕਾਰਾਂ/ਬੁਣਕਰਾਂ ਅਤੇ ਸੰਗਠਨਾਂ ਦੀ ਚੋਣ ਸਬੰਧੀ ਸਥਾਨਕ ਹਾਟ ਪ੍ਰਬੰਧਕ ਕਮੇਟੀ ਵਲੋਂ ਕੀਤੀ ਜਾਏਗੀ। ਹਾਟ ਵਿਚ ਇਕ ਯਾਦ ਚਿੰਨ੍ਹ ਦੁਕਾਨ ਅਤੇ ਹਾਟ ਦੀ ਪ੍ਰਸ਼ਾਸਨਿਕ ਜ਼ਰੂਰਤਾਂ ਦੀ ਪੂਰਤੀ ਲਈ ਦਰਮਿਆਨੇ ਆਕਾਰ ਦਾ ਇਕ ਬੈਠਕ ਕਮਰਾ ਹੋਵੇਗਾ।

## 5. ਪਰਿਯੋਜਨਾ ਦਾ ਲਗਭਗ ਅਨੁਮਾਨ :

ਇਸ ਪਰਿਯੋਜਨਾ ਦੀ ਅਨੁਮਾਨਿਤ ਲਾਗਤ 30.00 ਕਰੋੜ ਰੁਪਏ ਹੈ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

(ਲੱਖ ਰੁਪਏ 'ਚ)

| ਕ੍ਰ. ਨੰ. | ਆਈਟਮ | ਪ੍ਰਸਤਾਵਿਕ ਅਨੁਮਾਨਿਤ ਲਾਗਤ |
|---|---|---|
| 1. | ਸਥਾਨ ਦਾ ਵਿਕਾਸ | 50.00 |
| 2. | ਬਿਲਡਿੰਗ | 150.00 |
| 3. | ਸੈਨੇਟਰੀ ਜਲ ਸਪਲਾਈ | 18.00 |
| 4. | ਇਲੈਕ੍ਟ੍ਰੀਕਲਸ | 10.00 |
| 5. | ਯੰਤਰ ਅਤੇ ਮਸ਼ੀਨਰੀ | 24.00 |
| 6. | ਫਰਨੀਚਰ ਅਤੇ ਜੁੜਨਾਰ | 06.00 |
| 7. | ਗੱਡੀ | 04.00 |
| 8. | ਪ੍ਰਚਾਲਨ ਸਪਲਾਈ | 05.00 |
| 9. | ਪ੍ਰਚਾਲਨ ਤੇ ਪੂਰਬਲਾ ਅਤੇ ਸੰਗਠਨਾਤਮਕ ਖ਼ਰਚ | 06.00 |
| 10. | ਤਕਨੀਕੀ ਸਲਾਹ ਦੀ ਫੀਸ | 04.00 |
| 11. | ਐਮਰਜੈਂਸੀ ਖ਼ਰਚ 10% | 21.00 |
| 12. | ਕਾਰਜਸ਼ੀਲ ਪੂੰਜੀ ਮਾਰਜਨ | 02.00 |
| | ਕੁਲ | 300.00 |

## 6. ਆਰਥਿਕ ਪੋਸ਼ਣ ਪ੍ਰਣਾਲੀ

ਪਰਿਯੋਜਨਾ ਦੀ ਪੂੰਜੀ ਲਾਗਤ ਜੋ 300.00 ਲੱਖ ਰੁਪਏ ਅਨੁਮਾਨਿਤ ਹੈ, ਦਾ ਆਰਥਿਕ ਪੋਸ਼ਣ ਇਸ ਤਰ੍ਹਾਂ ਕੀਤਾ ਜਾਏਗਾ :-

| | | |
|---|---|---|
| ਕੱਪੜਾ ਮੰਤਰਾਲਾ<br>ਭਾਰਤ ਸਰਕਾਰ | 70% (ਭਾਵ 35% ਵਿਕਾਸ ਕਮਿਸ਼ਨਰ (ਹੱਥਖੱਡੀ) ਵਲੋਂ ਅਤੇ 35% ਵਿਕਾਸ ਕਮਿਸ਼ਨਰ (ਹਸਤਸ਼ਿਲਪ) ਵਲੋਂ) | 210.00 ਲੱਖ ਰੁਪਏ ਦੀ ਰਕਮ ਵਿਕਾਸ ਕਮਿਸ਼ਨਰ (ਹੱਥਖੱਡੀ) ਅਤੇ ਵਿਕਾਸ ਕਮਿਸ਼ਨਰ (ਹਸਤਸ਼ਿਲਪ) ਵਲੋਂ ਬਰਾਬਰ-ਬਰਾਬਰ ਖ਼ਰਚ ਕੀਤੀ ਜਾਏਗੀ। |
| ਰਾਜ ਸਰਕਾਰ | 30% | 90.00 ਲੱਖ ਰੁਪਏ |

(ਕ) ਕੇਂਦਰੀ ਸਹਾਇਤਾ 2.10 ਕਰੋੜ ਰੁਪਏ ਪ੍ਰਤੀ ਹਾਟ ਤਕ ਸੀਮਤ ਰਖੀ ਜਾਏਗੀ ਅਤੇ ਲਾਗਤ ਵਿਚ ਹੋਣ ਵਾਲਾ ਵਾਧਾ ਰਾਜ ਸਰਕਾਰ/ਕਾਰਜਕਾਰੀ ਏਜੰਸੀ ਵਲੋਂ ਖ਼ਰਚ ਕੀਤਾ ਜਾਏਗਾ।

(ਖ) ਉਪਰੋਕਤ ਤੋਂ ਇਲਾਵਾ ਜੇਕਰ ਕਾਰਜਕਾਰੀ ਏਜੰਸੀ ਵਲੋਂ ਜ਼ਰੂਰੀ ਹੋਵੇ ਤਾਂ ਪਰਿਯੋਜਨਾ ਦੇ ਪ੍ਰਚਾਰ ਲਈ ਕੱਪੜਾ ਮੰਤਰਾਲਾ, ਭਾਰਤ ਸਰਕਾਰ ਪਹਿਲੇ ਸਾਲ 15.00 ਲੱਖ ਰੁਪਏ ਅਤੇ ਦੂਸਰੇ ਸਾਲ 10.00 ਲੱਖ ਰੁਪਏ ਦੀ ਇਕੋ ਵਾਰ ਦੀ ਸਹਾਇਤਾ ਦਿੱਤੀ ਜਾਏਗੀ।

## 7. ਪਹਿਲੇ ਸਾਲ ਦੀ ਆਮਦਨ ਦੇ ਅਨੁਮਾਨਿਤ ਸਰੋਤ

### 1. ਦਸਤਕਾਰਾਂ/ਬੁਣਕਰਾਂ ਤੋਂ ਕਿਰਾਇਆ ਆਮਦਨ

| | | |
|---|---|---|
| i. | ਦਸਤਕਾਰ/ਬੁਣਕਰ ਪ੍ਰਤੀ ਪੰਦਰਾਂ ਦਿਨ | 40 (ਔਸਤ ’ਤੇ) |
| ii. | ਹਰ ਰੋਜ਼ ਦਾ ਖ਼ਰਚ | 50.00/-ਰੁ. |
| iii. | ਕੁਲ ਖ਼ਰਚ ਹਰ ਰੋਜ਼ | 40 x 50 = 2,000/-ਰੁ. |
| iv. | ਸਾਲਾਨਾ ਆਮਦਨ | 365 x 2000 = 7,30,000/- |
| v. | ਛੱਡ ਕੇ ਜਾਣ ਵਾਲੇ 10% ਸੰਭਾਵਤ | 73,000/-ਰੁ. |
| | ਕੁਲ ਆਮਦਨ | 6,75,000/-ਰੁ. |

### 2. ਪ੍ਰਦਰਸ਼ਨੀ ਹਾਲ ਤੋਂ ਆਮਦਨ

| | | |
|---|---|---|
| i. | 2 ਪ੍ਰਦਰਸ਼ਨੀ ਹਾਲਾਂ ਲਈ ਫੀਸ ਇਕ ਹਾਲ ਲਈ 1,500/- ਰੁਪਏ ਦੀ ਦਰ ਨਾਲ | 3,000/-ਰੁ. |
| ii. | ਜੇਕਰ ਇਹ ਸਾਲ ਵਿਚ 100 ਦਿਨ ਭਰਿਆ ਰਹਿੰਦਾ ਹੈ, ਤਾਂ ਸਾਲਾਨਾ ਆਮਦਨ | 3,00,000/-ਰੁ. |

### 3. ਖਾਣ-ਪੀਣ ਵਾਲੇ ਸਟਾਲਾਂ ਤੋਂ ਆਮਦਨ

| | | |
|---|---|---|
| i. | ਦਰ ਪ੍ਰਤੀ ਮਹੀਨਾ | 5,000/-ਰੁ. |
| ii. | ਖਾਣ-ਪੀਣ ਦੇ ਸਟਾਲਾਂ ਦੀ ਗਿਣਤੀ | 05 |
| iii. | ਪ੍ਰਤੀ ਮਹੀਨਾ ਆਮਦਨ | 25,000/-ਰੁ. |
| iv. | ਇਕ ਸਾਲ ’ਚ 10 ਮਹੀਨੇ ਦੀ ਅਨੁਮਾਨਿਤ ਕਿਰਾਏ ਤੋਂ ਕੁਲ ਆਮਦਨ | 2,50,000/-ਰੁ. |

## 4. ਦਾਖ਼ਲਾ ਟਿਕਟਾਂ ਤੋਂ ਆਮਦਨ

ਇਹ ਮੰਨਦੇ ਹੋਏ ਕਿ ਹਾਟ ਵਿਚ 3 ਰੁਪਏ ਦੀ ਦਰ ਨਾਲ ਦਾਖ਼ਲਾ ਟਿਕਟ ਲੈ ਕੇ ਇਕ ਦਿਨ ਵਿਚ ਔਸਤਨ 500 ਵਿਜ਼ੀਟਰ ਆਉਣਗੇ ਅਤੇ ਇਹ ਮੰਨਦੇ ਹੋਏ ਕਿ 200 ਦਿਨਾਂ ਵਿਚ 500 ਵਿਜ਼ੀਟਰ ਆਉਣਗੇ — 3,00,000/- ਰੁਪਏ

## 5. ਹੋਰ ਆਮਦਨ

ਗੱਡੀਆਂ ਦੀ ਪਾਰਕਿੰਗ ਟਿਕਟ, ਸ਼ਿਲਪਕਾਰਾਂ/ਬੁਣਕਰਾਂ ਨੂੰ ਖੁੱਲ੍ਹੀਆਂ ਥਾਵਾਂ ਦੀ ਅਲਾਟਮੈਂਟ, ਸਾਂਸਕ੍ਰਿਤਕ ਪ੍ਰੋਗਰਾਮ ਅਤੇ ਯਾਦ-ਚਿੰਨ੍ਹ ਦੁਕਾਨ ਤੋਂ — 1,50,000/-ਰੁਪਏ

## 6. ਕੁਲ ਅਨੁਮਾਨਿਤ ਸਾਲਾਨਾ ਆਮਦਨ — 16,50,000/-ਰੁਪਏ

## 7. ਕੁਲ ਖ਼ਰਚ ਦਾ ਅੰਦਾਜ਼ਾ

ਹਾਟ ਦੇ ਪ੍ਰਬੰਧਨ ਦੀ ਜ਼ਿੰਮੇਵਾਰੀ ਮੇਜ਼ਬਾਨ ਏਜੰਸੀ ਦੀ ਹੋਵੇਗੀ। ਇਸ ਸਬੰਧ ਵਿਚ ਕੁਲ ਖ਼ਰਚ ਦਾ ਅੰਦਾਜ਼ਾ ਹੇਠ ਲਿਖੇ ਅਨੁਸਾਰ ਹੈ :-

| I | ਤਨਖ਼ਾਹ | ਨੰ. | ਹਰ ਮਹੀਨੇ (ਰੁਪਏ) | ਸਾਲਾਨਾ (ਰੁਪਏ) |
|---|---|---|---|---|
| i. | ਪ੍ਰਬੰਧਕ | 01 | 6000/- ਪ੍ਰਤੀ ਮਹੀਨਾ | 72,000/- |
| ii. | ਉਪ-ਪ੍ਰਬੰਧਕ | 02 | 4500 ਘ 2 ਪ੍ਰਤੀ ਮਹੀਨਾ | 1,08,000/- |
| iii. | ਯੁਟੀਲਿਟੀ ਵਰਕਰ | 05 | 2000 ਘ 5 ਪ੍ਰਤੀ ਮਹੀਨਾ | 1,20,000/- |
| iv. | ਅਕਾਊਂਟੈਂਟ/ਸਹਾਇਕ | 01 | 4000/- ਪ੍ਰਤੀ ਮਹੀਨਾ | 48,000/- |
| v. | ਇਲੈਕਟ੍ਰੀਕਲ/ਦੇਖਰੇਖ ਸਹਾਇਕ | 01 | 2500/- ਪ੍ਰਤੀ ਮਹੀਨਾ | 30,000/- |
| vi. | ਸਕਿਊਰਿਟੀ ਅਫ਼ਸਰ | 01 | 4500/- | 54,000/- |
| vii. | ਸਕਿਊਰਿਟੀ ਗਾਰਡ | 06 | 2500 ਘ 6 ਪ੍ਰਤੀ ਮਹੀਨਾ | 1,80,000/- |
| viii. | ਟਾਈਪਿਸਟ | 01 | 3000/- ਪ੍ਰਤੀ ਮਹੀਨਾ | 36,000/- |
| ix. | ਚਪੜਾਸੀ | 01 | 2000/- ਪ੍ਰਤੀ ਮਹੀਨਾ | 24,000/- |
| | ਕੁਲ | | | 6,72,000/- |
| | 6,72,000/- ਰੁ. ਦੇ 40% ਅਨੁਲਾਭ | | | 2,68,800/- |
| | ਕੁਲ (ਅਨੁਮਾਨਿਤ) | | | 10,00,000/- |
| II | ਬਿਜਲੀ ਅਤੇ ਈਂਧਨ ਉੱਤੇ ਖ਼ਰਚ | | | 1,00,000/- |
| III | ਸਥਾਨਕ ਪ੍ਰਸ਼ਾਸਨ ਦੀ ਲਾਈਸੈਂਸ ਫ਼ੀਸ | | | 50,000/- |
| IV | ਉਪਭੋਗਤਾ ਭੰਡਾਰ ਅਤੇ ਸਥਾਈ ਭੰਡਾਰ | | | 1,00,000/- |
| V | ਆਮ ਪ੍ਰਸ਼ਾਸਕ ਖ਼ਰਚ | | | 50,000/- |
| VI | ਬੀਮਾ, ਮੁਰੰਮਤ ਅਤੇ ਰਖ-ਰਖਾਵ | | | 2,00,000/- |
| VII | ਪ੍ਰਚਾਰ ਤੇ ਵੱਖੋ-ਵੱਖਰੇ ਤੇ ਐਮਰਜੈਂਸੀ ਖ਼ਰਚ | | | 1,50,000/- |
| | ਕੁਲ | | | 16,50,000/- |

## 8. ਪ੍ਰਬੰਧਕੀ ਤੇ ਪ੍ਰਸ਼ਾਸਨਿਕ ਖ਼ਰਚ

ਕਾਰਜਕਾਰੀ ਏਜੰਸੀ ਵਲੋਂ ਸ਼ਹਿਰੀ ਹਾਟਾਂ ਵਿਚ ਸਟਾਫ਼ ਦੀ ਨਿਯੁਕਤੀ ਸਥਾਨਕ ਪ੍ਰਬੰਧਨ ਰਾਹੀਂ ਜ਼ਰੂਰਤਾਂ ਦੇ ਅੰਦਾਜ਼ੇ ਦੇ ਅਨੁਸਾਰ ਕੀਤੀ ਜਾਏਗੀ। ਤਦ ਵੀ ਸਕਿਊਰਿਟੀ ਤੇ ਹੋਰ ਸੇਵਾਵਾਂ ਦੀ ਵਿਵਸਥਾ ਉਚਿਤ ਇਕਰਾਰਨਾਮੇ ਦੇ ਅਧਾਰ ’ਤੇ ਕੀਤੀ ਜਾਏਗੀ।

ਸ਼ਹਿਰੀ ਹਾਟਾਂ ਦੀ ਸਥਾਪਨਾ ਲਈ ਇੱਛੁਕ ਜਨ ਸ਼ਕਤੀ ਇਕਰਾਰਨਾਮੇ ਦੇ ਅਧਾਰ ’ਤੇ ਜਾਂ ਮੁੜ ਬਹਾਲੀ ਦੇ ਜ਼ਰੀਏ ਹੋਵੇਗੀ। ਕੋਈ ਵਾਧੂ ਸਟਾਫ਼ ਨਹੀਂ ਦਿੱਤਾ ਜਾਏਗਾ।

## 9. ਪ੍ਰਸਤਾਵ ਦੀ ਪੇਸ਼ਕਾਰੀ

ਕਾਰਜਕਾਰੀ ਏਜੰਸੀ ਆਪਣਾ ਪ੍ਰਸਤਾਵ ਨਿਰਧਾਰਤ ਫਾਰਮ ਤੇ ਸਬੰਧਤ ਖੇਤਰੀ ਨਿਦੇਸ਼ਕ ਦੇ ਮਾਧਿਅਮ ਨਾਲ ਪੇਸ਼ ਕੇਗੀ, ਜਿਸ ਦੀ ਸੂਚਨਾ ਵਿਕਾਸ ਕਮਿਸ਼ਨਰ (ਹੱਥਖੱਡੀ) ਦਫ਼ਤਰ ਨੂੰ ਦਿੱਤੀ ਜਾਏਗੀ। ਪ੍ਰਸਤਾਵ ਦੇ ਨਾਲ ਹੇਠ ਲਿਖੇ ਦਸਤਾਵੇਜ਼ ਨੱਥੀ ਹੋਣੇ ਚਾਹੀਦੇ ਹਨ।

1. ਜ਼ਮੀਨ ਦੀ ਸਪਸ਼ਟ ਮਾਲਕੀ ਕਾਰਜਕਾਰੀ ਏਜੰਸੀ ਦੇ ਨਾਂ ਹੋਣੀ ਚਾਹੀਦੀ ਹੈ ਅਤੇ ਮਾਪ 18,000 ਵਰਗ ਮੀਟਰ ਤੋਂ ਘੱਟ ਨਹੀਂ ਹੋਣਾ ਚਾਹੀਦਾ।
2. ਸ਼ਹਿਰੀ ਖੇਤਰ ਵਿਚ ਉਚਿਤ ਮੌਕੇ ਤੇ ਸਥਾਨ ’ਤੇ ਜ਼ਮੀਨ ਦੀ ਸਥਿਤੀ ਦੇ ਸਬੰਧ ਵਿਚ ਜ਼ਿੰਮੇਵਾਰ ਅਫ਼ਸਰ ਦਾ ਪ੍ਰਮਾਣ ਪੱਤਰ।
3. ਸਬੰਧਤ ਰਾਜ ਸਰਕਾਰ ਵਲੋਂ ਅਰੰਭਕ ਰਕਮ ਦੇਣ ਦੀ ਵਚਨਬੱਧਤਾ।
4. ਇਹ ਪ੍ਰਮਾਣ ਪੱਤਰ ਕਿ ਲਾਗਤ ਵਿਚ ਵਾਧਾ ਰਾਜ ਸਰਕਾਰ/ਕਾਰਜਕਾਰੀ ਏਜੰਸੀ ਵਲੋਂ ਸਹਿਣ ਕੀਤੀ ਜਾਏਗਾ।
5. ਵਿਸਤ੍ਰਿਤ ਲੇਅ-ਆਊਟ ਪਲਾਟ/ਵਾਸਤੂ ਕਲਾ ਡਿਜ਼ਾਇਨ ਅਤੇ ਕਾਰਣ।
6. ਖੇਤਰੀ ਨਿਦੇਸ਼ਕ ਵਲੋਂ ਉਪਰੋਕਤ ਦਸਤਾਵੇਜ਼ਾਂ ਦਾ ਅਤੇ ਮੌਕੇ ਦਾ ਸਹੀ ਜਾਇਜ਼ਾ ਲੈ ਕੇ ਵੈਰੀਫਾਈ ਕੀਤਾ ਜਾਏਗਾ ਅਤੇ ਪਰਿਯੋਜਨਾ ਦੀ ਸਿਫਾਰਸ਼ ਕਰਦੇ ਸਮੇਂ ਹੇਠ ਲਿਖਿਆ ਪ੍ਰਮਾਣ ਪੱਤਰ ਦਿੱਤਾ ਜਾਏਗਾ।

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਪ੍ਰਸਤਾਵ ਦੇ ਵਿਸ਼ੇ-ਵਸਤੂ ਦੀ ਜਾਂਚ ਕੀਤੀ ਗਈ ਹੈ ਅਤੇ ਯੋਜਨਾ ਦੇ ਅਨੁਸਾਰ ਸਹੀ ਪਾਈ ਗਈ ਹੈ ਅਤੇ ਸ਼ਹਿਰੀ ਹਾਟ ਦੀ ਸਥਾਪਨਾ ਦੇ ਸਥਾਨ ਦਾ ਜਾਇਜ਼ਾ ਲਿਆ ਗਿਆ ਅਤੇ ਉਸ ਨੂੰ ਸ਼ਹਿਰੀ ਖੇਤਰ ਵਿਚ ਮੌਕੇ ਤੇ ਮੌਜੂਦ ਪਾਇਆ ਗਿਆ ਹੈ।

## 10. ਪ੍ਰਬੰਧਕੀ ਬੋਰਡ :

ਰਾਜ ਸਰਕਾਰ/ਕਾਰਜਕਾਰੀ ਏਜੰਸੀ ਵਲੋਂ ਇਕ ਪ੍ਰਬੰਧਕੀ ਬੋਰਡ, ਜਿਸ ਵਿਚ ਹੇਠ ਲਿਖੇ ਮੈਂਬਰ ਹੋਣਗੇ ਦਾ ਗਠਨ ਕਰਕੇ ਉਸ ਨੂੰ ਸੂਚਿਤ ਕੀਤਾ ਜਾਏਗਾ। ਨੀਤੀ ਬਣਾਉਣ ਅਤੇ ਹਾਟਾਂ ਦੇ ਸਮੁੱਚੇ ਨਿਯੰਤ੍ਰਣ ਦੀ ਜ਼ਿੰਮੇਵਾਰੀ ਪ੍ਰਬੰਧਕੀ ਬੋਰਡ ਦੀ ਹੋਵੇਗੀ। ਪ੍ਰਬੰਧਕੀ ਬੋਰਡ ਨੀਤੀ ਬਣਾਉਣ ਅਤੇ ਹਾਟ ਦੇ ਸਮੁੱਚੇ ਨਿਯੰਤ੍ਰਣ ਲਈ ਜ਼ਿੰਮੇਵਾਰ ਹੋਵੇਗਾ :-

(1) ਰਾਜ ਸਰਕਾਰ ਦੇ ਇੰਚਾਰਜ ਹੱਥਖੱਡੀ/ਹਸਤਸ਼ਿਲਪ ਸਕੱਤਰ

(2) ਰਾਜ ਸਰਕਾਰ ਦੇ ਇੰਚਾਰਜ ਟੂਰਿਜ਼ਮ ਸਕੱਤਰ

(3) ਰਾਜ ਸਰਕਾਰ ਦੇ ਹੱਥਖੱਡੀ/ਹਸਤਸ਼ਿਲਪ ਨਿਦੇਸ਼ਕ

(4) ਵਿਕਾਸ ਕਮਿਸ਼ਨਰ (ਹੱਥਖੱਡੀ), ਕੱਪੜਾ ਮੰਤਰਾਲਾ

(5) ਵਿਕਾਸ ਕਮਿਸ਼ਨਰ (ਹਸਤਸ਼ਿਲਪ), ਕੱਪੜਾ ਮੰਤਰਾਲਾ

(6) ਰਾਜ ਸਰਕਾਰ ਦੇ ਵਿੱਤ ਵਿਭਾਗ ਦਾ ਪ੍ਰਤੀਨਿਧੀ

## 11. ਅਖਿਲ ਭਾਰਤੀ ਪ੍ਰਬੰਧਕੀ ਬੋਰਡ

ਸ਼ਹਿਰੀ ਹਾਟਾਂ ਦੀ ਸਥਾਪਨਾ ਨਾਲ ਸਬੰਧਤ ਸਾਰੇ ਪ੍ਰਸਤਾਵਾਂ ਦੀ ਜਾਂਚ ਪ੍ਰਬੰਧਕੀ ਬੋਰਡ ਵਲੋਂ ਕੀਤੀ ਜਾਏਗੀ ਅਤੇ ਚੋਣ/ਅਸਵੀਕ੍ਰਿਤੀ ਦੇ ਸਬੰਧ ਵਿਚ ਉਸ ਦੇ ਨਿਰਣੇ ਬਾਰੇ ਕਾਰਜਕਾਰੀ ਏਜੰਸੀ ਨੂੰ ਸੂਚਿਤ ਕਰਾਇਆ ਜਾਏਗਾ। ਪ੍ਰਬੰਧਕੀ ਬੋਰਡ ਵਿਚ ਹੇਠ ਲਿਖ ਮੈਂਬਰ ਹੋਣਗੇ :-

| | | | |
|---|---|---|---|
| (i) | ਵਿਕਾਸ ਕਮਿਸ਼ਨਰ (ਹੱਥਖੱਡੀ) | : | ਪ੍ਰਧਾਨ |
| (ii) | ਵਿਕਾਸ ਕਮਿਸ਼ਨਰ (ਹਸਤਸ਼ਿਲਪ) | : | ਮੈਂਬਰ |
| (iii) | ਉਪ-ਸਕੱਤਰ/ਨਿਦੇਸ਼ਕ ਆਂਤਰਿਕ ਵਿੱਤ ਵਿਭਾਗ, ਕੱਪੜਾ ਮੰਤਰਾਲਾ | : | ਮੈਂਬਰ |

## 12. ਸ਼ਹਿਰੀ ਹਾਟ ਦੀ ਨਿਗਰਾਨੀ

ਵਿਕਾਸ ਕਮਿਸ਼ਨਰ (ਹੱਥਖੱਡੀ) ਦਫ਼ਤਰ ਨਾਲ ਸਬੰਧਤ ਖੇਤਰੀ ਦਫ਼ਤਰ ਵਲੋਂ ਸ਼ਹਿਰੀ ਹਾਟਾਂ ਲਈ ਸਵੀਕ੍ਰਿਤ ਪਰਿਯੋਜਨਾਵਾਂ ਦਾ ਮਹੀਨੇ ਵਿਚ ਇਕ ਵਾਰ ਦੌਰਾ ਕੀਤਾ ਜਾਏਗਾ ਅਤੇ ਖੇਤਰੀ ਦਫ਼ਤਰ ਦੇ ਮਾਧਿਅਮ ਨਾਲ ਰਿਪੋਰਟ ਪੇਸ਼ ਕੀਤੀ ਜਾਏਗੀ। ਖੇਤਰੀ ਨਿਦੇਸ਼ਕ ਵਲੋਂ ਕੰਮ ਦੀ ਪ੍ਰਗਤੀ, ਫੰਡ ਦੇ ਉਪਯੋਗ ਦੀ ਸਮੀਖਿਆ ਕੀਤੀ ਜਾਏਗਾ ਅਤੇ ਵਾਸਤਵਿਕ ਤੇ ਆਰਥਿਕ ਪ੍ਰੋਗਰਾਮਾਂ ਦੀ ਨਵੀਨ ਸਥਿਤੀ ਦੀ ਰਿਪੋਰਟ ਹੈਡ ਕੁਆਟਰ-ਵਿਕਾਸ ਕਮਿਸ਼ਨਰ (ਹੱਥਖੱਡੀ) ਦਫ਼ਤਰ ਨੂੰ ਭੇਜੀ ਜਾਏਗੀ। ਹੈਡ ਕੁਆਟਰ ਪੱਧਰ 'ਤੇ ਜਾਂਚ ਕਮੇਟੀ ਦਾ ਆਯੋਜਨ 3 ਮਹੀਨੇ ਵਿਚ ਇਕ ਵਾਰ ਵਿਕਾਸ ਕਮਿਸ਼ਨਰ (ਹਸਤਸ਼ਿਲਪ)/ਵਿਕਾਸ ਕਮਿਸ਼ਨਰ (ਹੱਥਖੱਡੀ) ਦੀ ਪ੍ਰਧਾਨਗੀ 'ਚ ਕੀਤਾ ਜਾਏਗਾ।

**ਪਰਿਸ਼ਿਸ਼ਟ-VI**

## ਵਪਾਰ ਤੇ ਨਿਰਯਾਤ ਵਿਕਾਸ ਯੋਜਨਾ

**ਵਪਾਰ ਵਿਕਾਸ ਦਾ ਘਟਕ : ਰਾਸ਼ਟਰੀ ਪੁਰਸਕਾਰ**

# "ਹੱਥਖੱਡੀ ਬੁਣਕਰਾਂ ਨੂੰ ਰਾਸ਼ਟਰੀ ਪੁਰਸਕਾਰ" ਦੇ ਸਬੰਧ ਵਿਚ ਵਿਸਤ੍ਰਿਤ ਦਿਸ਼ਾ ਨਿਰਦੇਸ਼, ਆਰਥਿਕ ਪੋਸ਼ਣ ਪ੍ਰਣਾਲੀ ਅਤੇ ਅੰਤਮ ਰਿਪੋਰਟ ਲਈ ਨਿਰਧਾਰਤ ਫਾਰਮ

## 1. ਪ੍ਰੋਗਰਾਮ ਦਾ ਸਿਰਲੇਖ :

ਉੱਤਮ ਸ਼ਿਲਪਕਾਰਾਂ ਅਤੇ ਬੁਣਕਰਾਂ ਨੂੰ ਰਾਸ਼ਟਰੀ ਪੁਰਸਕਾਰ

## 2. ਪਿੱਠਭੂਮੀ ਤੇ ਉਦੇਸ਼

ਸ਼ਿਲਪਕਾਰਾਂ ਨੂੰ ਰਾਸ਼ਟਰੀ ਪੁਰਸਕਾਰ ਪ੍ਰਦਾਨ ਕਰਨ ਦੀ ਸ਼ੁਰੂਆਤ ਸਾਲ 1965 ਤੋਂ ਕੀਤੀ ਗਈ ਸੀ ਅਤੇ ਬਾਅਦ ਵਿਚ ਇਹ ਪੁਰਸਕਾਰ ਬੁਣਕਰਾਂ ਨੂੰ ਵੀ ਦਿੱਤੇ ਜਾਣ ਲਗੇ। ਸ਼ਿਲਪਕਾਰਾਂ ਅਤੇ ਬੁਣਕਰਾਂ ਨੂੰ ਰਾਸ਼ਟਰੀ ਪੁਰਸਕਾਰ ਉਨ੍ਹਾਂ ਦੇ ਜ਼ਿਕਰਯੋਗ ਯੋਗਦਾਨ, ਹੁਨਰ ਅਤੇ ਉਸ ਸ਼ਿਲਪ ਦੇ ਵਿਕਾਸ ਵਿਚ ਉਨ੍ਹਾਂ ਦੇ ਜਤਨਾਂ ਲਈ ਪ੍ਰਦਾਨ ਕੀਤੇ ਜਾਂਦੇ ਹਨ। ਇਕ ਸਾਲ ਵਿਚ ਵੱਧ ਤੋਂ ਵੱਧ 40 ਰਾਸ਼ਟਰੀ ਪੁਰਸਕਾਰ ਅਤੇ 40 ਰਾਸ਼ਟਰੀ ਮੈਰਿਟ ਪ੍ਰਮਾਣ ਪੱਤਰ ਪ੍ਰਦਾਨ ਕੀਤੇ ਜਾਣਗੇ। ਇਸ ਪੁਰਸਕਾਰ ਨਾਲ ਉਹ ਹੋਰ ਜ਼ਿਆਦਾ ਉਤਸਾਹ ਤੇ ਉਤਪਾਦਕ ਤਰੀਕੇ ਨਾਲ ਆਪਣੇ ਸ਼ਿਲਪ ਦੇ ਪ੍ਰਤੀ ਸਮਰਪਿਤ ਰਹਿਣਗੇ ਅਤੇ ਉਨ੍ਹਾਂ ਨੂੰ ਇਹ ਪ੍ਰੋਤਸਾਹਨ ਹੋਰ ਲੋਕਾਂ ਲਈ ਵੀ ਪ੍ਰੇਰਨਾ ਸਰੋਤ ਬਣੇਗਾ।

## 3. ਯੋਗਤਾ :

ਸਾਰੇ ਭਾਰਤੀ ਸ਼ਿਲਪਕਾਰ ਅਤੇ ਬੁਣਕਰ ਰਾਸ਼ਟਰੀ ਪੁਰਸਕਾਰ ਲਈ ਕੰਪੀਟਿਸ਼ਨ ਦੇ ਯੋਗ ਹਨ।

## 4. ਪੁਰਸਕਾਰ ਦਾ ਵਿਸ਼ਾ-ਵਸਤੂ

ਹਰੇਕ ਪੁਰਸਕਾਰ ਵਿਚ 1,00,000/-ਰੁਪਏ ਨਗਦ, ਇਕ ਮੋਮੈਂਟੋ ਅਤੇ ਇਕ ਸ਼ਾਲ ਭੇਟ ਕੀਤੀ ਜਾਏਗੀ। ਹਰੇਕ ਰਾਸ਼ਟਰੀ ਮੈਰਿਟ ਪ੍ਰਮਾਣ ਪੱਤਰ ਦੇ ਨਾਲ 50,000/- ਰੁਪਏ ਦਾ ਨਗਦ ਪੁਰਸਕਾਰ ਵੀ ਦਿੱਤਾ ਜਾਏਗਾ।

## 5. ਚੋਣ ਪ੍ਰਕਿਰਿਆ :

ਰਾਸ਼ਟਰੀ ਪੁਰਸਕਾਰ ਲਈ ਵਸਤੂਆਂ ਦੀ ਚੋਣ 3 ਪੱਧਰੀ ਪ੍ਰਕਿਰਿਆ ਰਾਹੀਂ ਕੀਤੀ ਜਾਏਗਾ, ਜੋ ਹੇਠ ਲਿਖੇ ਅਨੁਸਾਰ ਹੈ :-

* ਪਹਿਲੇ ਸੈਸ਼ਨ ਵਿਚ ਚੋਣ ਹਸਤਸ਼ਿਲਪ ਦਸਤਕਾਰਾਂ ਦੇ ਮਾਮਲੇ ਵਿਚ ਰਾਜ ਪੱਧਰ 'ਤੇ ਅਤੇ ਹੱਥਖੱਡੀ ਬੁਣਕਰਾਂ ਦੇ ਮਾਮਲੇ ਵਿਚ ਖੇਤਰੀ ਪੱਧਰ 'ਤੇ ਕੀਤਾ ਜਾਏਗਾ।
* ਚੋਣ ਪ੍ਰਕਿਰਿਆ ਦੇ ਦੂਸਰੇ ਸੈਸ਼ਨ ਵਿਚ ਵਿਭਿੰਨ ਰਾਜਾਂ ਪੱਧਰੀ ਚੋਣ ਕਮੇਟੀਆਂ ਵਲੋਂ ਸਿਫਾਰਿਸ਼ ਕੀਤੀਆਂ ਹਸਤਸ਼ਿਲਪ ਐਂਟਰੀਆਂ ਦੀ ਜਾਂਚ ਹੈਡ ਕੁਆਟਰ ਪੱਧਰੀ ਕਮੇਟੀ ਵਲੋਂ ਕੀਤੀ ਜਾਏਗੀ। ਇਸੇ ਪ੍ਰਕਾਰ ਵਿਭਿੰਨ ਖੇਤਰੀ ਕਮੇਟੀਆਂ ਵਲੋਂ ਚੁਣੀਆਂ ਹੱਥਖੱਡੀ ਵਸਤੂਆਂ ਲਈ ਇਕ ਹੈਡ ਕੁਆਟਰ ਪੱਧਰੀ ਕਮੇਟੀ ਵੱਖਰੀ ਹੋਵੇਗੀ। ਹਸਤਸ਼ਿਲਪ ਅਤੇ ਹੱਥਖੱਡੀ ਵਸਤੂਆਂ ਦੇ ਸਬੰਧ ਵਿਚ ਰਾਜ ਪੱਧਰੀ ਅਤੇ ਹੈਡ ਕੁਆਟਰ ਪੱਧਰੀ ਕਮੇਟੀਆਂ ਦੀ ਸੰਰਚਨਾ ਇਸ ਤਰ੍ਹਾਂ ਹੋਵੇਗੀ :-

## ਰਾਜ ਪੱਧਰੀ ਕਮੇਟੀ (ਹਸਤਸ਼ਿਲਪ) ਦੀ ਸੰਰਚਨਾ

1. ਨਿਦੇਸ਼ਕ, ਹਸਤਸ਼ਿਲਪ/ਕੁਟੀਰ ਉਦਯੋਗ - ਪ੍ਰਧਾਨ
2. ਖੇਤਰੀ ਨਿਦੇਸ਼ਕ, ਵਿਕਾਸ ਕਮਿਸ਼ਨਰ (ਹੱਥਖੱਡੀ) ਦਾ ਦਫ਼ਤਰ - ਕਨਵੀਨਰ
3. ਪ੍ਰਬੰਧ ਨਿਦੇਸ਼ਕ, ਰਾਜ ਹਸਤਸ਼ਿਲਪ ਵਿਕਾਸ ਨਿਗਮ - ਮੈਂਬਰ
4. ਉਪ ਨਿਦੇਸ਼ਕ, ਆਰ.ਡੀ.ਟੀ.ਡੀ.ਸੀ. - ਮੈਂਬਰ
5. ਖੇਤਰੀ ਇਤਿਹਾਸ/ਅਜਾਇਬਘਰ/ਕਲਾ ਸੰਸਥਾਨਾਂ/ ਐੱਨ.ਆਈ.ਐੱਫ.ਟੀ./ਐੱਨ.ਆਈ.ਡੀ., ਨਿਸ਼ਕਾਮ ਸੰਗਠਨਾਂ ਦੀ ਅਗਵਾਈ ਕਰਨ ਵਾਲੇ ਅਤੇ ਵਿਕਾਸ ਕਮਿਸ਼ਨਰ (ਹੱਥਖੱਡੀ) ਵਲੋਂ ਨਾਮਜ਼ਦ ਕਲਾ ਅਤੇ ਸ਼ਿਲਪ ਖੇਤਰ ਦੇ ਅਨੁਭਵੀ ਗੈਰ-ਸਰਕਾਰੀ ਮੈਂਬਰ - ਮੈਂਬਰ
6. ਹੈਡ ਕੁਆਟਰ ਪੱਧਰ 'ਤੇ ਤਿਆਰ ਪੈਨਲ ਤੋਂ ਇਕ ਨਾਮੀ ਡਿਜ਼ਾਇਨਰ - ਮੈਂਬਰ

## ਹੈਡ ਕੁਆਟਰ ਪੱਧਰੀ ਕਮੇਟੀ (ਹਸਤਸ਼ਿਲਪ) ਦੀ ਸੰਰਚਨਾ

1. ਵਿਕਾਸ ਕਮਿਸ਼ਨਰ, ਹਸਤਸ਼ਿਲਪ - ਪ੍ਰਧਾਨ
2. ਐਡੀਸ਼ਨਲ ਵਿਕਾਸ ਕਮਿਸ਼ਨਰ/ਜੁਆਇੰਟ ਵਿਕਾਸ ਕਮਿਸ਼ਨਰ (ਹੱਥਖੱਡੀ) - ਮੈਂਬਰ
3. ਐੱਨ.ਆਈ.ਡੀ./ਨਿਫਟ ਦੀ ਅਗਵਾਈ - ਮੈਂਬਰ
4. ਸੀਨੀਅਰ ਨਿਦੇਸ਼ਕ, ਐੱਨ.ਐੱਚ.ਐੱਚ.ਐੱਮ.
5. ਵਿਕਾਸ ਕਮਿਸ਼ਨਰ (ਹਸਤਸ਼ਿਲਪ) ਵਲੋਂ ਨਾਮਜ਼ਦ 2 ਗੈਰ ਸਰਕਾਰੀ ਹਸਤਸ਼ਿਲਪ ਮਾਹਿਰ - ਮੈਂਬਰ
6. ਹੈਡ ਕੁਆਟਰ ਪੱਧਰ 'ਤੇ ਤਿਆਰ ਪੈਨਲ ਤੋਂ ਨਾਮੀ ਇਕ ਡਿਜ਼ਾਇਨਰ - ਮੈਂਬਰ

## ਹੱਥਖੱਡੀ ਲਈ ਕਮੇਟੀਆਂ ਦੀ ਗਿਣਤੀ

## ਖੇਤਰ ਪੱਧਰੀ ਕਮੇਟੀ (ਹੱਥਖੱਡੀ)

1. ਆਂਚਲਿਕ ਨਿਦੇਸ਼ਕ, ਬੁਣਕਰ ਸੇਵਾ ਕੇਂਦਰ - ਪ੍ਰਧਾਨ
2. ਐੱਚ.ਡੀ.ਸੀ./ਡੀ.ਐੱਚ./ਰਾਜ ਦਾ ਆਂਚਲਿਕ/ਖੇਤਰੀ ਪ੍ਰਤੀਨਿਧੀ - ਮੈਂਬਰ
3. ਖੇਤਰ ਦੇ ਇਕ ਬੁਣਕਰ ਪ੍ਰਤੀਨਿਧੀ ਸਹਿਤ 3 ਗੈਰ ਸਰਕਾਰੀ ਹੱਥਖੱਡੀ ਮਾਹਿਰ (ਇਹ ਨਿਰਣਾ ਵਿਕਾਸ ਕਮਿਸ਼ਨਰ (ਹੱਥਖੱਡੀ) ਦੀ ਸਲਾਹ ਨਾਲ ਕੀਤਾ ਜਾਏਗਾ)
4. ਹੈਡ ਕੁਆਟਰ ਪੱਧਰ 'ਤੇ ਤਿਆਰ ਪੈਨਲ ਤੋਂ ਇਕ ਨਾਮੀ ਡਿਜ਼ਾਇਨਰ - ਮੈਂਬਰ

## ਹੈਡ ਕੁਆਟਰ ਪੱਧਰੀ ਕਮੇਟੀ (ਹੱਥਖੱਡੀ) ਦੀ ਸੰਰਚਨਾ

1. ਵਿਕਾਸ ਕਮਿਸ਼ਨਰ (ਹੱਥਖੱਡੀ) - ਪ੍ਰਧਾਨ
2. ਭਾਰਤੀ ਹੱਥਖੱਡੀ ਤਕਨੀਕੀ ਸੰਸਥਾਨਾਂ ਦੇ ਦੋ ਨਿਦੇਸ਼ਕ - ਮੈਂਬਰ
3. ਐੱਨ.ਆਈ.ਡੀ./ਨਿਫਟ/ਆਈ.ਆਈ.ਟੀ. ਦੀ ਫੈਕਲਟੀ ਦੇ ਪ੍ਰਤੀਨਿਧੀ - ਮੈਂਬਰ
4. ਹੱਥਖੱਡੀ ਖੇਤਰ ਤੋਂ ਦੋ ਗੈਰ-ਸਰਕਾਰੀ ਮੈਂਬਰ - ਮੈਂਬਰ
5. ਹੈਡ ਕੁਆਟਰ 'ਤੇ ਤਿਆਰ ਪੈਨਲ ਤੋਂ ਨਾਮੀ ਇਕ ਡਿਜ਼ਾਇਨਰ - ਮੈਂਬਰ

* ਹੱਥਖੱਡੀ ਅਤੇ ਹਸਤਸ਼ਿਲਪ ਦੋਹਾਂ ਦੀ ਹੈਡ ਕੁਆਟਰ ਪੱਧਰੀ ਕਮੇਟੀ ਵਲੋਂ ਸਿਫਾਰਸ਼ ਕੀਤੀਆਂ ਵਸਤੂਆਂ ਵਿਚੋਂ ਰਾਸ਼ਟਰੀ ਪੁਰਸਕਾਰਾਂ ਲਈ ਵਸਤੂਆਂ ਦੇ ਅੰਤਮ ਚੋਣ ਲਈ ਇਕ ਆਮ ਕੇਂਦਰੀ ਹੋਵੇਗੀ। ਆਮ ਕੇਂਦਰੀ ਚੋਣ ਕਮੇਟੀ ਦੀ ਸੰਰਚਨਾ ਹੇਠ ਲਿਖੇ ਅਨੁਸਾਰ ਹੋਵੇਗੀ :-

## ਕੇਂਦਰੀ ਚੋਣ ਕਮੇਟੀ ਦੀ ਸੰਰਚਨਾ

1. ਸਕੱਤਰ (ਕੱਪੜਾ) - ਪ੍ਰਧਾਨ
2. ਵਿਕਾਸ ਕਮਿਸ਼ਨਰ (ਹਸਤਸ਼ਿਲਪ) - ਕਨਵੀਨਰ
3. ਵਿਕਾਸ ਕਮਿਸ਼ਨਰ (ਹੱਥਖੱਡੀ) - ਸਹਾਇਕ ਕਨਵੀਨਰ
4. ਪ੍ਰਬੰਧ ਨਿਦੇਸ਼ਕ, ਸੈਂਟਰਲ ਕਾਟੇਜ ਇੰਡਸਟ੍ਰੀਜ ਕਾਰਪੋਰੇਸ਼ਨ - ਮੈਂਬਰ
5. ਪ੍ਰਬੰਧ ਨਿਦੇਸ਼ਕ, ਹਸਤਸ਼ਿਲਪ ਅਤੇ ਹੱਥਖੱਡੀ ਨਿਰਯਾਤ ਨਿਗਮ - ਮੈਂਬਰ
6. ਮਹਾਨਿਦੇਸ਼ਕ, ਨਿਫਟ - ਮੈਂਬਰ
7. ਹੱਥਖੱਡੀ ਅਤੇ ਹਸਤਸ਼ਿਲਪ ਦੀ ਹੈਡ ਕੁਆਟਰ ਪੱਧਰੀ ਕਮੇਟੀਆਂ ਤੋਂ 2 ਗੈਰ ਸਰਕਾਰੀ ਮੈਂਬਰ - ਮੈਂਬਰ
8. 4 ਹੋਰ ਗੈਰ-ਸਰਕਾਰੀ ਮੈਂਬਰ- - ਮੈਂਬਰ

## 6. ਐਂਟਰੀਆਂ ਭੇਜਣ ਦੀ ਪ੍ਰਕਿਰਿਆ :

ਸ਼ਿਲਪਕਾਰ ਅਤੇ ਬੁਣਕਰ ਰਾਸ਼ਟਰੀ ਪੁਰਸਕਾਰ ਲਈ ਆਪਣੀਆਂ ਐਂਟਰੀਆਂ ਨਿਰਧਾਰਤ ਫਾਰਮ 'ਚ ਭਰ ਕੇ ਰਾਜ ਪੱਧਰੀ ਕਮੇਟੀ/ਖੇਤਰ ਪੱਧਰੀ ਕਮੇਟੀ (ਹੱਥਖੱਡੀ) ਦੇ ਵਿਚਾਰ ਲਈ ਸਬੰਧ ਰਾਜ ਦੇ ਡੀ.ਆਈ.ਸੀ./ਉਦਯੋਗ ਨਿਦੇਸ਼ਾਲਾ/ਵਿਕਾਸ ਕਮਿਸ਼ਨਰ (ਹੱਥਖੱਡੀ) ਦਫ਼ਤਰ ਦੇ ਸਬੰਧਤ ਖੇਤਰੀ ਦਫ਼ਤਰ/ਐੱਚ.ਐ!ਮ ਅਤੇ ਐੱਸ.ਈ.ਸੀ. 'ਚ ਪੇਸ਼ ਕਰ ਸਕਦੇ ਹਨ। ਹਸਤਸ਼ਿਲਪ ਦਸਤਕਾਰ ਅਤੇ ਬੁਣਕਰ ਆਪਣੀ ਐਂਟਰੀਆਂ ਆਪਣੇ ਘਰ ਦੇ ਨਜ਼ਦੀਕੀ ਵਿਕਾਸ ਕਮਿਸ਼ਨਰ (ਹਸਤਸ਼ਿਲਪ) ਅਤੇ ਵਿਕਾਸ ਕਮਿਸ਼ਨਰ (ਹੱਥਖੱਡੀ) ਦੇ ਕਿਸੇ ਵੀ ਖੇਤਰੀ ਦਫ਼ਤਰ ਵਿਚ ਪੇਸ਼ ਕਰ ਸਕਦੇ ਹਨ।

ਉਪਰੋਕਤ ਖੇਤਰੀ ਦਫ਼ਤਰਾਂ ਤੋਂ ਰਾਜ ਪੱਧਰ ਚੋਣ ਕਮੇਟੀ/ਖੇਤਰੀ ਕਮੇਟੀ ਵਾਲੀ ਥਾਂ ਤਕ ਐਂਟਰੀਆਂ ਦੇ ਪਹੁੰਚਾਣ ਦਾ ਖ਼ਰਚ ਹਸਤਸ਼ਿਲਪ ਵਸਤੂਆਂ ਦੇ ਮਾਮਲੇ ਵਿਚ ਵਿਕਾਸ ਕਮਿਸ਼ਨਰ (ਹਸਤਸ਼ਿਲਪ) ਦਫ਼ਤਰ ਵਲੋਂ ਅਤੇ ਹੱਥਖੱਡੀ ਵਸਤੂਆਂ ਦੇ ਮਾਮਲੇ ਵਿਚ ਵਿਕਾਸ ਕਮਿਸ਼ਨਰ (ਹੱਥਖੱਡੀ) ਦਫ਼ਤਰ ਵਲੋਂ ਖ਼ਰਚ ਕੀਤਾ ਜਾਏਗਾ। ਉਪਰੋਕਤ ਤੋਂ ਇਲਾਵਾ, ਗੁਣਵੱਤਾ

ਅਤੇ ਕੰਪੀਟੀਸ਼ਨ ਨਿਸ਼ਚਿਤ ਕਰਨ ਦੇ ਉਦੇਸ਼ ਨਾਲ ਰਾਜ ਪੱਧਰੀ ਕਮੇਟੀ ਹੇਠ ਲਿਖੇ ਦੀ ਸਿਫ਼ਾਰਸ਼ ਨਾਲ ਵੀ ਐਂਟਰੀਆਂ ਸਵੀਕਾਰ ਕਰੇਗੀ :-

(i) ਰਾਜ ਪੱਧਰੀ/ਹੈਡ ਕੁਆਟਰ/ਕੇਂਦਰੀ ਪੱਧਰ ਦੀ ਕਮੇਟੀ ਦਾ ਕੋਈ ਵੀ ਮੈਂਬਰ।

(ii) ਰਾਜ ਹਸਤਸ਼ਿਲਪ/ਹੱਥਖੱਡੀ ਵਿਕਾਸ ਨਿਗਮ/ਉੱਘੀ ਹੱਥਖੱਡੀ ਬੁਣਕਰ ਸਹਿਕਾਰੀ ਕਮੇਟੀਆਂ

(iii) ਖੇਤਰੀ ਡਿਜ਼ਾਇਨ ਅਤੇ ਤਕਨੀਕੀ ਵਿਕਾਸ ਕੇਂਦਰ

(iv) ਰਾਜ ਡਿਜਾਇਨ ਕੇਂਦਰ

(v) ਅਖਿਲ ਭਾਰਤੀ ਹੱਥਖੱਡੀ ਅਤੇ ਹਸਤਸ਼ਿਲਪ ਬੋਰਡਾਂ ਦੇ ਮੈਂਬਰ

(vi) ਵਿਸ਼ੇਸ਼ ਮਾਮਲੇ ਦੇ ਰੂਪ ਵਿਚ ਉਨ੍ਹਾਂ ਲੋਕਾਂ ਦੀਆਂ ਐਂਟਰੀਆਂ ਸਵੀਕਾਰ ਕਰਨ ਲਈ ਹੈਡ ਕੁਆਟਰ (ਨਵੀਂ ਦਿੱਲੀ) ਵਿਚ ਗਠਿਤ ਕੋਰ ਕਮੇਟੀ, ਜੋ ਕਿਸੇ ਵਾਸਤਵਿਕ ਕਾਰਨਾਂ ਕਰਕੇ 24 ਜੁਲਾਈ, ਭਾਵ ਹੈਡ ਕੁਆਟਰ ਪੱਧਰੀ ਕਮੇਟੀ ਵਲੋਂ ਚੋਣ ਤੋਂ ਇਕ ਹਫ਼ਤਾ ਪਹਿਲਾਂ ਆਪਣੀਆਂ ਐਂਟਰੀਆਂ ਨਹੀਂ ਭੇਜ ਸਕੇ ਸਨ। ਸਿੱਧਾ ਹੈਡ ਕੁਆਟਰ ਵਿਚ ਐਂਟਰੀਆਂ ਭੇਜਦੇ ਸਮੇਂ ਰਾਜ ਪੱਧਰੀ/ਖੇਤਰ ਪੱਧਰੀ ਕਮੇਟੀ ਨੂੰ ਐਂਟਰੀਆਂ ਪੇਸ਼ ਨਾ ਕਰਨ ਦੇ ਕਾਰਨਾਂ ਦੇ ਵੇਰਵੇ ਨੂੰ ਕਮੇਟੀ ਦੇ ਵਿਚਾਰਾਧੀਨ ਲਾਜ਼ਮੀ ਤੌਰ ਤੇ ਪੇਸ਼ ਕੀਤਾ ਜਾਣਾ ਚਾਹੀਦਾ ਹੈ। ਕੋਰ ਕਮੇਟੀ ਦੀ ਸੰਰਚਨਾ ਹੇਠ ਲਿਖੇ ਅਨੁਸਾਰ ਹੋਵੇਗੀ :-

## ਕੋਰ ਕਮੇਟੀ ਦੀ ਸੰਰਚਨਾ

### I. ਹੱਥਖੱਡੀ ਲਈ

1. ਐਡੀਸ਼ਨਲ ਵਿਕਾਸ ਕਮਿਸ਼ਨਰ, ਹੱਥਖੱਡੀ - ਪ੍ਰਧਾਨ
2. ਹੈਡ ਕੁਆਟਰ ਪੱਧਰ 'ਤੇ ਤਿਆਰ ਪੈਨਲ ਤੋਂ ਦੋ ਨਾਮੀ ਡਿਜ਼ਾਇਨਰ - ਮੈਂਬਰ
3. ਖੇਤਰੀ/ਰਾਜ ਪੱਧਰੀ ਕਮੇਟੀ 'ਚ ਮੈਂਬਰ ਦੇ ਰੂਪ ਵਿਚ ਨਾਮਜ਼ਦ ਡਿਜ਼ਾਇਨਰ - ਮੈਂਬਰ

### II. ਹਸਤਸ਼ਿਲਪ ਲਈ

1. ਐਡੀਸ਼ਨਲ ਵਿਕਾਸ ਕਮਿਸ਼ਨਰ, ਹਸਤਸ਼ਿਲਪ - ਪ੍ਰਧਾਨ
2. ਹੈਡ ਕੁਆਟਰ ਪੱਧਰ 'ਤੇ ਤਿਆਰ ਪੈਨਲ ਤੋਂ ਦੋ ਨਾਮੀ ਡਿਜ਼ਾਇਨਰ - ਮੈਂਬਰ
3. ਖੇਤਰੀ/ਰਾਜ ਪੱਧਰੀ ਕਮੇਟੀ 'ਚ ਮੈਂਬਰ ਦੇ ਰੂਪ ਵਿਚ ਨਾਮਜ਼ਦ ਡਿਜ਼ਾਇਨਰ - ਮੈਂਬਰ

## 7. ਚੋਣ ਪ੍ਰਕਿਰਿਆ ਲਈ ਸਮਾਂ ਸੂਚੀ

ਹਰੇਕ ਸਾਲ ਚੋਣ ਪ੍ਰਕਿਰਿਆ ਲਈ ਸਮਾਂ ਸੂਚੀ ਇਸ ਪ੍ਰਕਾਰ ਹੋਵੇਗੀ :-

(i) ਕੇਂਦਰ/ਰਾਜ ਵਲੋਂ ਸੂਚਨਾ ਪੱਤਰ ਜਾਰੀ ਕਰਨਾ ਅਤੇ ਸਬੰਧਤ ਪ੍ਰਚਾਰ - 1 ਜਨਵਰੀ ਤਕ

| | | |
|---|---|---|
| (ii) | ਵਿਕਾਸ ਕਮਿਸ਼ਨਰ (ਹਸਤਸ਼ਿਲਪ)/ਵਿਕਾਸ ਕਮਿਸ਼ਨਰ (ਹੱਥਖੱਡੀ) ਦਫ਼ਤਰ ਹਸਤਸ਼ਿਲਪ ਅਤੇ ਹੱਥਖੱਡੀ ਸਬੰਧੀ ਐਂਟਰੀਆਂ ਮੰਗਾਉਣ ਲਈ ਅਖ਼ਬਾਰਾਂ ਵਿਚ ਇਸ਼ਤਿਹਾਰ | - 10 ਜਨਵਰੀ ਤਕ |
| (iii) | ਖੇਤਰੀ/ਰਾਜ ਪੱਧਰ ਤੇ ਐਂਟਰੀਆਂ ਭੇਜਣ ਦੀ ਆਖ਼ਰੀ ਤਾਰੀਖ | - 30 ਅਪ੍ਰੈਲ ਤਕ |
| (iv) | ਖੇਤਰੀ/ਰਾਜ ਪੱਧਰੀ ਚੋਣ ਬੈਠਕ | - 30 ਮਈ ਤਕ |
| (v) | ਚੁਣੀਆਂ ਗਈਆਂ ਐਂਟਰੀਆਂ ਨੂੰ ਸਹੁੰ-ਪੱਤਰ, ਵਿਧੀਵਤ ਭਰੀਆਂ ਗਈਆਂ ਅਰਜ਼ੀਆਂ ਅਤੇ ਸਿਫਾਰਸ਼ਾਂ ਦੇ ਨਾਲ ਨਵੀਂ ਦਿੱਲੀ ਭੇਜਣਾ | - 25 ਜੂਨ ਤਕ |
| (vi) | ਹੈਡ ਕੁਆਟਰ ਪੱਧਰੀ ਕਮੇਟੀ ਵਲੋਂ ਹੈਡ ਕੁਆਟਰ 'ਚ ਚੋਣ | - 30 ਜੁਲਾਈ ਤਕ |
| (vii) | ਕੇਂਦਰੀ ਪੱਧਰ ਦੀ ਚੋਣ ਕਮੇਟੀ ਵਲੋਂ ਅੰਤਮ ਚੋਣ | - 30 ਅਗਸਤ ਤਕ |

## 8. ਚੋਣ ਪ੍ਰਣਾਲੀ :

ਕੇਂਦਰੀ ਪੱਧਰ 'ਤੇ ਗਠਿਤ ਕੇਂਦਰੀ ਚੋਣ ਕਮੇਟੀ ਹੱਥਖੱਡੀ ਅਤੇ ਹਸਤਸ਼ਿਲਪ ਐਂਟਰੀਆਂ ਦੀ ਅੰਤਮ ਚੋਣ ਕਰੇਗੀ। ਕੇਂਦਰੀ ਪੱਧਰ ਦੀ ਚੋਣ ਕਮੇਟੀ ਨੂੰ ਹੱਥਖੱਡੀ ਅਤੇ ਹਸਤਸ਼ਿਲਪ ਸਬੰਧੀ ਐਂਟਰੀਆਂ ਹੈਡ ਕੁਆਟਰ ਪੱਧਰੀ ਚੋਣ ਕਮੇਟੀ ਤੋਂ ਪ੍ਰਾਪਤ ਹੋਣਗੀਆਂ। ਇਸ ਤਰ੍ਹਾਂ ਹੱਥਖੱਡੀ ਅਤੇ ਹਸਤਸ਼ਿਲਪ ਨਾਲ ਸਬੰਧਤ ਐਂਟਰੀਆਂ ਦੀ ਚੋਣ ਹੇਠ ਲਿਖੇ ਅਨੁਸਾਰ ਹੋਵੇਗੀ :-

### (i) ਹੱਥਖੱਡੀ :

ਚੋਣ, ਐਂਟਰੀਆਂ ਮੰਗਵਾ ਕੇ ਸਾਰੇ ਰਾਜਾਂ ਦੇ ਇੰਚਾਰਜ ਹੱਥਖੱਡੀ ਨਿਦੇਸ਼ਕ/ਕਮਿਸ਼ਨਰ ਅਤੇ ਪ੍ਰਾਥਮਿਕ ਪੱਧਰ 'ਤੇ ਬੁਣਕਰ ਸੇਵਾ ਕੇਂਦਰਾਂ ਦੇ ਇੰਚਾਰਜ ਅਫ਼ਸਰਾਂ ਦੇ ਪੱਧਰ 'ਤੇ ਕੀਤਾ ਜਾਏਗਾ। ਸਾਰੇ ਰਾਜਾਂ ਦੇ ਇੰਚਾਰਜ ਹੱਥਖੱਡੀ ਨਿਦੇਸ਼ਕ/ਕਮਿਸ਼ਨਰ, ਬੁਣਕਰ ਸੇਵਾ ਕੇਂਦਰਾਂ, ਨਿਗਮਾਂ/ਅਪੈਕਸ ਹੱਥਖੱਡੀ ਕਮੇਟੀਆਂ, ਨਿਫਟ/ਐੱਚ.ਐੱਚ.ਈ.ਸੀ./ਐੱਨ.ਐੱਚ.ਐੱਚ.ਐੱਮ/ਐੱਚ.ਈ.ਪੀ.ਸੀ./ਐੱਨ.ਐੱਚ.ਡੀ.ਸੀ. ਐਂਟਰੀਆਂ ਨੂੰ ਬੁਣਕਰ ਸੇਵਾ ਕੇਂਦਰਾਂ ਦੇ ਖੇਤਰੀ ਨਿਦੇਸ਼ਕਾਂ ਦੀ ਪ੍ਰਧਾਨਗੀ ਵਿਚ ਗਠਿਤ ਖੇਤਰ ਪੱਧਰੀ ਕਮੇਟੀਆਂ ਵਲੋਂ ਚੋਣ ਲਈ ਖੇਤਰੀ ਨਿਦੇਸ਼ਕਾਂ ਨੂੰ ਭੇਜਣਗੇ। ਖੇਤਰ ਪੱਧਰੀ ਕਮੇਟੀ ਹਰੇਕ ਰਾਜ ਤੋਂ ਐਂਟਰੀਆਂ ਦੀ ਚੋਣ (ਜੋ ਦਸ ਤੋਂ ਜ਼ਿਆਦਾ ਨਾ ਹੋਣ) ਕਰਕੇ ਚੁਣੀਆਂ ਗਈਆਂ ਐਂਟਰੀਆਂ ਨੂੰ ਹੈਡ ਕੁਆਟਰ ਪੱਧਰੀ ਚੋਣ ਕਮੇਟੀ, ਵਿਕਾਸ ਕਮਿਸ਼ਨਰ (ਹੱਥਖੱਡੀ) ਦਫ਼ਤਰ ਜਾਂ ਬੁਣਕਰ ਸੇਵਾ ਕੇਂਦਰ ਦਿੱਲੀ, ਜਿਵੇਂ ਵੀ ਨਿਰਣਾ ਲਿਆ ਗਿਆ ਹੋਵੇ, ਨੂੰ ਅੱਗੇ ਭੇਜੇਗੀ।

### (ii) ਹਸਤਸ਼ਿਲਪ

ਚੋਣ ਪ੍ਰਕਿਰਿਆ ਰਾਜ ਪੱਧਰ 'ਤੇ ਸ਼ੁਰੂ ਹੋਵੇਗੀ। ਵਿਕਾਸ ਕਮਿਸ਼ਨਰ (ਹਸਤਸ਼ਿਲਪ) ਦਫ਼ਤਰ ਦੇ ਖੇਤਰੀ ਨਿਦੇਸ਼ਕ, ਜੋ ਰਾਜ ਪੱਧਰੀ ਕਮੇਟੀ ਦੇ ਕਨਵੀਨਰ ਦੇ ਰੂਪ ਵਿਚ ਕੰਮ ਕਰਨਗੇ, ਜ਼ਿਲ੍ਹਾ ਉਦਯੋਗ ਕੇਂਦਰਾਂ ਅਤੇ ਵਪਾਰ ਸੇਵਾ ਵਿਸਤਾਰ ਕੇਂਦਰਾਂ ਵਿਚ ਇਸਨੂੰ ਲਾਗੂ ਕਰਕੇ ਪ੍ਰਕਿਰਿਆ ਦੀ ਸ਼ੁਰੂਆਤ ਕਰਨਗੇ ਅਤੇ ਰਾਜ ਪੱਧਰੀ ਕਮੇਟੀ ਨੂੰ ਐਂਟਰੀਆਂ ਭਿਜਵਾਉਣਗੇ। ਇਸ ਕਾਰਜ ਲਈ ਇਕ ਅੰਤਮ ਤਾਰੀਖ ਦਾ ਨਿਰਧਾਰਣ ਕੀਤਾ ਜਾਏਗਾ। ਉਸ ਮਗਰੋਂ ਰਾਜ ਪੱਧਰੀ ਕਮੇਟੀ ਵਲੋਂ ਹਰੇਕ ਰਾਜ ਤੋਂ ਐਂਟਰੀਆਂ ਦਾ ਚੋਣ (ਜੋ 10 ਤੋਂ ਜ਼ਿਆਦਾ ਨਹੀਂ ਹੋਵੇਗੀ) ਕਰਕੇ ਉਨ੍ਹਾਂ ਨੂੰ ਨਵੀਂ ਦਿੱਲੀ ਸਥਿਤ ਵਿਕਾਸ ਕਮਿਸ਼ਨਰ (ਹਸਤਸ਼ਿਲਪ) ਦਫ਼ਤਰ ਵਿਚ ਹੈਡ ਕੁਆਟਰ ਪੱਧਰੀ ਕਮੇਟੀ ਨੂੰ ਭਿਜਵਾਇਆ ਜਾਏਗਾ। ਇਹ ਨਿਸ਼ਚਿਤ ਕਰਨ ਲਈ ਕਿ ਇਸ ਪ੍ਰਕਿਰਿਆ ਵਿਚ ਜ਼ਿਆਦਾ ਦੇਰੀ ਨਾ ਹੋਵੇ, ਖੇਤਰੀ ਨਿਦੇਸ਼ਕ ਇਕ ਅੰਤਮ ਤਾਰੀਖ ਦਾ ਨਿਰਧਾਰਣ ਕਰਨਗੇ ਅਤੇ ਉਨ੍ਹਾਂ ਨੂੰ ਕੇਂਦਰਾਂ ਤੋਂ ਉਸ ਤਾਰੀਖ ਤਕ ਪ੍ਰਾਪਤ ਐਂਟਰੀਆਂ ਉੱਤੇ ਵਿਚਾਰ ਕਰਨਗੇ। ਇਸ ਤੋਂ ਇਲਾਵਾ, ਗੁਣਵੱਤਾ ਅਤੇ ਕੰਪੀਟਿਸ਼ਨ ਸੁਨਿਸ਼ਚਿਤ ਕਰਨ ਦੇ ਉਦੇਸ਼ ਨਾਲ ਰਾਜ ਪੱਧਰੀ ਕਮੇਟੀ ਵਲੋਂ ਹੇਠ ਲਿਖੇ ਤੋਂ ਪ੍ਰਾਪਤ ਐਂਟਰੀਆਂ ਵੀ ਵਿਚਾਰ ਲਈ ਸਵੀਕਾਰ ਕੀਤੀਆਂ ਜਾਣਗੀਆਂ :-

1. ਰਾਜ ਪੱਧਰੀ ਕਮੇਟੀ ਦਾ ਕੋਈ ਵੀ ਮੈਂਬਰ
2. ਅਖਿਲ ਭਾਰਤੀ ਹੱਥਖੱਡੀ/ਹਸਤਸ਼ਿਲਪ ਬੋਰਡ
3. ਰਾਜ ਹਸਤਸ਼ਿਲਪ/ਹੱਥਖੱਡੀ ਵਿਕਾਸ ਨਿਗਮ/ਉੱਘੀ ਹੱਥਖੱਡੀ ਬੁਣਕਰ ਸਹਿਕਾਰੀ ਕਮੇਟੀਆਂ
4. ਖੇਤਰੀ ਡਿਜ਼ਾਇਨ ਅਤੇ ਤਕਨੀਕੀ ਵਿਕਾਸ ਕੇਂਦਰ/ਐੱਨ.ਸੀ.ਟੀ.ਡੀ.
5. ਰਾਜ ਡਿਜ਼ਾਇਨ ਕੇਂਦਰ

ਰਾਜ/ਖੇਤਰੀ ਕਮੇਟੀਆਂ ਤੋਂ ਪ੍ਰਾਪਤ ਹਸਤਸ਼ਿਲਪ ਤੇ ਹੱਥਖੱਡੀ ਸਬੰਧੀ ਐਂਟਰੀਆਂ ਵਿਚੋਂ ਅੰਤਮ ਚੋਣ ਹੈਡ ਕੁਆਟਰ ਪੱਧਰੀ ਕਮੇਟੀ ਵਲੋਂ ਕੀਤਾ ਜਾਏਗਾ।

ਹੈਡ ਕੁਆਟਰ ਪੱਧਰੀ ਕਮੇਟੀ ਇਨ੍ਹਾਂ ਚੁਣੀਆਂ ਐਂਟਰੀਆਂ (ਜੋ ਪੁਰਸਕਾਰਾਂ ਦੀ ਗਿਣਤੀ ਤੋਂ ਦੁਗਣੇ ਤੋਂ ਜ਼ਿਆਦਾ ਨਹੀਂ ਹੋਣਗੀਆਂ) ਨੂੰ ਕੇਂਦਰੀ ਚੋਣ ਕਮੇਟੀ ਦੇ ਵਿਚਾਰ ਲਈ ਪੇਸ਼ ਕਰੇਗੀ। ਕੇਂਦਰੀ ਚੋਣ ਕਮੇਟੀ ਹਸਤਸ਼ਿਲਪ ਅਤੇ ਹੱਥਖੱਡੀ ਦੇ ਸਬੰਧ ਵਿਚ ਦੋਵੇਂ ਹੈਡ ਕੁਆਟਰ ਪੱਧਰੀ ਕਮੇਟੀਆਂ ਤੋਂ ਪ੍ਰਾਪਤ ਐਂਟਰੀਆਂ ਵਿਚੋਂ ਅੰਤਮ ਚੋਣ ਕਰੇਗੀ। ਚੋਣ ਪ੍ਰਕਿਰਿਆ ਨੂੰ ਮੋਟੇ ਤੌਰ ’ਤੇ ਹੇਠ ਲਿਖੇ ਅਨੁਸਾਰ ਦਰਸਾਇਆ ਜਾ ਸਕਦਾ ਹੈ :-

| **ਹੱਥਖੱਡੀ** | **ਹਸਤਸ਼ਿਲਪ** |
|---|---|
| ਖੇਤਰ ਪੱਧਰੀ ਕਮੇਟੀ | ਰਾਜ ਪੱਧਰੀ ਕਮੇਟੀ |
| ਹੈਡ ਕੁਆਟਰ ਪੱਧਰੀ ਕਮੇਟੀ | ਹੈਡ ਕੁਆਟਰ ਪੱਧਰੀ ਕਮੇਟੀ |

## 9. ਕੇਂਦਰੀ ਚੋਣ ਕਮੇਟੀ

ਅਜਿਹੇ ਤੱਥ ਪੇਸ਼ ਕੀਤੇ ਗਏ ਹਨ ਕਿ ਸ਼ਿਲਪਕਾਰ ਆਪਣੀਆਂ ਸਿਰਜੀਆਂ ਉੱਤਮ ਵਸਤੂਆਂ ਦਾ ਵਪਾਰ ਨਹੀਂ ਕਰ ਪਾਂਦੇ ਅਤੇ ਉਨ੍ਹਾਂ ਨੂੰ ਭੇਜਣ ਵਿਚ ਅਸਮਰਥ ਹੁੰਦੇ ਹਨ, ਕਿਉਂਕਿ ਚੋਣ ਪ੍ਰਕਿਰਿਆ ਦੇ ਦੌਰਾਨ ਉਨ੍ਹਾਂ ਦਾ ਨਿਵੇਸ਼ ਲੰਮੇਸਮੇਂ ਤਕ ਰੁਕਿਆ ਰਹੇਗਾ। ਇਸ ਦੇ ਨਤੀਜੇ ਵਜੋਂ ਰਾਸ਼ਟਰੀ ਪੁਰਸਕਾਰਾਂ ਦੀ ਚੋਣ ਦੇ ਦੌਰਾਨ ਸਭ ਤੋਂ ਉੱਤਮ ਵਸਤੂਆਂ ਦੇ ਉਦਾਹਰਣ ਸਾਹਮਣੇ ਨਹੀਂ ਆਉਂਦੇ। ਇਸ ਲਈ ਇਹ ਨਿਰਣਾ ਲਿਆ ਗਿਆ ਹੈ ਕਿ ਚੋਣ ਦੇ ਸਾਰੇ ਪੱਧਰਾਂ ’ਤੇ ਵਪਾਰ ਸੰਗਠਨਾਂ, ਸਾਂਝਾ ਅਤੇ ਨਿਜੀ ਨਿਗਮਾਂ/ਸਹਿਕਾਰੀ ਕਮੇਟੀਆਂ/ਨਿਜੀ ਵਪਾਰੀਆਂ, ਨਿਰਯਾਤਕਾਂ, ਬੁਟੀਕਾਂ ਆਦਿ ਨੂੰ ਐਂਟਰੀਆਂ ਦੇ ਪ੍ਰਯੋਜਨ ਦੀ ਇਜਾਜ਼ਤ ਪ੍ਰਦਾਨ ਕੀਤੀ ਜਾਏ। ਪੁਰਸਕਾਰ ਉਨ੍ਹਾਂ ਸ਼ਿਲਪਕਾਰਾਂ/ਬੁਣਕਰਾਂ ਨੂੰ ਪ੍ਰਦਾਨ ਕੀਤੇ ਜਾਣਗੇ, ਜਿਨ੍ਹਾਂ ਨੇ ਉਨ੍ਹਾਂ ਵਸਤੂਆਂ ਦੀ ਸਿਰਜਣਾ ਕੀਤੀ ਹੈ।

ਬਹਿਰਹਾਲ, ਪੁਰਸਕਾਰ ਪ੍ਰਾਪਤ ਕਰਨ ਵਾਲੀਆਂ ਐਂਟਰੀਆਂ ਦੇ ਪ੍ਰਯੋਜਕ ਸੰਗਠਨਾਂ ਨੂੰ ਇਕ ਪ੍ਰਸ਼ੰਸਾ ਪੱਤਰ ਪ੍ਰਦਾਨ ਕੀਤਾ ਜਾਏਗਾ, ਤਾਂਕਿ ਸ਼ਿਲਪਕਾਰਾਂ ਉੱਤੇ ਆਰਥਿਕ ਬੋਝ ਨਾ ਪਾ ਕੇ ਵੱਧ ਤੋਂ ਵੱਧ ਸੰਗਠਨ ਅਤੇ ਵਿਅਕਤੀ ਆਪਣੀ ਖ਼ੁਦ ਦੀ ਲਾਗਤ ਨਾਲ ਐਂਟਰੀਆਂ ਨੂੰ ਪ੍ਰਾਯੋਜਿਤ ਕਰਨ ਲਈ ਪ੍ਰੋਤਸਾਹਿਤ ਹੋਣਗੇ।

ਕੇਂਦਰੀ/ਰਾਜ ਨਿਗਮਾਂ/ਇਸ ਖੇਤਰੀ ’ਚ ਕੰਮ ਕਰ ਰਹੇ ਨਿਸ਼ਕਾਮ ਸੰਗਠਨਾਂ ਵਲੋਂ ਪ੍ਰਾਯੋਜਿਤ ਸਾਰੀਆਂ ਐਂਟਰੀਆਂ ਸਬੰਧਤ ਰਾਜ/ਖੇਤਰ ਪੱਧਰੀ ਚੋਣ ਕਮੇਟੀਆਂ ਨੂੰ ਭਿਜਵਾਈਆਂ ਜਾਣਗੀਆਂ ਜਿਸ ਦੇ ਲਈ ਵਿਕਾਸ ਕਮਿਸ਼ਨਰ (ਹਸਤਸ਼ਿਲਪ), ਵਿਕਾਸ ਕਮਿਸ਼ਨਰ (ਹੱਥਖੱਡੀ) ਵਲੋਂ ਅੰਤਮ ਤਾਰੀਖ ਦਾ ਫੈਸਲਾ ਕੀਤਾ ਜਾਏਗਾ, ਜਿਸ ਤੋਂ ਬਾਅਦ ਕੋਈ ਪ੍ਰਤੱਖ ਐਂਟਰੀਆਂ ਸਵੀਕਾਰ ਨਹੀਂ ਕੀਤੀ ਜਾਏਗੀ। ਹੈਡ ਕੁਆਟਰ/ਕੇਂਦਰੀ ਚੋਣ ਕਮੇਟੀ ਦੇ ਮੈਂਬਰਾਂ ਵਲੋਂ ਕੀਤੀਆਂ ਗਈਆਂ ਸਿਫ਼ਾਰਸ਼ਾਂ, ਜੇਕਰ ਕੋਈ ਹੋਣ, ਵੀ ਸਬੰਧਤ ਵਿਕਾਸ ਕਮਿਸ਼ਨਰ ਜਾਂ ਵਿਕਾਸ ਕਮਿਸ਼ਨਰ (ਹੱਥਖੱਡੀ/ਹਸਤਸ਼ਿਲਪ) ਦਫ਼ਤਰ ਦੇ ਆਂਚਲਿਕ/ਖੇਤਰੀ ਦਫ਼ਤਰ ਨੂੰ ਖੇਤਰੀ/ਰਾਜ ਪੱਧਰ ’ਤੇ ਅੰਤਮ ਤਾਰੀਖ ਤੋਂ ਕਾਫ਼ੀ ਪਹਿਲਾਂ ਅੱਗੇ ਭੇਜ ਦਿੱਤੀਆਂ ਜਾਣਗੀਆਂ, ਤਾਂਕਿ ਉਨ੍ਹਾਂ ਨੂੰ ਵਿਚਾਰ ਲਈ ਅੱਗੇ ਭਿਜਵਾਇਆ ਜਾ ਸਕੇ। ਜੇਕਰ ਇਨ੍ਹਾਂ ਦੀ ਸਿਫਾਰਸ਼ ਖੇਤਰੀ/ਰਾਜ ਪੱਧਰ ’ਤੇ ਨਾ ਵੀ ਕੀਤੀ ਗਈ ਹੋਵੇ, ਫਿਰ ਵੀ ਇਨ੍ਹਾਂ ਨੂੰ ਹੈਡ ਕੁਆਟਰ/ਕੇਂਦਰੀ ਚੋਣ ਕਮੇਟੀ ਦੇ ਸਾਹਮਣੇ ਪੇਸ਼ ਕੀਤਾ ਜਾਏਗਾ।

## 10. ਚੋਣ ਲਈ ਮਾਨਦੰਡ

ਪ੍ਰਮੁੱਖ ਮਾਨਦੰਡ ਹੇਠ ਲਿਖੇ ਅਨੁਸਾਰ ਹਨ, ਜਿਨ੍ਹਾਂ ਦਾ ਧਿਆਨ ਸ਼ਿਲਪਕਾਰਾਂ/ਬੁਣਕਰਾਂ ਦੀ ਚੋਣ ਕਰਕੇ ਸਮੇਂ ਰਖਿਆ ਜਾਣਾ ਚਾਹੀਦਾ ਹੈ-

(ਕ) ਸ਼ਿਲਪਕਾਰੀ ਦੀ ਉੱਤਮਤਾ ਐਂਟਰੀਆਂ ਦੇ ਰੂਪ ਵਿਚ ਪ੍ਰਾਪਤ ਨਮੂਨਿਆਂ ਅਤੇ/ਜਾਂ ਚਿੱਤਰਾਂ ਅਤੇ ਹੋਰ ਸਬੂਤ ਜਿਸ ਨੂੰ ਪੇਸ਼ ਕੀਤਾ ਜਾਏ, ਤੋਂ ਇਸ ਦਾ ਫੈਸਲਾ ਕੀਤਾ ਜਾਣਾ ਚਾਹੀਦਾ ਹੈ।

(ਖ) ਸ਼ਿਲਪਕਾਰ ਵਲੋਂ ਹੋਰ ਸ਼ਿਲਪਕਾਰਾਂ ਨੂੰ ਦਿੱਤੀ ਟ੍ਰੇਨਿੰਗ ਦੇ ਰੂਪ ਵਿਚ ਉਸ ਸ਼ਿਲਪ ਦੇ ਵਿਕਾਸ ਵਿਚ ਉਸ ਦਾ ਯੋਗਦਾਨ।

(ਗ) ਸਬੰਧਤ ਪ੍ਰਾਪਤੀਆਂ (ਇਸ ਦਾ ਨਿਰਣਾ ਸ਼ਿਲਪਕਾਰ/ਪ੍ਰਯੋਜਨ ਸੰਗਠਨ ਵਲੋਂ ਪੇਸ਼ ਜੀਵਨ ਵੇਰਵਾ ਅਤੇ ਹੋਰ ਸਮੱਗਰੀ ਤੋਂ ਕੀਤਾ ਜਾਣਾ ਚਾਹੀਦਾ ਹੈ।

(ਘ) ਸ਼ਿਲਪਕਾਰਾਂ/ਬੁਣਕਰਾਂ ਦੀ ਚੋਣ ਕਰਦੇ ਸਮੇਂ ਹੇਠ ਲਿਖੇ ਉੱਤੇ ਵੀ ਖ਼ਾਸ ਧਿਆਨ ਦਿੱਤਾ ਜਾਏ :-

(i) ਜੇਕਰ ਉਹ ਸ਼ਿਲਪ ਲੁਪਤ ਹੋ ਰਿਹਾ ਸ਼ਿਲਪ ਹੈ।

(ii) ਜੇਕਰ ਉਤਪਾਦ ਵੱਖ-ਵੱਖ ਜਾਂ ਸਮਕਾਲੀ ਪ੍ਰਯੋਗ ਦੇ ਮਾਧਿਅਮ ਨਾਲ ਕਿਸੇ ਲੁਪਤ ਹੋ ਰਹੇ ਸ਼ਿਲਪ ਨੂੰ ਮੁੜ ਸੁਰਜੀਤ ਕਰਨ ਲਈ ਜ਼ਿਕਰਯੋਗ ਜਤਨ ਕੀਤੇ ਗਏ ਹੋਣ। ਹੋਰ ਸ਼ਬਦਾਂ ਵਿਚ ਸ਼ਿਲਪ ਦੇ ਵਿਕਾਸ ਵਿਚ ਸਫ਼ਲਤਾ ਹਾਸਲ ਕਰਨ ਲਈ ਕੀਤੇ ਗਏ ਜਤਨਾਂ ਉੱਤੇ ਉਚਿਤ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

(iii) ਸ਼ਿਲਪਕਾਰਾਂ ਵਲੋਂ ਡਿਜ਼ਾਇਨ ਵਿਚ ਲਿਆਂਦੀ ਗਈ ਨਵੀਂ ਪ੍ਰਣਾਲੀ। ਪਿਛਲੇ ਕੁਝ ਸਾਲਾਂ ਵਿਚ ਇਹ ਦੇਖਿਆ ਗਿਆ ਹੈ ਕਿ ਜ਼ਿਆਦਾਤਰ ਨੌਜਵਾਨ ਸ਼ਿਲਪਕਾਰਾਂ/ਬੁਣਕਰਾਂ ਦੀ ਚੋਣ ਸ਼ਿਲਪ ਵਿਚ ਉਨ੍ਹਾਂ ਦੇ ਸਮੁੱਚੇ ਯੋਗਦਾਨ ’ਤੇ ਵਿਚਾਰ ਕੀਤੇ ਬਿਨਾ ਸਿਰਫ਼ ਉਨ੍ਹਾਂ ਦੀ ਐਂਟਰੀ ਦੀ ਗੁਣਵੱਤਾ ਦੇ ਅਧਾਰ ’ਤੇ ਕਰ ਲਿਆ ਗਿਆ। ਇਸ ਤੋਂ ਬਚਿਆ ਜਾਏ।

## 11. ਆਮ ਦਿਸ਼ਾ-ਨਿਰਦੇਸ਼

ਪ੍ਰਾਪਤ ਐਂਟਰੀਆਂ, ਜਿਨ੍ਹਾਂ ਦੀ ਚੋਣ ਰਾਜ/ਖੇਤਰ ਪੱਧਰੀ ਚੋਣ ਕਮੇਟੀ ਵਲੋਂ ਨਹੀਂ ਕੀਤੀ ਗਈ, ਚੋਣ ਪ੍ਰਕਿਰਿਆ ਖ਼ਤਮ ਹੋਣ ’ਤੇ ਸਬੰਧਤ ਵਿਅਕਤੀਆਂ ਨੂੰ ਤੁਰੰਤ ਜਾਂ 30 ਦਿਨਾਂ ਦੇ ਅੰਦਰ ਵਾਪਸ ਮੋੜ ਦਿੱਤੀ ਜਾਏਗੀ। ਰਾਜ ਪੱਧਰੀ ਕਮੇਟੀ/ਖੇਤਰ ਪੱਧਰੀ ਕਮੇਟੀ ਦੇ ਗਠਨ ਰਾਹੀਂ ਸਬੰਧਤ ਵਿਅਕਤੀ ਨੂੰ ਉਸ ਦੀ ਭਾਗੀਦਾਰੀ ਲਈ ਪ੍ਰਸ਼ੰਸਾ ਪੱਤਰ ਜਾਰੀ ਕੀਤੇ ਜਾਣਗੇ।

ਵਿਕਾਸ ਕਮਿਸ਼ਨਰ (ਹੱਥਖੱਡੀ) ਦੇ ਖੇਤਰੀ ਦਫ਼ਤਰ ਜਾਂ ਬੁਣਕਰ ਸੇਵਾ ਕੇਂਦਰਾਂ, ਭਾਰਤੀ ਹੱਥਖੱਡੀ ਤਕਨੀਕੀ ਸੰਸਥਾਨਾਂ ਅਤੇ ਵਿਕਾਸ ਕਮਿਸ਼ਨਰ (ਹਸਤਸ਼ਿਲਪ) ਦੇ ਦਫ਼ਤਰਾਂ ਜਾਂ ਆਰ.ਈ. ਐਂਡ ਟੀ.ਡੀ.ਸੀ. ਤੇ ਐੱਮ ਐਂਡ ਐੱਸ.ਈ.ਸੀ., ਭੀ.ਸੀ.ਡੀ.ਆਈ. ਅਤੇ ਐੱਨ.ਸੀ.ਐੱਚ.ਪੀ.ਟੀ. ਆਦਿ ਨੂੰ ਬੇਨਤੀ ਕੀਤੀ ਜਾਏ ਕਿ ਉਹ ਹਰ ਸਾਲ ਘੱਟੋ-ਘੱਟ 5 ਵਧੀਆਂ ਨਵੀਆਂ ਕ੍ਰਿਤੀਆਂ ਦਾ ਪਤਾ ਕਰਕੇ ਉਨ੍ਹਾਂ ਨੂੰ ਪ੍ਰਾਯੋਜਿਤ ਕਰਨ। ਜੇਕਰ ਖੇਤਰੀ ਦਫ਼ਤਰਾਂ ਵਲੋਂ ਪ੍ਰਾਯੋਜਿਤ ਐਂਟਰੀਆਂ ਨੂੰ ਰਾਸ਼ਟਰੀ ਪੁਰਸਕਾਰ ਪ੍ਰਾਪਤ ਹੁੰਦਾ ਹੈ ਤਾਂ ਸਬੰਧਤ ਅਫ਼ਸਰਾਂ/ਕਰਮਚਾਰੀਆਂ ਨੂੰ ਪ੍ਰਸ਼ੰਸਾ ਪੱਤਰ ਅਤੇ/ਜਾਂ ਸਨਮਾਨ ਦਿੱਤਾ ਜਾਏ।

ਰਾਸ਼ਟਰੀ ਪੱਧਰ ’ਤੇ ਰਾਸ਼ਟਰੀ ਪੁਰਸਕਾਰ ਤੇ ਮੈਰਿਟ ਪ੍ਰਮਾਣ ਪੱਤਰ ਦੀ ਚੋਣ ਵਿਚ ਜਿਨ੍ਹਾਂ ਸ਼ਿਲਪਕਾਰਾਂ ਦੀਆਂ ਐਂਟਰੀਆਂ ਨੂੰ ਵਿਚਾਰ ਲਈ ਚੁਣ ਲਿਆ ਜਾਂਦਾ ਹੈ, ਸੈਂਟਰਲ ਕਾਟੇਜ ਇੰਡਸਟ੍ਰੀਜ ਕਾਰਪੋਰੇਸ਼ਨ ਆਫ਼ ਇੰਡੀਆ ਲਿ. ਵਲੋਂ ਸ਼ਿਲਪਕਾਰਾਂ ਦੇ ਪੈਨਲ ਵਿਚ ਸ਼ਾਮਲ ਕਰਕੇ ਵਿਭਿੰਨ ਸ਼ਹਿਰਾਂ ਵਿਚ ਸਥਿਤ ਆਪਣੇ ਇੰਪੋਰੀਅਮਾਂ ਦੇ ਮਾਧਿਅਮ ਨਾਲ ਵਪਾਰ ਸਹਾਇਤਾ ਪ੍ਰਦਾਨ ਕੀਤੀ ਜਾਏ।

ਉਨ੍ਹਾਂ ਐਂਟਰੀਆਂ ਦੇ ਲਈ, ਜਿਨ੍ਹਾਂ ਦੀ ਸਿਫ਼ਾਰਸ਼ ਹੈਡ ਕੁਆਟਰ ਪੱਧਰੀ ਕਮੇਟੀ ਵਲੋਂ ਕੀਤੀ ਗਈ ਸੀ ਪਰ ਪੁਰਸਕਾਰ ਲਈ ਕੇਂਦਰੀ ਪੱਧਰ ’ਤੇ ਚੁਣਿਆ ਨਹੀਂ ਗਿਆ, ਉਨ੍ਹਾਂ ਦੇ ਭਾਗੀਦਾਰ ਦਸਤਕਾਰਾਂ ਅਤੇ ਬੁਣਕਰਾਂ ਨੂੰ ਵਿਕਾਸ ਕਮਿਸ਼ਨਰ (ਹੱਥਖੱਡੀ)/ਐਡੀਸ਼ਨਲ ਵਿਕਾਸ ਕਮਿਸ਼ਨਰ ਦੇ ਦਸਤਖ਼ਤਾਂ ਵਾਲੇ ਪ੍ਰਸ਼ੰਸਾ ਪੱਤਰ ਭਿਜਵਾਏ ਜਾਣਗੇ ਅਤੇ ਸ਼ਿਲਪਕਾਰ/ਬੁਣਕਰ ਪਾਸਬੁਕ ਵਿਚ ਇਸ ਦੀ ਐਂਟਰੀ ਵੀ ਕੀਤੀ ਜਾਏਗੀ। ਅਜਿਹੇ ਸ਼ਿਲਪਕਾਰਾਂ/ਬੁਣਕਰਾਂ ਨੂੰ ਵਿਕਾਸ ਕਮਿਸ਼ਨਰ (ਹੱਥਖੱਡੀ)/ਵਿਕਾਸ ਕਮਿਸ਼ਨਰ (ਹਸਤਸ਼ਿਲਪ) ਦਫ਼ਤਰ ਵਲੋਂ ਪ੍ਰਵਾਨਿਤ ਵਿਭਿੰਨ ਵਪਾਰ ਪ੍ਰੋਗਰਾਮਾਂ ਵਿਚ ਹਿੱਸੇਦਾਰੀ ਵਿਚ ਪਹਿਲ ਦਿੱਤੀ ਜਾਏ।

ਸਾਰੇ ਖੇਤਰੀ ਦਫ਼ਤਰ ਅਤੇ ਐੱਮ ਐਂਡ ਐੱਸ.ਈ.ਸੀ. ਵਲੋਂ ਦਸਤਕਾਰਾਂ ਨੂੰ ਰਾਸ਼ਟਰੀ ਪੁਰਸਕਾਰ ਲਈ ਐਂਟਰੀਆਂ ਭੇਜਣ ਲਈ ਪ੍ਰੋਤਸਾਹਿਤ ਕਰਨ ਲਈ ਉਨ੍ਹਾਂ ਵਲੋਂ ਚੁਕੇ ਗਏ ਕਦਮਾਂ ਦੇ ਬਾਰੇ ਵਿਚ ਹਰੇਕ ਵਿੱਤੀ ਸਾਲ ਦੇ ਅੰਤ ਵਿਚ ਲਾਜ਼ਮੀ ਤੌਰ ਤੇ ਇਕ ਸੰਖੇਪ ਨੋਟ ਪੇਸ਼ ਕੀਤਾ ਜਾਏ।

ਚੋਣ ਪ੍ਰਕਿਰਿਆ ਨੂੰ ਜ਼ਿਆਦਾ ਪਾਰਦਰਸ਼ੀ ਅਤੇ ਨਿਰਪਖ ਬਣਾਉਣ ਦੇ ਉਦੇਸ਼ ਨਾਲ ਰਾਜ ਪੱਧਰੀ/ਖੇਤਰ ਪੱਧਰੀ ਕਮੇਟੀਆਂ ਦੇ ਸਾਰੇ ਗੈਰ ਸਰਕਾਰੀ ਮੈਂਬਰਾਂ ਦੀ ਹਰੇਕ 2 ਸਾਲ ਵਿਚ ਸਮੀਖਿਆ ਕੀਤੀ ਜਾਏ/ਉਨ੍ਹਾਂ ਨੂੰ ਬਦਲਿਆ ਜਾਏ ਅਤੇ ਹੱਥਖੱਡੀ/ਹਸਤਸ਼ਿਲਪ ਦੇ ਖੇਤਰ ਵਿਚ ਚੰਗੇ ਪਿਛੋਕੜ ਵਾਲੇ ਨਵੇਂ ਮੈਂਬਰਾਂ ਨੂੰ ਸ਼ਾਮਲ ਕੀਤਾ ਜਾਏ।

ਹੈਡ ਕੁਆਟਰ ਪੱਧਰ ਤੇ ਵਿਕਾਸ ਕਮਿਸ਼ਨਰ (ਹਸਤਸ਼ਿਲਪ) ਅਤੇ ਵਿਕਾਸ ਕਮਿਸ਼ਨਰ (ਹੱਥਖੱਡੀ) ਦੋਹਾਂ ਦਫ਼ਤਰਾਂ ਵਿਚ ਹਰੇਕ 2 ਸਾਲ ਵਿਚ, 15 ਪ੍ਰਸਿਧ ਡਿਜ਼ਾਇਨਰਾਂ ਦਾ ਇਕ ਪੈਨਲ ਤਿਆਰ ਕੀਤਾ ਜਾਏ। ਇਸ ਪੈਨਲ ਦੇ ਡਿਜ਼ਾਇਨਰਾਂ ਨੂੰ ਹੈਡ ਕੁਆਟਰ/ਖੇਤਰੀ/ਰਾਜ ਪੱਧਰੀ ਚੋਣ ਕਮੇਟੀ ਅਤੇ ਕੋਰ ਕਮੇਟੀ ਵਿਚ ਮੈਂਬਰ ਦੇ ਤੌਰ ਤੇ ਨਾਮਜ਼ਦ ਕੀਤਾ ਜਾਏਗਾ।

ਚੋਣ ਪ੍ਰਕਿਰਿਆ ਵਿਚ ਕਿਸੇ ਤਰ੍ਹਾਂ ਦੀ ਜਟਿਲਤਾ ਜਾਂ ਵਿਵਾਦ ਤੋਂ ਬਚਣ ਤੇ ਇਸ ਨੂੰ ਹੋਰ ਜ਼ਿਆਦਾ ਪਾਰਦਰਸ਼. ਬਣਾਉਣ ਲਈ ਰਾਜ/ਖੇਤਰ ਪੱਧਰੀ ਕਮੇਟੀਆਂ ਦੇ ਮੈਂਬਰਾਂ ਲਈ ਵਿਭਿੰਨ ਮਾਨਦੰਡਾਂ ਨੂੰ ਸ਼ਾਮਲ ਕਰਦੇ ਹੋਏ ਇਕ ਫਾਰਮ ਤਿਆਰ ਕੀਤਾ ਜਾਏ ਜਿਸ ਵਿਚ ਉਹ ਹਰੇਕ ਕੰਪੀਟਿਸ਼ਨ ਐਂਟਰੀ ਦੇ ਬਾਰੇ ਵਿਚ ਆਪਣੀ ਰਾਏ ਦਰਜ ਕਰਨਗੇ ਅਤੇ ਹਰੇਕ ਮਾਨਦੰਡ ਲਈ ਅੰਕ ਦਿੱਤੇ ਜਾਣਗੇ। ਜਿਨ੍ਹਾਂ ਦਸਤਕਾਰਾਂ/ਬੁਣਕਰਾਂ ਦੀਆਂ ਐਂਟਰੀਆਂ ਕੰਪੀਟਿਸ਼ਨ ਲਈ ਸ਼ਾਮਲ ਕੀਤੀਆਂ ਜਾਣੀਆਂ ਹਨ, ਉਨ੍ਹਾਂ ਸੰਖੇਪ ਜੀਵਨ ਵੇਰਵਾ ਕਮੇਟੀ ਨੂੰ ਪਹਿਲਾਂ ਹੀ ਭਿਜਵਾ ਦਿੱਤਾ ਜਾਏਗਾ।

## 12. ਪ੍ਰਚਾਰ

(ਕ) ਖੇਤਰੀ ਨਿਦੇਸ਼ਕ, ਬੁਣਕਰ ਸੇਵਾ ਕੇਂਦਰਾਂ ਵਲੋਂ ਹਰੇਕ ਖੇਤਰੀ ਦਫ਼ਤਰ/ਬੁਣਕਰ ਸੇਵਾ ਕੇਂਦਰ, ਦਿੱਲੀ ਹਾਟ, ਰਾਸ਼ਟਰੀ ਪੱਧਰ ਦੇ ਮੇਲਿਆਂ, ਸ਼ਿਲਪ ਬਜ਼ਾਰਾਂ ਆਦਿ ਵਿਚ ਸਥਾਈ ਹੋਰਡਿੰਗ ਦੇ ਮਾਧਿਅਮ ਨਾਲ ਵਿਆਪਕ ਪ੍ਰਚਾਰ ਕੀਤਾ ਜਾਏ ਅਤੇ ਸਾਰੇ ਸ਼ਿਲਪ ਸਮੂਹਾਂ, ਦਿੱਲੀ ਹਾਟ, ਸ਼ਿਲਪ ਬਜ਼ਾਰਾਂ, ਮੇਲਿਆਂ ਆਦਿ ਵਿਚ ਪੈਂਫਲਟ ਵੰਡੇ ਜਾਣਗੇ। ਬੋਰਡਾਂ/ਹੋਰਡਿੰਗਾਂ ਅਤੇ ਪੈਂਫਲਟਾਂ 'ਤੇ ਪੁਰਸਕਾਰਾਂ ਲਈ ਐਂਟਰੀਆਂ ਭੇਜਣ ਦੀ ਆਖ਼ਰੀ ਤਾਰੀਖ ਅਤੇ ਚੋਣ ਪ੍ਰਕਿਰਿਆ ਦੇ ਮਾਨਦੰਡਾਂ ਦਾ ਸੰਖੇਪ ਵਿਚ ਸਪਸ਼ਟ ਜ਼ਿਕਰ ਕੀਤਾ ਜਾਣਾ ਚਾਹੀਦਾ ਹੈ।

(ਖ) ਬੁਣਕਰ ਸੇਵਾ ਕੇਂਦਰਾਂ ਦੇ ਖੇਤਰੀ ਨਿਦੇਸ਼ਕ ਵਲੋਂ ਦੂਰਦਰਸ਼ਨ/ਆਕਾਸ਼ਵਾਣੀ ਅਤੇ ਸਥਾਨਕ ਅਖ਼ਬਾਰਾਂ ਵਿਚ ਇਸ਼ਤਿਹਾਰ ਦਿੱਤੇ ਜਾਣ। ਹਸਤਸ਼ਿਲਪ ਅਤੇ ਹੱਥਖੱਡੀ ਖੇਤਰ ਵਿਚ ਕੰਮ ਕਰ ਰਹੇ ਸਾਰੇ ਗੈਰ ਸਰਕਾਰੀ ਸੰਗਠਨਾਂ ਤੋਂ ਵਿਕਾਸ ਕਮਿਸ਼ਨਰ (ਹਸਤਸ਼ਿਲਪ) ਵਿਕਾਸ ਕਮਿਸ਼ਨਰ (ਹੱਥਖੱਡੀ) ਵਲੋਂ ਆਰਥਿਕ ਪੋਸ਼ਣ ਉਨ੍ਹਾਂ ਦੇ ਪ੍ਰੋਗਰਾਮਾਂ ਵਿਚ ਰਾਸ਼ਟਰੀ ਪੁਰਸਕਾਰਾਂ ਦੇ ਬਾਰੇ ਵਿਚ ਵਿਆਪਕ ਪ੍ਰਚਾਰ ਕਰਨ ਦੀ ਬੇਨਤੀ ਕੀਤੀ ਜਾਏ ਅਤੇ ਗੈਰ ਸਰਕਾਰੀ ਸੰਗਠਨਾਂ, ਰਾਜ ਹਸਤਸ਼ਿਲਪ ਨਿਗਮਾਂ ਨੂੰ ਸਭ ਤੋਂ ਉੱਤਮ ਐਂਟਰੀਆਂ ਦੀ ਖੋਜ ਲਈ ਪ੍ਰੋਸਤਸਾਹਨ ਦੇਣ 'ਤੇ ਵਿਚਾਰ ਕੀਤਾ ਜਾਏ।

(ਗ) ਜ਼ਿਲ੍ਹਾ ਕਲੈਕਟਰਾਂ/ਮਜਿਸਟ੍ਰੇਟਾਂ/ਜ਼ਿਲ੍ਹਾ ਉਦਯੋਗ ਕੇਂਦਰਾਂ/ਵਿਕਾਸ ਵਿਭਾਗ ਦੇ ਅਫ਼ਸਰਾਂ/ਪੰਚਾਇਤਾਂ ਅਤੇ ਜ਼ਿਲ੍ਹਾ ਗ੍ਰਾਮੀਣ ਵਿਕਾਸ ਅਥਾਰਿਟੀ (ਡੀ.ਆਰ.ਡੀ.ਏ.) ਤੋਂ ਆਪਣੇ ਪੱਧਰ 'ਤੇ ਪ੍ਰਚਾਰ ਕਰਨ ਦੀ ਬੇਨਤੀ ਕੀਤੀ ਜਾਏ।

(ਘ) ਰਾਸ਼ਟਰੀ ਪੁਰਸਕਾਰ ਯੋਜਨਾ ਦੇ ਬਾਰੇ ਵਿਚ ਬੇਹਤਰ ਜਾਗਰੂਕਤਾ ਲਈ ਬੁਣਕਰ ਸੇਵਾ ਕੇਂਦਰਾਂ ਦੇ ਖੇਤਰੀ ਨਿਦੇਸ਼ਕ ਵਲੋਂ ਸ਼ਿਲਪਕਾਰ/ਬੁਣਕਰ ਐਸੋਸੀਏਸ਼ਨਾਂ ਦੇ ਪ੍ਰਤੀਨਿਧੀ ਸ਼ਿਲਪਕਾਰਾਂ/ਬੁਣਕਰਾਂ ਦੇ ਨਾਲ ਖ਼ਾਸ ਬੈਠਕ ਦਾ ਆਯੋਜਨ ਕੀਤਾ ਜਾਏ ਅਤੇ ਸਥਾਨਕ ਅਖ਼ਬਾਰਾਂ ਵਿਚ ਪਹਿਲਾਂ ਤੋਂ ਹੀ ਇਸ਼ਤਿਹਾਰ ਦੇ ਦਿੱਤੇ ਜਾਣ।

(ਙ) ਬੁਣਕਰ ਸੇਵਾ ਕੇਂਦਰਾਂ ਦੇ ਖੇਤਰੀ ਨਿਦੇਸ਼ਕ ਵਲੋਂ ਰਾਸ਼ਟਰੀ ਪੁਰਸਕਾਰ ਯੋਜਨਾ ਤੇ ਐਂਟਰੀਆਂ ਭੇਜਣ ਦੀ ਆਖ਼ਰੀ ਤਾਰੀਖ ਦਾ ਪ੍ਰਚਾਰ ਹਰੇਕ ਸਾਲ ਅਪ੍ਰੈਲ ਮਹੀਨੇ ਵਿਚ ਭਾਵ 6 ਮਹੀਨੇ ਪਹਿਲਾਂ ਕੀਤਾ ਜਾਏ।

(ਚ) ਬੁਣਕਰ ਸੇਵਾ ਕੇਂਦਰਾਂ ਦੇ ਖੇਤਰੀ ਨਿਦੇਸ਼ਕ ਵਲੋਂ ਬੈਠਕਾਂ/ਵਿਚਾਰ ਗੋਸ਼ਠੀਆਂ/ਆਪਸੀ ਸੰਵਾਦ ਸੈਸ਼ਨਾਂ ਆਦਿ ਵਿਚ ਰਾਸ਼ਟਰੀ ਪੁਰਸਕਾਰ ਯੋਜਨਾ ਤੇ ਭਾਗੀਦਾਰਾਂ ਨੂੰ ਦਿੱਤੀ ਜਾਣ ਵਾਲੀਆਂ ਸਹੂਲਤਾਂ ਦਾ ਖ਼ਾਸ ਜ਼ਿਕਰ ਕੀਤਾ ਜਾਏ।

**ਫਾਰਮ-ਰਾਸ਼ਟਰੀ ਪੁਰਸਕਾਰ**

**ਭਾਰਤ ਸਰਕਾਰ,**
**ਕੱਪੜਾ ਮੰਤਰਾਲਾ**
**ਵਿਕਾਸ ਕਮਿਸ਼ਨਰ, ਹੱਥਖੱਡੀ ਦਾ ਦਫ਼ਤਰ**

## ਮਾਸਟਰ ਸ਼ਿਲਪਕਾਰਾਂ ਅਤੇ ਮਾਸਟਰ ਬੁਣਕਰਾਂ ਲਈ ਰਾਸ਼ਟਰੀ ਪੁਰਸਕਾਰਾਂ ਲਈ ਐਂਟਰੀਆਂ ਭੇਜਣ ਲਈ ਸ਼ਿਲਪਕਾਰਾਂ ਅਤੇ ਸਿਫਾਰਸ਼ ਕਰਨ ਵਾਲੀ ਏਜੰਸੀ ਵਲੋਂ ਸ਼ਾਮਲ ਕੀਤਾ ਜਾਣ ਵਾਲਾ ਫਾਰਮ

ਸਬੰਧਤ ਇੰਚਾਰਜ ਅਫ਼ਸਰ,
ਬੁਣਕਰ ਸੇਵਾ ਕੇਂਦਰ ਜਾਂ
ਖੇਤਰੀ ਨਿਦੇਸ਼ਕ ਵਲੋਂ
ਅਟੈਸਟਿਡ ਪਾਸਪੋਰਟ ਸਾਈਜ਼ ਦੀ ਫੋਟੋ

(ਕ)

1. ਰਾਜ
2. ਸਿਫਾਰਸ਼ ਕਰਨ ਵਾਲੀ ਏਜੰਸੀ
3. ਸਾਲ

(ਖ)

1. ਬੁਣਕਰ/ਸ਼ਿਲਪਕਾਰ ਦਾ ਨਾਂ ਅਤੇ ਪਤਾ (ਹਿੰਦੀ ਤੇ ਅੰਗ੍ਰੇਜ਼ੀ, ਦੋਹਾਂ ਵਿਚ)
2. ਉਮਰ (ਜਨਮ ਮਿਤੀ)
3. ਵਪਾਰ ਸਬੰਧੀ ਸ਼ਿਲਪ ਦਾ ਨਾਂ
4. ਗੁਰੂ ਜਾਂ ਸ਼ਿਸ਼, ਜਿਨ੍ਹਾਂ ਤੋਂ ਸ਼ਿਲਪਕਾਰ/ਬੁਣਕਰ ਨੇ ਸਿੱਖਣਾ ਸ਼ੁਰੂ ਕੀਤਾ ਅਤੇ ਟ੍ਰੇਨਿੰਗ ਪ੍ਰਾਪਤ ਕੀਤੀ
5. ਅਨੁਭਵ (ਸਾਲਾਂ ਵਿਚ)
6. (ਕ) ਸ਼ਿਲਪ ਵਿਚ ਕੁਸ਼ਲਤਾ ਦੀ ਸੀਮਾ

   (ਖ) ਸ਼ਿਲਪ ਕੀ ਪਰੰਪਰਾਗਤ ਤਕਨੀਕ ਵਿਚ ਨਿਪੁੰਨਤਾ

   (ਗ) ਨਵੇਂ ਡਿਜ਼ਾਇਨਾਂ ਦੇ ਸਿਰਜਣ ਦੀ ਯੋਗਤਾ

(ਘ) ਸ਼ਿਲਪ ਅਤੇ ਇਸ ਦੀ ਤਕਨੀਕਾਂ ਦੇ ਵਿਕਾਸ/ਸੁਧਾਰ ਵਿਚ ਸ਼ਿਲਪਕਾਰ/ਬੁਣਕਰ ਦੇ ਯੋਗਦਾਨ ਦਾ ਸੰਖੇਪ ਵੇਰਵਾ

7. ਪੁਰਾਤਨ ਕਲਾਵਾਂ ਅਤੇ ਸ਼ਿਲਪਾਂ ਜਾਂ ਤੱਤ ਸਬੰਧੀ

ਸਾਹਿਤ ਦਾ ਗਿਆਨ

8. ਸ਼ਿਲਪਕਾਰ/ਬੁਣਕਰ ਵਲੋਂ ਨਿਰਮਿਤ ਉੱਤਮ ਕ੍ਰਿਤੀ/ਵਸਤੂ ਦਾ ਵੇਰਵਾ। ਕੀ ਇਨ੍ਹਾਂ ਵਿਚੋਂ ਕਿਸੇ ਦੀ ਖ਼ਰੀਦ ਮਿਊਜ਼ਿਅਮ, ਮੰਦਰਾਂ, ਕਲਾ ਆਲੋਚਕਾਂ, ਨਾਮੀ ਕਦਰਦਾਨਾਂ ਵਲੋਂ ਕੀਤੀ ਗਈ ਹੈ। ਇਸ ਦਾਅਵੇ ਦੇ ਪ੍ਰਮਾਣ ਵਿਚ ਕੀ ਕੋਈ ਦਸਤਾਵੇਜ਼ ਹੈ।

9. ਕੀ ਸ਼ਿਲਪਕਾਰ/ਬੁਣਕਰ ਨੇ ਕਿਸੇ ਟ੍ਰੇਨਿੰਗ ਸੰਸਥਾ ਵਿਚ

ਟ੍ਰੇਨਿੰਗ ਦਿੱਤੀ ਹੈ। ਨਵੀਂ ਪੀੜ੍ਹੀ ਦੇ ਕਿੰਨੇ ਸ਼ਿਲਪਕਾਰਾਂ

ਨੂੰ ਟਰੇਂਡ ਕੀਤਾ।

10. ਕੀ ਸ਼ਿਲਪਕਾਰ/ਬੁਣਕਰ ਨੂੰ ਕੋਈ ਪੁਰਸਕਾਰ ਜਾਂ ਇਨਾਮ ਮਿਲਿਆ ਹੈ।

11. ਪ੍ਰਮੁੱਖ ਪ੍ਰਦਰਸ਼ਨੀਆਂ ਦਾ ਵੇਰਵਾ, ਜਿਨ੍ਹਾਂ ਵਿਚ ਸ਼ਿਲਪਕਾਰ/ ਬੁਣਕਰ ਨੇ ਆਪਣੀ ਕੁਸ਼ਲਤਾ ਦਾ ਪ੍ਰਦਰਸ਼ਨ ਜਾਂ ਕਲਾਕ੍ਰਿਤੀਆਂ ਦੇ ਪ੍ਰਦਰਸ਼ਨ ਲਈ ਹਿੱਸਾ ਲਿਆ।

12. ਸ਼ਿਲਪਕਾਰ/ਬੁਣਕਰ ਦੀ ਮਾਸਿਕ ਆਮਦਨ ਲਗਪਗ ਕਿੰਨੀ ਹੈ।

13. ਕੀ ਕੋਈ ਪ੍ਰਕਾਸ਼ਨ/ਖੋਜ-ਪੱਤਰ ਉਸ ਦੇ ਨਾਂ ਹੈ।

14. ਪੇਸ਼ ਕੀਤੇ ਗਏ ਸ਼ਿਲਪ ਨਮੂਨਿਆਂ ਦਾ ਵੇਰਵਾ

15. (ਕ) ਪੇਸ਼ ਕੀਤੇ ਗਏ ਸ਼ਿਲਪ ਨਮੂਨੇ/ਨਮੂਨੇ ਦਾ ਮੁੱਲ

(ਖ) ਕੀ ਨਮੂਨੇ ਸ਼ਿਲਪਕਾਰ/ਬੁਣਕਰ ਦੇ ਹੀ ਹਨ। ਜੇਕਰ ਨਹੀਂ ਤਾਂ ਉਹ/ਉਹ ਕਿਸ ਦਾ/ਕਿਸ ਦੇ ਹਨ।

16. ਸ਼ਿਲਪ ਵਿਚ ਸ਼ਿਲਪਕਾਰ/ਬੁਣਕਰ ਦੀ ਯੋਗਤਾ ਅਤੇ ਉਸ ਸ਼ਿਲਪ ਦੇ ਵਿਕਾਸ ਵਿਚ ਉਸ ਦੇ ਯੋਗਦਾਨ ਦੇ ਬਾਰੇ ਵਿਚ ਪ੍ਰਸਿੱਧ ਸੰਸਥਾਵਾਂ ਜਾਂ ਹਸਤਸ਼ਿਲਪ/ਹੱਥਖੱਡੀ ਦੇ ਖੇਤਰ ਵਿਚ ਮਾਹਿਰਤਾ ਪ੍ਰਾਪਤ ਵਿਅਕਤੀਆਂ ਤੋਂ ਪ੍ਰਾਪਤ ਪ੍ਰਮਾਣ-ਪੱਤਰ (ਜੇਕਰ ਕੋਈ ਹੋਵੇ)

17. ਪ੍ਰਾਪਤ ਪ੍ਰਸ਼ੰਸਾ ਪੱਤਰਾਂ ਦਾ ਵੇਰਵਾ, ਜੇਕਰ ਕੋਈ ਹੋਵੇ

18. ਸ਼ਿਲਪਕਾਰ/ਬੁਣਕਰ ਨਾਲ ਸਬੰਧਤ ਹੋਰ ਕੋਈ ਵੇਰਵਾ, ਜਿਸ ਦਾ ਜ਼ਿਕਰ ਇਨ੍ਹਾਂ ਕਾਲਮਾਂ ਵਿਚ ਨਹੀਂ ਕੀਤਾ ਗਿਆ ਹੈ।

19. ਰਾਸ਼ਟਰੀ ਪੁਰਸਕਾਰ ਲਈ ਐਂਟਰੀ ਦੇ ਸਿਰਜਣ ਵਿਚ

    ਆਇਆ ਕੁਲ ਖ਼ਰਚ

20. ਰਾਸ਼ਟਰੀ ਪੁਰਸਕਾਰ ਲਈ ਪੇਸ਼ ਐਂਟਰੀ/ਉਤਪਾਦ ਦੇ

    ਸਬੰਧ ਵਿਚ ਸੰਖੇਪ ਨੋਟ

21. ਕੀ ਐਂਟਰੀ ਪੂਰੀ ਤਰ੍ਹਾਂ ਖ਼ੁਦ ਬੇਨਤੀਕਰਤਾ ਵਲੋਂ ਬਣਾਈ ਗਈ ਹੈ ਜਾਂ ਉਸ ਨੇ ਹੋਰ ਕਲਾਕਾਰਾਂ ਦੀ ਸਹਾਇਤਾ ਵੀ ਲਈ ਹੈ।

    (ਕ) ਜੇਕਰ ਹਾਂ, ਤਾਂ ਇਸ ਸੰਦਰਭ ਵਿਚ ਲਈ ਗਈ ਸਹਾਇਤਾ ਦਾ ਵੇਰਵਾ

22. (ਕ) ਜੇਕਰ ਪੇਸ਼ ਕੀਤੀ ਗਈ ਕ੍ਰਿਤੀ ਨੂੰ ਸਰਕਾਰ ਖਰੀਦਣਾ ਚਾਹੇ ਤਾਂ ਕੀ ਤੁਸੀਂ ਇਸ ਨੂੰ ਵੇਚੋਗੇ।

    (ਖ) ਜੇਕਰ ਹਾਂ ਤਾਂ ਕ੍ਰਿਪਾ ਕਰਕੇ ਮੁੱਲ ਦਾ ਜ਼ਿਕਰ ਕਰੋ।

## ਪ੍ਰਮਾਣ ਪੱਤਰ

**I.**

ਚੁਣੇ ਗਏ ਨਮੂਨੇ/ਨਮੂਨਾ ਮਾਸਟਰ ਸ਼ਿਲਪਕਾਰ/ਬੁਣਕਰ ਸ੍ਰੀ/ਸ੍ਰੀਮਤੀ/ਕੁ. .............................. ਦੇ ਹੱਥੀਂ ਹੀ ਬਣਿਆ ਹੈ/ਹਨ ਅਤੇ ਇਸ ਸੰਬੰਧ ਵਿਚ ਸਟਾਮਪ ਪੇਪਰ ਉੱਤੇ ਪ੍ਰਥਮ ਸ਼੍ਰੇਣੀ ਦੇ ਜੱਜ ਵਲੋਂ ਵਿਧੀ ਪੂਰਵਕ ਦਸਤਖ਼ਤ ਵਾਲਾ ਸਹੁੰ ਪੱਤਰ ਨੱਥੀ ਹੈ।

(i) ਸ਼ਿਲਪਕਾਰ/ਬੁਣਕਰ ਦੇ
ਦਸਤਖ਼ਤ

ਸਿਫਾਰਸ਼ ਕਰਨ ਵਾਲੇ ਅਫ਼ਸਰ ਦੇ ਦਸਤਖ਼ਤ
ਜੇਕਰ ਉਹ ਰਾਜ ਪੱਧਰੀ ਚੋਣ ਕਮੇਟੀ ਦਾ
ਕਨਵੀਨਰ ਨਹੀਂ ਹੈ

ਰਾਜ ਪੱਧਰੀ ਚੋਣ ਕਮੇਟੀ
ਦੇ ਕਨਵੀਨਰ ਦੇ ਦਸਤਖ਼ਤ

**II.**

ਮੈਂ ਪ੍ਰਮਾਣਿਤ ਕਰਦਾ ਹਾਂ ਕਿ ਐਂਟਰੀ ਉਸ ਵਲੋਂ ਬਣਾਈ ਗਈ ਹੈ ਅਤੇ ਉਹ ਇਕ ਵਾਸਤਵਿਕ ਸ਼ਿਲਪਕਾਰ/ਬੁਣਕਰ ਹੈ।

ਐੱਮ ਐਂਡ ਐੱਸ.ਈ.ਸੀ. ਦੇ ਨਿਦੇਸ਼ਕ/
ਉਪ-ਨਿਦੇਸ਼ਕ/ਸਹਾਇਕ ਨਿਦੇਸ਼ਕ ਜਾਂ,
ਬੁਣਕਰ ਸੇਵਾ ਕੇਂਦਰ ਦੇ ਉਪ-ਨਿਦੇਸ਼ਕ/ਸਹਾਇਕ ਨਿਦੇਸ਼ਕ,
ਜਿਸ ਦੇ ਅਧਿਕਾਰ ਖੇਤਰ ਵਿਚ ਸ਼ਿਲਪਕਾਰ/ਬੁਣਕਰ ਆਉਂਦਾ ਹੈ ਦੇ ਦਸਤਖ਼ਤ

## ਰਾਸ਼ਟਰੀ ਪੁਰਸਕਾਰ ਦੇ ਕੰਪੀਟੀਸ਼ਨ ਲਈ ਆਪਣੀ ਐਂਟਰੀ ਭੇਜਣ ਵਾਲੇ ਸ਼ਿਲਪਕਾਰ/ਬੁਣਕਰ ਵਲੋਂ 5/- ਦੇ ਸਟਾਮਪ ਪੇਪਰ 'ਤੇ ਪੇਸ਼ ਕੀਤਾ ਜਾਏ

ਮੈਂ ਸ੍ਰੀ/ਕੁਮਾਰੀ ................................... ਪੁੱਤਰ/ਪਤਨੀ/ਪੁੱਤਰੀ ............................................. ਇਸ ਰਾਹੀਂ ਐਲਾਨ ਕਰਦਾ/ਕਰਦੀ ਹਾਂ ਅਤੇ ਵਚਨ ਦੇਂਦਾ/ਦੇਂਦੀ ਹਾਂ ਕਿ ਕ੍ਰਿਤੀ .................. (ਕ੍ਰਿਤੀ/ਸ਼ਿਲਪ ਦਾ ਨਾਂ) ਮੇਰੇ ਵਲੋਂ ਪੇਸ਼ ਕੀਤਾ ਗਿਆ ਹੈ ਅਤੇ ਮੈਂ ...................................... (ਸ਼ਿਲਪ ਦਾ ਨਾਂ) ਵਿਚ ਪਿਛਲੇ ............ ਸਾਲਾਂ ਤੋਂ ਕੰਮ ਕਰ ਰਿਹਾ ਹਾਂ।

ਮੈਂ ਵਚਨ ਦੇਂਦਾ ਹਾਂ ਕਿ ਉਪਰੋਕਤ ਵੇਰਵਾ ਗਲਤ ਹੋਣ ਤੇ ਮੇਰੇ ਖ਼ਿਲਾਫ਼ ਉਹ ਕਾਰਵਾਈ ਕੀਤੀ ਜਾਏ ਜੋ ਸਬੰਧਤ ਅਫ਼ਸਰ ਸਹੀ ਸਮਝੇ।

ਮੈਂ ਇਹ ਵੀ ਵਚਨ ਦੇਂਦਾ/ਦੇਂਦੀ ਹਾਂ ਕਿ ਮੈਂ ਰਾਸ਼ਟਰੀ ਪੁਰਸਕਾਰ ਲਈ ਉਪਰੋਕਤ ਐਂਟਰੀ .... ਆਪਣੇ ਖ਼ੁਦ ਦੇ ਜੋਖਿਮ ਤੇ ਜਿੰਮੇਵਾਰੀ 'ਤੇ ਭੇਜ ਰਿਹਾ/ਰਹੀ ਹਾਂ ਅਤੇ ਕਿਸੇ ਅਣ-ਕਿਆਸੇ ਕਾਰਨ ਨਾਲ ਐਂਟਰੀ ਦੇ ਭੇਜਣ ਜਾਂ ਟ੍ਰਾਂਸਪੋਟੇਸ਼ਨ ਦੇ ਦੌਰਾਨ ਨੁਕਸਾਨ ਜਾਂ ਚੋਰੀ ਹੋ ਜਾਣ ਦੇ ਕਾਰਨ ਹੋਏ ਨੁਕਸਾਨ ਲਈ ਭਾਰਤ ਸਰਕਾਰ, ਵਿਕਾਸ ਕਮਿਸ਼ਨਰ (ਹਸਤਸ਼ਿਲਪ)/ ਵਿਕਾਸ ਕਮਿਸ਼ਨਰ (ਹੱਥਖੱਡੀ) ਦਫ਼ਤਰ ਨੂੰ ਨੁਕਸਾਨ ਪੂਰਤੀ ਲਈ ਹਰਜ਼ਾਨੇ ਦਾ ਹੱਕ ਦੇਂਦਾ/ਦੇਂਦੀ ਹਾਂ।

ਪੂਰਾ ਨਾਂ ਤੇ ਪਤਾ
ਦਸਤਖ਼ਤ, ਤਾਰੀਖ ਸਹਿਤ

## ਜੀਵਨ ਵੇਰਵਾ ਪੇਸ਼ ਕਰਨ ਲਈ ਫਾਰਮ

ਨਾਂ (ਹਿੰਦੀ ਅਤੇ ਅੰਗ੍ਰੇਜ਼ੀ ਦੋਹਾਂ ਵਿਚ)

ਜਨਮ ਮਿਤੀ

ਪਤਾ

ਜਨਮ ਸਥਾਨ

ਪ੍ਰਾਪਤ ਸਿੱਖਿਆ/ਟਰੇਨਿੰਗ

ਸ਼ਿਲਪ-ਪਰੰਪਰਾ

ਕੁਲ ਯੋਗਦਾਨ (ਸ਼ਿਲਪ ਵਿਚ ਕਦੋਂ ਤੋਂ ਕੰਮ ਕਰ ਰਹੇ ਹੋ)

ਭਾਰਤ/ਵਿਦੇਸ਼ ਵਿਚ ਆਯੋਜਿਤ ਪ੍ਰਦਰਸ਼ਨੀ ਵਿਚ ਭਾਗੀਦਾਰੀ

ਹੋਰ ਕੋਈ ਮਹੱਤਵਪੂਰਨ ਸੂਚਨਾ

## ਟਿੱਪਣੀ

ਪੇਸ਼ ਕੀਤੇ ਗਏ ਸ਼ਿਲਪ ਜਾਂ ਕ੍ਰਿਤੀ ਦਾ ਇਤਿਹਾਸ ਤੇ ਨਿਰਮਾਣ ਪ੍ਰਕਿਰਿਆ ਦਾ ਵੇਰਵਾ ਦੇਂਦੇ ਹੋਏ ਇਕ ਸੰਖੇਪ ਪਿਛੋਕੜ ਸਬੰਧੀ ਨੋਟ ਨੱਥੀ ਕਰੋ।

ਸ਼ਿਲਪਕਾਰ/ਬੁਣਕਰ ਦਾ ਸੰਖੇਪ ਜੀਵਨ ਵੇਰਵਾ ਜਿੱਥੇ ਦੱਸਿਆ ਹੋਵੇ, ਫਾਰਮ ਵਿਚ ਸੂਚਨਾ ਹਿੰਦੀ ਅਤੇ ਅੰਗ੍ਰੇਜ਼ੀ ਦੋਹਾਂ ਵਿਚ ਭਰੀ ਜਾਏ।

**ਪਰਿਸ਼ਿਸ਼ਟ-VII**

# ਵਪਾਰ ਤੇ ਨਿਰਯਾਤ ਵਿਕਾਸ ਯੋਜਨਾ

## ਮੁੱਲਾਂਕਣ

### 1. ਭੂਮਿਕਾ

ਵਪਾਰ ਵਿਕਾਸ ਪ੍ਰੋਗਰਾਮ ਦੇ ਅਧੀਨ ਹੇਠ ਲਿਖੀਆਂ ਪ੍ਰਦਰਸ਼ਨੀਆਂ/ਆਯੋਜਨਾਂ/ਮੇਲਿਆਂ ਦਾ ਆਯੋਜਨ ਕੀਤਾ ਜਾਂਦਾ ਹੈ :-

* ਰਾਸ਼ਟਰੀ ਹੱਥਖੱਡੀ ਪ੍ਰਦਰਸ਼ਨੀਆਂ/ਵਿਸ਼ੇਸ਼ ਪ੍ਰਦਰਸ਼ਨੀਆਂ
* ਜ਼ਿਲ੍ਹਾ ਪੱਧਰੀ ਆਯੋਜਨ
* ਸ਼ਿਲਪ ਮੇਲੇ
* ਸ਼ਹਿਰੀ ਹਾਟ
* ਵਪਾਰ ਕੰਪਲੈਕਸ
* ਨਿਰਯਾਤ ਪਰਿਯੋਜਨਾਵਾਂ

ਉਪਰ ਲਿਖੇ ਆਯੋਜਨ 10ਵੀਂ ਯੋਜਨਾ ਵਿਚ ਆਯੋਜਿਤ ਕੀਤੇ ਗਏ ਹਨ ਅਤੇ ਇਨ੍ਹਾਂ ਦਾ ਆਯੋਜਨ 11ਵੀਂ ਯੋਜਨਾ ਪੀਰੀਅਡ ਵਿਚ ਵੀ ਜਾਰੀ ਰਖਿਆ ਗਿਆ ਹੈ। ਆਯੋਜਨ ਦਾ ਟੀਚਾ ਵਿਕਾਸ ਕਮਿਸ਼ਨਰ, ਹੱਥਖੱਡੀ ਦਫ਼ਤਰ ਵਲੋਂ ਸਾਲਾਨਾ ਅਧਾਰ 'ਤੇ ਨਿਰਧਾਰਤ ਕੀਤਾ ਜਾਂਦਾ ਹੈ। ਇਹ ਆਯੋਜਨ ਰਾਜ ਸਰਕਾਰਾਂ ਵਲੋਂ ਸਿਫਾਰਸ਼ ਕੀਤੀਆਂ ਕਾਰਜਕਾਰੀ ਏਜੰਸੀਆਂ ਵਲੋਂ ਆਯੋਜਿਤ ਕੀਤੇ ਜਾਂਦੇ ਹਨ।

### 2. ਮੁੱਲਾਂਕਣ ਦਾ ਪੀਰੀਅਡ

ਮੁੱਲਾਂਕਣ 11ਵੀਂ ਪੰਜ ਸਾਲਾ ਯੋਜਨਾ ਦੇ ਦੌਰਾਨ ਦੂਸਰੇ ਤੇ ਚੌਥੇ ਸਾਲ ਵਿਚ ਕੀਤਾ ਜਾਏਗਾ। ਮੁੱਲਾਂਕਣ ਅੰਕੜਿਆ ਦੇ ਸੰਗ੍ਰਹਿਤ ਕਰਨ ਦੇ ਪੀਰੀਅਡ ਸਹਿਤ ਤਿੰਨ ਮਹੀਨੇ ਵਿਚ ਪੂਰਾ ਕੀਤਾ ਜਾਏਗਾ।

### 3. ਮੁੱਲਾਂਕਣ ਦਾ ਦਾਇਰਾ

ਮੁੱਲਾਂਕਣ ਵਿਚ ਜਿਨ੍ਹਾਂ ਵਿਸ਼ਿਆਂ ਨੂੰ ਸ਼ਾਮਲ ਕੀਤਾ ਜਾਏਗਾ, ਉਨ੍ਹਾਂ ਵਿਚ ਹੇਠ ਲਿਖਿਆਂ ਨਾਲ ਸਬੰਧਤ ਅੰਕੜੇ ਵੀ ਸ਼ਾਮਲ ਹੋਣਗੇ :-

i. ਆਯੋਜਨ ਦਾ ਸਮਾਂ

ii. ਤਿਆਰੀ ਦੇ ਤੌਰ ਤੇ ਕੀਤਾ ਗਿਆ ਕੰਮ

iii. ਹਿੱਸੇਦਾਰਾਂ ਦੀ ਗਿਣਤੀ

iv. ਆਯੋਜਨਾਂ ਦੇ ਦੌਰਾਨ ਹੋਈ ਵਿਕਰੀ ਅਤੇ ਪ੍ਰਾਪਤ ਕੀਤੇ ਗਏ ਆਰਡਰ

v. ਹਿੱਸੇਦਾਰਾਂ ਤੋਂ ਪ੍ਰਾਪਤ ਫੀਡਬੈਕ

vi. ਪ੍ਰਕ੍ਰਿਆਤਮਕ ਅੜਚਨਾਂ, ਜੇਕਰ ਕੋਈ ਹੋਣ

vii. ਜਿਸ ਉਦੇਸ਼ ਨਾਲ ਮੇਲੇ ਦਾ ਆਯੋਜਨ ਕੀਤਾ ਗਿਆ, ਉਸ ਦੇ ਵਿਸ਼ੇਸ਼ ਸੰਦਰਭ ਵਿਚ ਮੇਲੇ ਦੀ ਉਪਯੋਗਤਾ ਦੇ ਬਾਰੇ ਵਿਚ ਰਾਜ ਸਰਕਾਰ/ਏਜੰਸੀ ਦੇ ਵਿਚਾਰ ਅਤੇ ਉਸ ਰਾਜ ਵਿਚ ਭਵਿੱਖ 'ਚ ਵੀ ਐਸੇ ਆਯੋਜਨ ਜਾਰੀ ਰਖਣ ਦੇ ਬਾਰੇ ਵਿਚ ਸਿਫਾਰਸ਼ਾਂ

## 4. ਮੁੱਲਾਂਕਣ ਰਿਪੋਰਟ

ਹਰੇਕ ਮੁੱਲਾਂਕਣ ਦੇ ਅੰਤ ਵਿਚ ਕਮੇਟੀ ਦੇ ਨਿਸ਼ਕਰਸ਼ਾਂ ਦਾ ਵੇਰਵਾ ਸ਼ਾਮਲ ਕਰਦੇ ਹੋਏ ਇਕ ਵਿਸਤ੍ਰਿਤ ਰਿਪੋਰਟ ਮੁੱਲਾਂਕਣ ਦੀ ਸਮਾਪਤੀ ਤੇ ਇਕ ਮਹੀਨੇ ਦੇ ਅੰਦਰ ਵਿਕਾਸ ਕਮਿਸ਼ਨਰ, ਹੱਥਖੱਡੀ ਦਫ਼ਤਰ ਨੂੰ ਪੇਸ਼ ਕੀਤੀ ਜਾਏਗੀ।

## 5. ਮੁੱਲਾਂਕਣ ਏਜੰਸੀ

ਮੁੱਲਾਂਕਣ ਅਧਿਅਨ ਵਿਕਾਸ ਕਮਿਸ਼ਨਰ (ਹੱਥਖੱਡੀ) ਵਲੋਂ ਪ੍ਰਵਾਨਿਤ ਇਕ ਸੁਤੰਤਰ ਏਜੰਸੀ ਵਲੋਂ ਕੀਤਾ ਜਾਏਗਾ।